PUNJABI UNIVERSITY PATIALA

ਬੀ.ਏ. ਭਾਗ ਤੀਜਾ — ਫਿਲਾਸਫੀ

ਸਮੈਸਟਰ-ਪੰਜਵਾਂ — ਪੱਛਮੀ ਦਰਸ਼ਨ ਸ਼ਾਸਤਰ ਦੀ ਹਿਸਟਰੀ

ਯੂਨਿਟ ਨੰਬਰ : 1

ਡਿਸਟੈਂਸ ਐਜੂਕੇਸ਼ਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
(ਸਭ ਹੱਕ ਰਾਖਵੇਂ ਹਨ)

ਯੂਨਿਟ ਨੰ:

1.1 : ਤੱਤ ਮੀਮਾਂਸਾ ਅਤੇ ਗਿਆਨ ਮੀਮਾਂਸਾ ਦੇ ਹਵਾਲੇ ਨਾਲ ਪੱਛਮੀ ਦਰਸ਼ਨ ਸ਼ਾਸਤਰ ਦੀਆਂ ਵਿਸ਼ੇਸ਼ਤਾਈਆਂ

1.2 : ਆਦਰਸ਼ਵਾਦ : ਵਸਤੂਪੂਰਕ (ਪਲੈਟੋ), ਆਤਮਪੂਰਕ (ਬ੍ਰਕਲੇ)

1.3 : ਪਦਾਰਥਵਾਦ : ਯਾਂਤਰਿਕ ਅਤੇ ਦਵੰਦਾਤਮਕ

1.4 : ਇਕ-ਤੱਤਵਵਾਦ (Monism)

1.5 : ਦਵੈਤਵਾਦ (Dualism)

1.6 : ਬਹੁਤਤਵਵਾਦ (Pluralism)

ਪਾਠ ਨੰ. 1.1 ਲੇਖਕ : ਪ੍ਰੋ.ਜੀ.ਐਸ.ਸੰਧੂ

# ਤੱਤ ਮੀਮਾਂਸਾ ਅਤੇ ਗਿਆਨ ਮੀਮਾਂਸਾ ਦੇ ਹਵਾਲੇ ਨਾਲ ਪੱਛਮੀ ਦਰਸ਼ਨ ਸ਼ਾਸ਼ਤਰ ਦੀਆਂ ਵਿਸ਼ੇਸ਼ਤਾਈਆਂ

**ਬਣਤਰ**

1.1.1 ਜਾਣ-ਪਹਿਚਾਣ

1.1.2 ਪੱਛਮੀ ਦਰਸ਼ਨ ਸ਼ਾਸ਼ਤਰ ਦਾ ਦ੍ਰਿਸ਼ਟੀਕੋਣ ਆਤਮਨਿਸ਼ਟ ਅਤੇ ਵਸਤੂ ਨਿਸ਼ਟ

1.1.3 ਨਵੇਂ ਤਰਕ ਸ਼ਾਸ਼ਤਰ ਦੇ ਵਿਕਾਸ ਨਾਲ ਆਤਮਿਕ ਦਰਸ਼ਨ ਦੀ ਗਤੀ ਨਾਲ ਤੀਬਰਤਾ

1.1.4 ਜਿੱਥੇ ਭਾਰਤੀ ਦਰਸ਼ਨ ਵਧੇਰੇ ਕਰਕੇ ਇੱਕ ਤੱਤਵਾਦੀ, ਉੱਥੇ ਪੱਛਮੀ ਦਰਸ਼ਨ ਸ਼ਾਸ਼ਤਰ ਇੱਕ ਤੱਤਵਾਦ ਦੇ ਨਾਲ ਨਾਲ ਦਵਾਇਤਵਾਦ ਨੇ ਅਨੇਕ ਤੱਤਵਾਦ ਨੂੰ ਵੀ ਮੰਨਦਾ ਹੈ।

1.1.5 ਪੱਛਮੀ ਦਰਸ਼ਨ ਸ਼ਾਸ਼ਤਰ ਦੀ ਰੁਚੀ ਸਰਵਵਿਆਪਕ ਹੈ।

1.1.6 ਪੱਛਮੀ ਦਰਸ਼ਨ ਸ਼ਾਸ਼ਤਰ ਦੀ ਇੱਕ ਸ਼ਾਖਾ ਗਿਆਨ ਮੀਮਾਂਸਾ ਹੈ।

1.1.7 ਪੱਛਮੀ ਦਰਸ਼ਨ ਸ਼ਾਸ਼ਤਰ ਦੇ ਤਿੰਨ ਸਿਧਾਂਤ

1.1.8 ਸਾਰ

1.1.9 ਆਪਣੇ ਗਿਆਨ ਦੀ ਪਰਖ ਕਰੋ

## 1.1.1 ਜਾਣ-ਪਹਿਚਾਣ

ਪੁਰਾਤਨ ਪੱਛਮੀ ਦਰਸ਼ਨ ਸ਼ਾਸ਼ਤਰ ਦੀ ਉੱਤਪਤੀ ਯੂਨਾਨ ਵਿੱਚ ਹੋਈ। ਜਿਸ ਵਿੱਚ ਥੇਲਜ਼, ਅਨੈਕਸੀਮੈਂਡਰ, ਅਨੈਕਸ਼ੀਮੀਨਜ਼, ਪੈਥਾਗੋਰਸ, ਐਂਪੀਡੋਕਲੀਸ, ਹੈਰਾਕਲਾਈਟਸ, ਪਾਰਮੀਨਾਈਡਜ਼, ਡੈਮੋਕਰਾਈਟਸ, ਸੁਕਰਾਤ, ਪਲੈਟੋ ਤੇ ਅਰਸਤੂ ਜਿਹੇ ਮਹਾਨ ਯੂਨਾਨੀ ਦਾਰਸ਼ਨਿਕਾਂ ਨੇ ਯੋਗਦਾਨ ਪਾਇਆ ਸੀ। ਜਿਵੇਂ ਕਿ ਇਹਨਾਂ ਦਾਰਸ਼ਨਿਕਾਂ ਦੀ ਸਭ ਤੋਂ ਵੱਡੀ ਸਮੱਸਿਆ ਉਸ ਮੂਲ ਤੱਤ ਨੂੰ ਲੱਭਣ ਦੀ ਸੀ ਜਿਸ ਤੋਂ ਸਾਰੇ ਸੰਸਾਰ ਦੀ ਉੱਤਪਤੀ ਹੋਈ ਹੈ। ਜਿਥੇ ਥੇਲਜ਼ ਨੇ 'ਪਾਣੀ' ਨੂੰ ਇਕ ਦ੍ਰਵ ਮੰਨਿਆ ਉਥੇ ਐਮਪੀਡੋਕਲੀਜ਼ ਨੇ ਚਾਰ ਦ੍ਰਵਾਂ ਦੀ ਗੱਲ ਕੀਤੀ। ਪ੍ਰੰਤੂ ਅਣੂਵਾਦੀਆਂ ਨੇ ਅਣਗਿਣਤ ਅਣੂਆਂ ਨੂੰ ਦ੍ਰਵ ਆਖਿਆ। ਹੈਰਾਕਲਾਈਟਸ ਪਰਿਵਰਤਨਸ਼ੀਲ ਦ੍ਰਵ 'ਅੱਗ' ਦੀ ਗੱਲ ਕਰਦਾ ਹੈ। ਪ੍ਰੰਤੂ ਪਾਰਮਾਨਾਈਡਜ਼ ਨੇ ਸਥਿਰ ਤੇ ਸਦੀਵੀ ਦ੍ਰਵ ਦੀ ਗੱਲ ਕੀਤੀ ਹੈ। ਮੁੱਖ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਦਰਸ਼ਨ ਵਾਂਗ ਪੁਰਾਤਨ ਪੱਛਮੀ ਦਰਸ਼ਨ ਸ਼ਾਸ਼ਤਰ ਦਾ ਸਰੂਪ ਵਧੇਰੇ ਕਰਕੇ ਤੱਤ ਮੀਮਾਂਸਕ ਹੀ ਰਿਹਾ ਹੈ।

**1.1.2** ਪੱਛਮੀ ਦਰਸ਼ਨ ਸ਼ਾਸਤਰ ਦੀ ਸ਼ੁਰੂਆਤ ਯੂਨਾਨੀ ਫਲਸਫ਼ੇ ਨਾਲ ਹੋਈ ਜੋ ਇਕ ਪ੍ਰਾਕਿਰਤੀਵਾਦੀ ਦਰਸ਼ਨ ਹੈ। ਯੂਨਾਨੀਆਂ ਨੇ ਸਭ ਤੋਂ ਪਹਿਲਾਂ ਗਣਿਤ ਦੀ ਖੋਜ ਕੀਤੀ ਅਤੇ ਵਿਗਿਆਨ ਅਤੇ ਦਰਸ਼ਨ ਦੀ ਨੀਂਹ ਰੱਖੀ। ਧਰਮ-ਦੇਵੀ ਦੇਵਤਿਆਂ ਤੋਂ ਮੂੰਹ ਮੋੜਕੇ ਤੱਥਾਂ ਦੇ ਆਧਾਰ ਉਪਰ ਆਪਣੀ ਖੋਜ ਜਾਰੀ ਰੱਖੀ। ਸਭ ਤੋਂ ਪਹਿਲੇ ਯੂਨਾਨੀ ਦਾਰਸ਼ਨਿਕ ਥੇਲਜ਼ ਨੇ ਸੰਸਾਰ ਦੀ ਤੱਤ ਵਿਗਿਆਨਕ ਵਿਆਖਿਆ ਪ੍ਰਾਕਿਰਤੀਵਾਦ ਰਾਹੀਂ ਕੀਤੀ ਜਿਸਨੂੰ ਵਿਗਿਆਨਕ

ਕਿਹਾ ਗਿਆ ਹੈ। ਵਿਸ਼ਵ ਦੀ ਵਿਆਖਿਆ ਨਾ ਤਾਂ ਪ੍ਰਾਭੌਤਿਕ ਸ਼ਬਦਾਂ ਰਾਹੀਂ ਕੀਤੀ ਜਿਸਨੂੰ ਵਿਗਿਆਨਕ ਕਿਹਾ ਗਿਆ ਹੈ। ਵਿਸ਼ਵ ਦੀ ਵਿਆਖਿਆ ਨਾ ਤਾਂ ਪ੍ਰਾਭੌਤਿਕ ਸ਼ਬਦਾਂ ਰਾਹੀਂ ਅਤੇ ਨਾ ਹੀ ਦੈਵੀ ਦੇਵਤਿਆਂ ਦੀਆਂ ਸ਼ਕਤੀਆਂ ਰਾਹੀਂ ਕੀਤੀ ਸਗੋਂ ਪ੍ਰਾਕਿਰਤਕ ਆਧਾਰ ਉੱਪਰ ਕੀਤੀ ਜਿਸਦਾ ਪ੍ਰਭਾਵ ਬਾਕੀ ਯੂਨਾਨੀ ਵਿਚਾਰਾਂ ਉੱਪਰ ਪਿਆ। ਜਿਥੇ ਥੇਲਜ਼ ਨੇ ਸੰਸਾਰ ਦੀ ਉਤਪਤੀ ਦਾ ਆਧਾਰ ਪਾਣੀ ਨੂੰ ਮੰਨਿਆ ਉਥੇ ਬਾਅਦ ਵਾਲੇ ਦਾਰਸ਼ਨਿਕ ਅਨੈਕਸੀਮੀਨਜ਼ ਨੇ ਸੰਸਾਰ ਦੀ ਵਿਆਖਿਆ ਮੂਲ ਤੱਤ 'ਹਵਾ' ਦੁਆਰਾ ਦਿੱਤੀ ਪਰੰਤੂ ਐਮੀਡੋਕਲੀਜ਼ ਨੇ ਪਾਣੀ, ਅੱਗ, ਹਵਾ ਅਤੇ ਮਿੱਟੀ ਚਾਰ ਤੱਤਾਂ ਨੂੰ ਸੰਸਾਰ ਅਤੇ ਸਾਰੇ ਬ੍ਰਹਮੰਡ ਲਈ ਮੂਲ ਤੱਤ ਦੇ ਤੌਰ ਤੇ ਮੰਨਿਆ। ਪੈਥਾਗੋਰਸ ਨੇ ਕਿਹਾ ਕਿ ਸੰਸਾਰ ਵਿੱਚ ਜੋ ਅਨੁਪਾਤ, ਵਿਵਸਥਾ ਅਤੇ ਇਕਸੁਰਤਾ ਵਿਖਾਈ ਦਿੰਦੀ ਹੈ, ਉਸਦੀ ਵਿਆਖਿਆ 'ਸੰਖਿਆ' ਦੁਆਰਾ ਸਪਸ਼ਟ ਕੀਤੀ ਜਾ ਸਕਦੀ ਹੈ। ਪਾਰਮੀਨਾਡੀਜ਼ ਇਕਵਾਦੀ ਤੱਤ ਮੀਮਾਂਸੀ ਹੋਇਆ ਹੈ। ਇਕਵਾਦੀ ਤੱਤ ਮੀਮਾਂਸਾ ਭੌਤਿਕਵਾਦੀ ਵੀ ਹੋ ਸਕਦਾ ਹੈ ਅਤੇ ਅਧਿਆਤਮਵਾਦੀ ਵੀ ਇਸਦਾ ਪ੍ਰਭਾਵ ਪਲੇਟੋ ਦੇ ਵਿਚਾਰਵਾਦ ਉਪਰ ਵੀ ਪ੍ਰਤੀਤ ਦਿਖਾਈ ਦਿੰਦਾ ਹੈ।

ਜਿਥੇ ਪਾਰਮੀਨਾਡੀਜ਼ ਪਰਮ ਹਸਤੀ (being) ਨੂੰ ਮੂਲ ਤੱਤ ਮੰਨਦਾ ਹੈ ਜੋ ਅਟੱਲ, ਸਦੀਵੀ, ਸੰਪੂਰਨ ਅਤੇ ਅਪਰਿਵਰਤਨਸ਼ੀਲ ਹੈ ਅਤੇ ਉਸ ਅਨੁਸਾਰ ਅਨੇਕਤਾ ਅਤੇ ਗਤੀ ਇਕ ਭ੍ਰਮ ਹੈ ਪਰੰਤੂ ਇਸਦੇ ਵਿਪਰੀਤ ਹੈਰਾਕਲਾਈਟਸ ਦਾ ਮੱਤ ਹੈ ਕਿ ਸੰਭਵਨ (becoming) ਇਕ ਮਾਤਰ ਸੱਚ ਹੈ ਜੋ ਭਾਵ ਅਤੇ ਅਭਾਵ ਦੇ ਵਿਰੋਧੀ ਤੱਤਾਂ ਦਾ ਖੇਲ ਹੈ। ਜਦੋਂ ਤੱਕ ਭਾਵ ਅਤੇ ਅਭਾਵ ਵਿਚਕਾਰ ਸੰਤੁਲਨ ਰਹਿੰਦਾ ਹੈ, ਵਸਤੂਆਂ ਦੀ ਹੋਂਦ ਬਣੀ ਰਹਿੰਦੀ ਹੈ ਜਦੋਂ ਅਭਾਵ ਪ੍ਰਬਲ ਹੋ ਜਾਂਦਾ ਹੈ ਤਾਂ ਵਸਤੂਆਂ ਦਾ ਅੰਤ ਹੋ ਜਾਂਦਾ ਹੈ। ਬਾਅਦ ਵਿੱਚ ਹੀਗਲ ਨੇ ਭਾਵ ਅਤੇ ਅਭਾਵ ਅਤੇ ਸੰਭਵਨ ਨੂੰ ਤ੍ਰੈਪੱਦੀ ਵਿਧੀ ਦਾ ਪਹਿਲਾ ਕਦਮ ਦੱਸਿਆ।

ਪ੍ਰਮਾਣੂਵਾਦ ਯੂਨਾਨੀ ਦਾਰਸ਼ਨਿਕ ਅਤੇ ਵਿਗਿਆਨਕ ਵਿਚਾਰਧਾਰਾ ਦਾ ਪ੍ਰਮੁੱਖ ਅੰਗ ਹੈ। ਪਰਮਾਣੂਵਾਦੀਆਂ ਨੇ ਐਮੀਡੋਕਲੀਜ਼ ਦੇ ਚਾਰ ਮੂਲ ਤੱਤਾਂ - ਪਾਣੀ, ਅੱਗ, ਹਵਾ ਅਤੇ ਮਿੱਟੀ ਨੂੰ ਵਿਗਿਆਨਕ ਰੂਪ ਦੇ ਕੇ ਇਹਨਾਂ ਦੇ ਸਵਰੂਪ ਨੂੰ ਸਪਸ਼ਟ ਕੀਤਾ ਲਿਊਕਿਪਸ ਅਨੁਸਾਰ ਖਾਲੀ ਪੁਲਾੜ (empty space) ਵੀ ਸੱਚ ਹੈ। ਵਸਤੂਆਂ ਦੀ ਅਨੇਕਤਾ ਅਤੇ ਉਹਨਾਂ ਵਿੱਚ ਗਤੀ ਦਾ ਹੋਣਾ ਵੀ ਇਕ ਸਚਾਈ ਹੈ। ਅਨੈਕਸਾਗੋਰਸ ਅਨੁਸਾਰ ਮਿਸ਼ਰਤ ਅਵਸਥਾ (choas) ਵਿਚ ਨਾਊਸ (Nous) ਗਤੀ ਪੈਦਾ ਕਰਦਾ ਹੈ ਜੋ ਸਾਰੇ ਵਿਸ਼ਵ ਵਿੱਚ ਫੈਲ ਜਾਂਦੀ ਹੈ।

ਸੋਫਿਸਟਾਂ ਨੇ ਯੂਨਾਨੀ ਵਿਚਾਰਧਾਰਾ ਵਿੱਚ ਇਕ ਨਵਾਂ ਮੋੜ ਲਿਆਂਦਾ। ਅਜੇ ਤੱਕ ਯੂਨਾਨੀ ਵਿਚਾਰਕ ਸ਼ੁਧ ਵਿਗਿਆਨਕ ਸਨ ਅਤੇ ਪ੍ਰਾਕਿਰਤੀ ਹੀ ਉਹਨਾਂ ਦੇ ਵਿਚਾਰ ਦਾ ਮੁੱਖ ਵਿਸ਼ਾ ਸੀ ਜਿਸਨੂੰ ਸ੍ਰਿਸ਼ਟੀ-ਮੀਮਾਸਾਂ (cosmology) ਕਿਹਾ ਗਿਆ ਹੈ। ਪਰੰਤੂ ਸੋਫ਼ਿਸਟਾ ਦੀ ਵਿਚਾਰਧਾਰਾ ਨੂੰ ਮਾਨਵ-ਕੇਂਦਰਿਤ ਕਿਹਾ ਜਾ ਸਕਦਾ ਹੈ। ਮਾਨਵ-ਕੇਂਦਰਿਤ ਵਿਚਾਰਧਾਰਾ ਉਹ ਹੁੰਦੀ ਹੈ ਜਿਸ ਅੰਦਰ ਮਨੁੱਖੀ ਦੁਆਰਾ ਪ੍ਰਾਪਤ ਗਿਆਨ, ਉਸਦਾ ਆਚਾਰ ਅਤੇ ਧਰਮ ਅਤੇ ਉਸਦੀ ਰਾਜਨੀਤੀ ਆਦਿ ਵਿਸ਼ਿਆਂ ਉਪਰ ਚਰਚਾ ਕੀਤੀ ਜਾਂਦੀ ਹੈ ਸੋਫ਼ਿਸਟਾਂ ਨੂੰ ਉਪਯੋਗਤਾਵਾਦੀ ਅਤੇ ਵਿਵਹਾਰਿਕਤਾਵਾਦੀ ਵੀ ਕਿਹਾ ਗਿਆ ਹੈ। ਜਿਸ ਅਨੁਸਾਰ ਉਹੀ ਸੱਚ ਹੈ ਜਿਸ ਦੁਆਰਾ ਸਫਲਤਾ ਪ੍ਰਾਪਤ ਹੁੰਦੀ ਹੈ ਜਾਂ ਜੋ ਲਕਸ਼ ਦੀ ਪੂਰਤੀ ਕਰਦਾ ਹੈ। ਪ੍ਰੋਟਾਗੋਰਸ ਮੰਨਦਾ ਹੈ,'' ਮਨੁੱਖੀ ਸਾਰੀਆਂ ਗੱਲਾਂ ਦਾ ਮਾਪਦੰਡ ਹੈ। ਉਹ ਹੀ ਵਾਸਤਵਿਕ ਹੈ ਅਤੇ ਜੋ ਨਹੀਂ ਹੈ ਉਹ ਵਾਸਤਵਿਕ ਨਹੀਂ ਹੈ''(Man is the measure of all things of what is, that it is, of what is not, that it is not)ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਸੋਫ਼ਿਸਟਾਂ ਅਨੁਸਾਰ ਗਿਆਨ ਆਤਮਨਿਸ਼ਠ ਹੁੰਦਾ ਹੈ ਅਤੇ ਵਿਅਕਤੀਗਤ ਹੁੰਦਾ ਹੈ। 'ਹਰੇਕ ਵਿਅਕਤੀ ਨੂੰ ਜੋ ਦਿਖਾਈ ਦਿੰਦਾ ਹੈ, ਉਸ ਲਈ ਉਹੀ ਸੱਚ ਹੈ। ਪਰੰਤੂ ਸੁਕਰਾਤ ਅਨੁਸਾਰ ਵਿਗਿਆਨ ਦਾ ਗਿਆਨ ਸਰਵ-ਵਿਆਪੀ ਅਤੇ ਵਸਤੂਨਿਸ਼ਠ ਹੁੰਦਾ ਹੈ ਨਾ ਕਿ ਆਤਮਨਿਸ਼ਠ। ਗਿਆਨ ਕੇਵਲ ਸੰਕਲਪ (concept) ਦੇ ਦੁਆਰਾ ਪ੍ਰਾਪਤ ਹੁੰਦਾ ਹੈ (knowledge is through concepts)

ਇੰਜ ਅਸੀਂ ਇਸ ਨਤੀਜੇ ਉੱਪਰ ਪਹੁੰਚਦੇ ਹਾਂ ਕਿ ਇਹਨਾਂ ਯੂਨਾਨੀ ਦਾਰਸ਼ਨਿਕਾਂ ਨੇ ਬਿਨਾਂ ਸੁਆਰਥ ਦੀ ਭਾਵਨਾ ਤੋਂ ਪ੍ਰਾਕਿਰਤੀ ਦੇ ਸਰੂਪ ਦਾ ਅਧਿਐਨ ਕੀਤਾ ਅਤੇ ਸਿੱਟੇ ਵਜੋਂ ਉਹਨਾਂ ਦ੍ਰਿਸ਼ਟੀਕੋਣ ਵਿਗਿਆਨਕ ਬਣ ਗਿਆ। ਉਹਨਾਂ ਨੇ ਸਾਡੇ ਸਾਹਮਣੇ ਅਜਿਹੇ ਪ੍ਰਸ਼ਨ ਰੱਖੇ ਹਨ ਜਿਨ੍ਹਾਂ ਵਿੱਚ ਜਗਤ ਦੀ ਸਚਾਈ ਨੂੰ ਸਮਝਣ ਦੀ ਜਿਗਿਆਸਾ ਪ੍ਰਤੀਤ ਹੁੰਦੀ ਹੈ। ਇਹਨਾਂ ਪ੍ਰਸ਼ਨਾਂ ਰਾਹੀ ਉਹ ਪੁੱਛਦੇ ਹਨ-ਸੱਚ ਕੀ ਹੈ? ਹੋਂਦ ਦਾ ਕੀ ਭਾਵ ਹੈ। ਸਾਰੇ ਪਦਾਰਥਾਂ ਦਾ ਉਪਾਦਾਨ ਕਾਰਣ ਕੀ ਹੈ? ਇਹਨਾਂ ਪ੍ਰਸ਼ਨਾਂ ਰਾਂਹੀ ਇਹ ਯੂਨਾਨੀ ਵਿਚਾਰਕ ਜਗਤ ਦੇ ਮੂਲ ਤੱਤ ਨੂੰ ਸਮਝਣ ਦਾ ਯਤਨ ਕਰਦੇ ਹਨ ਅਤੇ ਨਾਲ ਹੀ ਇਹ ਜਗਤ ਦੇ ਬਾਹਰਲੇ ਸਰੂਪ ਤੋਂ ਮੂਲ ਸੱਤਾ ਵਿੱਚ ਭੇਦ ਕਰਨ ਦੀ ਕੋਸ਼ਿਸ਼ ਕਰਦੇ ਹਨ।

ਇਹਨਾਂ ਦਾਰਸ਼ਨਿਕਾਂ ਨੇ ਇਕ ਹੋਰ ਪ੍ਰਸ਼ਨ ਇਹ ਰੱਖਿਆ, ਮੈਂ ਕੀ ਹਾਂ? ਇਸ ਪ੍ਰਸ਼ਨ ਨਾਲ ਸੰਬੰਧ ਅੰਤਰ ਆਤਮਾ ਦਾ ਹੈ। ਪਹਿਲਾਂ ਦਾਰਸ਼ਨਿਕਾਂ ਨੇ ਪ੍ਰਾਕਿਰਤੀ ਦੇ ਨਿਯਮਾਂ ਨੂੰ ਪ੍ਰਾਕ੍ਰਿਤਕ ਵਿਗਿਆਨਾਂ ਦੇ ਰੂਪ ਵਿੱਚ ਸਮਝਣ ਦੀ ਕੋਸ਼ਿਸ਼ ਕੀਤੀ ਫਿਰ ਇਹਨਾਂ ਨੇ ਮਨੁੱਖਾਂ ਦੇ ਆਪਸੀ ਭੇਦ ਨੂੰ ਸਮਝਦੇ ਹੋਏ ਅੰਤਰ ਆਤਮਾ ਦੀ ਹਕੀਕਤ ਨੂੰ ਸਮਝਣ ਦਾ ਯਤਨ ਕੀਤਾ ਹੈ। ਸੁਕਰਾਤ ਨੇ ਆਤਮ-ਜਿਗਿਆਸਾ ਦਾ ਪ੍ਰਸ਼ਨ ਉਠਾਇਆ ਅਤੇ ਆਤਮ-ਚਿੰਤਨ ਦੀ ਪ੍ਰੇਰਨਾ ਦਿੱਤੀ। ਇਸਤੋਂ ਇਲਾਵਾ ਇਕ ਹੋਰ ਪ੍ਰਸ਼ਨ ਕੀਤਾ ਇਹ ਜਗਤ ਇਕ ਹੀ ਹੈ ਜਾਂ ਹੋਰ ਅਨੇਕਾਂ ਅਜਿਹੇ ਜਗਤ ਹਨ? ਇਸ ਪ੍ਰਸ਼ਨ ਬਾਰੇ ਯੂਨਾਨੀ ਦਾਰਸ਼ਨਿਕ ਨੇ ਸੋਚਣ ਦੀ ਕੋਸ਼ਿਸ਼ ਕੀਤੀ।

1.4 ਜਿਥੇ ਭਾਰਤੀ ਦਰਸ਼ਨ ਵਿਚ ਸੰਸਲੇਸ਼ਣ ਵਿਧੀ ਉਪਰ ਜ਼ੋਰ ਦਿੱਤਾ ਗਿਆ ਹੈ ਉਥੇ ਪੱਛਮੀ ਦਰਸ਼ਨ ਸ਼ਾਸ਼ਤਰ ਵਿੱਚ ਇਸ ਦੇ ਨਾਲ ਨਾਲ ਵਿਸ਼ਲੇਸ਼ਣਾਤਮਕ ਵਿਧੀ, ਦਵੰਦਾਤਮਕ ਵਿਧੀ, ਨਿਗਮਨਤਾਮਕ ਵਿਧੀ, ਅਤੇ ਆਗਮਨਾਤਮਿਕ ਵਿਧੀ ਉਪਰ ਵੀ ਜ਼ੋਰ ਦਿੱਤਾ ਗਿਆ ਹੈ। ਪੱਛਮੀ ਦਰਸ਼ਨ ਸ਼ਾਸ਼ਤਰ ਵਿੱਚ ਗਿਆਨ ਦੀ ਪ੍ਰਾਪਤੀ ਲਈ ਮਨੁੱਖ ਦੇ ਅਨੁਭਵ, ਬੁੱਧੀ (ਤਰਕ) ਤੇ ਅੰਤਰ ਦ੍ਰਿਸ਼ਟੀ ਨੂੰ ਜ਼ਰੂਰੀ ਸ੍ਰੋਤ ਦੇ ਤੌਰ ਤੇ ਮੰਨਿਆ ਗਿਆ ਹੈ ਜਿਵੇਂ ਪੱਛਮੀ ਦਰਸ਼ਨ ਸ਼ਾਸ਼ਤਰ ਦੇ ਫਲਸਫ਼ੇ ਉਪਰ ਝਾਤ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਜਿਥੇ ਬੁਧੀਵਾਦੀਆਂ ਜਿਵੇਂ ਡੇਕਾਰਟੇ, ਸਪਾਇਨੋਜ਼ਾ ਤੇ ਲਾਇਬਨੀਜ਼ ਨੇ ਬੁੱਧੀ ਜਾਂ ਤਰਕ ਨੂੰ ਹੀ ਗਿਆਨ ਦਾ ਸ੍ਰੋਤ ਮੰਨਿਆ ਹੈ ਉਥੇ ਅਨੁਭਵਵਾਦੀਆਂ ਜਿਵੇਂ ਲਾਕ, ਬਰਕਲੇ ਅਤੇ ਹਿਊਮ ਨੇ ਅਨੁਭਵ ਨੂੰ ਹੀ ਗਿਆਨ ਦਾ ਇਕੋ ਇਕ ਸ੍ਰੋਤ ਮੰਨਿਆ ਹੈ। ਜਰਮਨ ਫਿਲਾਸਫਰ ਕਾਂਟ ਨੇ ਗਿਆਨ ਲਈ ਇਨ੍ਹਾਂ ਦੋਵਾਂ ਦਾ ਸੁਮੇਲ ਹੋਣਾ ਜ਼ਰੂਰੀ ਕਿਹਾ ਹੈ। ਫਰਾਂਸੀਸੀ ਦਾਰਸ਼ਨਿਕ ਬਰਗਸਾਂ ਨੇ ਬੁੱਧੀ ਨਾਲੋਂ ਅੰਤਰ-ਦ੍ਰਿਸ਼ਟੀ ਉਪਰ ਵਧੇਰੇ ਜ਼ੋਰ ਦਿੱਤਾ ਹੈ।

ਪੱਛਮੀ ਦਰਸ਼ਨ ਸ਼ਾਸ਼ਤਰ ਦਾ ਦ੍ਰਿਸ਼ਟੀਕੋਣ ਆਤਮਨਿਸ਼ਠ ਤੇ ਵਸਤੂਨਿਸ਼ਠ ਰਿਹਾ ਹੈ। ਯੂਨਾਨੀ ਦਾਰਸ਼ਨਿਕ ਸੁਕਰਾਤ ਨੇ ਆਪਣੇ-ਆਪੇ (know thyself) ਨੂੰ ਪਹਿਚਾਨਣ ਉਪਰ ਜ਼ੋਰ ਦਿੱਤਾ ਹੈ। ਆਧੁਨਿਕ ਯੁੱਗ ਵਿਚ ਅਸਤਿਤਵਾਦੀਆਂ ਨੇ ਮਨੁੱਖ ਨੂੰ ਸ੍ਰਿਸ਼ਟੀ ਦਾ ਕੇਂਦਰ ਮੰਨਿਆ ਹੈ। ਪ੍ਰੰਤੂ ਬਹੁਤ ਸਾਰੇ ਪੱਛਮੀ ਦਾਰਸ਼ਨਿਕਾਂ ਦਾ ਦ੍ਰਿਸ਼ਟੀਕੋਣ ਵਸਤੂਨਿਸ਼ਠ ਵੀ ਰਿਹਾ ਹੈ ਖਾਸ ਕਰਕੇ ਪਦਾਰਥਵਾਦੀ ਤੇ ਯਥਾਰਥਵਾਦੀ ਦਾਰਸ਼ਨਿਕਾਂ ਦਾ। ਭਾਵੇਂ ਕੁਝ ਪੱਛਮੀ ਦਾਰਸ਼ਨਿਕ ਕਿਤੇ ਕਿਤੇ ਅਧਿਆਤਮਕਵਾਦ ਦੀ ਗੱਲ ਕਰਦੇ ਹਨ ਪਰ ਵਧੇਰੇ ਕਰਕੇ ਦਾਰਸ਼ਨਿਕਾਂ ਦਾ ਰਵੱਈਆ ਪਦਾਰਥਵਾਦੀ ਤੇ ਯਥਾਰਥਵਾਦੀ ਰਿਹਾ ਹੈ ਜਿਵੇਂ ਯੂਨਾਨ ਵਿੱਚ ਅਣੂਵਾਦੀਆਂ ਨੇ ਅਣੂ (atom) ਨੂੰ ਹੀ ਸੰਸਾਰ ਦਾ ਇਕ ਮਾਤਰ ਦ੍ਰਵ ਮੰਨਿਆ ਹੈ। ਆਧੁਨਿਕ ਯੁੱਗ ਵਿੱਚ ਕਾਰਲ ਮਾਰਕਸ ਅਤੇ ਲੇਨਿਨ ਨੇ ਪਦਾਰਥਵਾਦੀ ਫਲਸਫ਼ਾ ਪੇਸ਼ ਕੀਤਾ ਹੈ।

ਆਧੁਨਿਕ ਪੱਛਮੀ ਸ਼ਾਸ਼ਤਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਪ੍ਰਭੂਤਾ ਵਿੱਚ ਵਿਸ਼ਵਾਸ ਨਹੀਂ ਰੱਖਦਾ। ਮੱਧਯੁੱਗ ਵਿੱਚ ਤਕਨੀਕੀ ਵਿਚਾਰਾਂ ਤੇ ਵੀ ਬਾਈਬਲ ਅਤੇ ਆਰਸਤੂ ਦਾ ਪ੍ਰਭਾਵ ਸੀ। ਫਿਲਾਸਫੀ ਵਿੱਚ ਆਧੁਨਿਕ ਯੁੱਗ ਦੇ ਇਤਿਹਾਸ ਨੂੰ ਵਿਚਾਰਾਤਮਕ ਚੇਤਨਾ ਦੇ ਜਾਗਣ ਦਾ ਯੁੱਗ ਮੰਨਿਆ ਜਾਂਦਾ ਹੈ ਕਿਉਂਕਿ ਇਸ ਵਿੱਚ ਆਲੋਚਨਾ ਦੀ ਤੀਬਰਤਾ ਹੈ, ਪ੍ਰਭੂਤਾ ਅਤੇ ਪਰੰਪਰਾ ਦੇ ਵਿਰੁੱਧ ਕ੍ਰਾਂਤੀ ਹੈ। ਸਮੂਹਵਾਦ ਦਾ ਵਿਰੋਧ ਹੈ, ਵਿਚਾਰ ਦੀ

ਸੁਤੰਤਰਤਾ ਦੀ ਮੰਗ ਹੈ ਅਤੇ ਭਾਵਨਾ ਤੇ ਕਰਮ ਦੀ ਵੀ ਸੁਤੰਤਰਤਾ ਹੈ। ਪੁਨਰ-ਜਾਗਰਤੀ ਦੇ ਪਰਿਵਰਤਨਸ਼ੀਲ ਯੁੱਗ ਵਿੱਚ ਤੇ ਪੁਨਰ-ਨਿਰਮਾਣ ਦੇ ਕਾਲ ਵਿੱਚ ਜੋ ਚੇਤਨਾ ਕੰਮ ਕਰ ਰਹੀ ਹੈ ਅਤੇ ਉਹੀ ਇਹਨਾਂ ਸਦੀਆਂ ਵਿੱਚ ਲਗਾਤਾਰ ਕ੍ਰਿਆਸ਼ੀਲ ਰਹੀ ਹੈ ਅਤੇ ਹਾਲੇ ਤੱਕ ਆਪਣਾ ਕਾਰਜ ਕਰ ਰਹੀ ਹੈ। ਹੁਣ ਵਿਗਿਆਨ ਵਿੱਚ ਤਰਕ ਨੇ ਆਪਣੀ ਪ੍ਰਭੂਤਾ ਕਾਇਮ ਕਰ ਲਈ ਹੈ। ਅੱਜ ਦੇ ਉੱਚ-ਬੋਧਿਕ ਜੀਵਨ ਦੇ ਸਮੇਂ ਵਿੱਚ ਮੱਧਯੁੱਗ ਦਾ ਪ੍ਰਭਾਵ ਖਤਮ ਹੋ ਗਿਆ ਹੈ। ਹੁਣ ਮਨੁੱਖੀ ਬੁੱਧੀ ਦੀ ਸ਼ਕਤੀ ਵਿੱਚ ਸਾਨੂੰ ਪੱਕਾ ਵਿਸ਼ਵਾਸ ਹੋ ਗਿਆ। ਪ੍ਰਾਕ੍ਰਿਤਕ ਪਦਾਰਥ ਵਿੱਚ ਲੋਕਾਂ ਦੀ ਰੁੱਚੀ ਵੱਧ ਗਈ ਹੈ। ਇਸ ਲਈ ਸਭਿਅਤਾ ਤੇ ਪ੍ਰਾਕ੍ਰਿਤੀ ਦੀ ਭਾਵਨਾ ਸਭ ਜਗ੍ਹਾ ਦੇਖੀ ਜਾ ਸਕਦੀ ਹੈ। ਇਸ ਕਰਕੇ ਆਧੁਨਿਕ ਦਰਸ਼ਨ ਸਚਾਈ ਦੀ ਖੋਜ ਵਾਸਤੇ ਸੁਤੰਤਰ ਹੈ। ਇਸ ਲਈ ਇਸ ਦੀ ਤੁਲਨਾ ਪੁਰਾਣੀ ਯੂਨਾਨੀ ਵਿਚਾਰਧਾਰਾ ਨਾਲ ਕੀਤੀ ਜਾ ਸਕਦੀ ਹੈ। ਇਸ ਦਰਸ਼ਨ ਦੇ ਗਿਆਨ ਦੀ ਪ੍ਰਾਪਤੀ ਲਈ ਮਨੁੱਖੀ ਬੁੱਧੀ ਨੂੰ ਸਰਵਉੱਤਮ ਅਧਿਕਾਰ ਦਿੱਤਾ ਹੈ ਇਸਦਾ ਦ੍ਰਿਸ਼ਟੀਕੋਣ ਪ੍ਰਾਕਿਰਤੀਵਾਦੀ ਹੈ। ਇਸ ਕਰਕੇ ਇਹ ਅੰਦਰਲੀ ਤੇ ਬਾਹਰਲੀ ਪ੍ਰਾਕਿਰਤੀ ਦੀ ਵਿਆਖਿਆ ਅਤਿ ਪ੍ਰਾਕ੍ਰਿਤਕ ਪੂਰਵ-ਧਾਰਨਾਵਾਂ ਤੋਂ ਬਿਨ੍ਹਾਂ ਕਰਦਾ ਹੈ। ਇਸ ਨਾਲ ਹੀ ਇਹ ਦਰਸ਼ਨ ਆਪਣੇ ਆਪ ਵਿੱਚ ਵਿਗਿਆਨਕ ਹੈ। ਕਿਉਂਕਿ ਇਹ ਹਮੇਸ਼ਾ ਨਵੇਂ ਵਿਗਿਆਨਾਂ ਦੇ ਸੰਪਰਕ ਵਿੱਚ ਰਹਿੰਦਾ ਹੈ।

**1.1.3** ਨਵੇਂ ਤਰਕ-ਸ਼ਾਸ਼ਤਰ ਤੇ ਵਿਕਾਸ ਨਾਲ ਆਧੁਨਿਕ ਦਰਸ਼ਨ ਦੀ ਗਤੀ ਨਾਲ ਤੀਬਰਤਾ ਆ ਗਈ ਹੈ। ਕਿਉਂਕਿ ਇਸ ਨਾਲ ਦਰਸ਼ਨ ਵਿੱਚ ਨਵੀਂ ਵਿਧੀ ਦੀ ਵਰਤੋਂ ਸ਼ੁਰੂ ਹੋ ਗਈ ਹੈ। ਇਸ ਵਿਧੀ ਦਾ ਆਰੰਭ ਪੂਰਨ-ਜਾਗਰਤੀ ਦੇ ਕਾਲ ਵਿੱਚ ਹੋਇਆ ਹੈ ਅਤੇ ਇਸਦੇ ਵਿਕਾਸ ਵਿੱਚ ਗੈਲੀਲਓ ਬੇਕਨ ਅਤੇ ਡੇਕਾਰਟੇ ਵਰਗੇ ਵਿਚਾਰਕਾਂ ਦਾ ਵਿਸ਼ੇਸ਼ ਯੋਗਦਾਨ ਹੈ। ਨਵੇਂ ਤਰਕ ਸ਼ਾਸਤਰ ਨੇ ਅਨੁਭਵ ਦੇ ਮਹੱਤਵ ਤੇ ਗਣਿਤ ਸ਼ਾਸਤਰ ਦੀ ਪ੍ਰਮਾਣਿਕਤਾ ਤੇ ਜ਼ੋਰ ਦਿੱਤਾ ਹੈ। ਇਸਨੇ ਮੱਧਯੁੱਗ ਦੀ ਵਿਚਾਰਧਾਰਾਂ ਤੇ ਪੂਰੀ ਤਰ੍ਹਾਂ ਹਮਲਾ ਕਰ ਦਿੱਤਾ ਕਿਉਂਕਿ ਉਸ ਵਿੱਚ ਅਨੁਭਵਾਤਮਕ ਅਤੇ ਗਣਿਤਾਤਮਕ ਤੱਤਾਂ ਤੇ ਕੋਈ ਧਿਆਨ ਨਹੀਂ ਸੀ ਦਿੱਤਾ ਗਿਆ। ਨਵੇਂ ਯੁੱਗ ਵਿੱਚ ਨਵੀਆਂ ਦਾਰਸ਼ਨਿਕ ਪ੍ਰਣਾਲੀਆਂ ਦਾ ਵਿਕਾਸ ਹੋਇਆ ਕਿਉਂਕਿ ਇਸ ਯੁੱਗ ਵਿੱਚ ਗਿਆਨ ਜ਼ਿਆਦਾ ਜਟਿਲ ਤੇ ਤਕਨੀਕੀ ਬਣ ਗਿਆ, ਨਵੇਂ ਵਿਗਿਆਨਾਂ ਦਾ ਵਿਕਾਸ ਹੋ ਗਿਆ, ਵਿਚਾਰਕਾਂ ਦੀਆਂ ਤੱਤ-ਮੀਮਾਂਸਾ ਨਾਲ ਸੰਬਧਿਤ ਰੁੱਚੀਆਂ ਤੇ ਆਲੋਚਨਾ ਦੀ ਭਾਵਨਾ ਦੀ ਜਿੱਤ ਹੋਈ ਹੈ। ਇਸ ਤਰ੍ਹਾਂ ਨਵੇਂ ਯੁੱਗ ਦੇ ਵਿਚਾਰਕਾਂ ਨੇ ਗਿਆਨ ਦੇ ਸਿਧਾਂਤ ਵਿੱਚ ਵਧੇਰੇ ਰੁੱਚੀ ਦਿਖਾਈ ਹੈ। ਦਰਸ਼ਨ ਦੇ ਇਤਿਹਾਸ ਵਿੱਚ ਆਧੁਨਿਕ ਕਾਲ ਦਾ ਦ੍ਰਿਸ਼ਟੀਕੋਣ ਬੌਧਿਕ ਹੈ ਅਤੇ ਇਹ ਮੱਧਕਾਲ ਤੋਂ ਦੋ ਮਹੱਤਵਪੂਰਨ ਸਿਧਾਂਤਾਂ ਦੇ ਅਨੁਸਾਰ ਵੱਖਰਾ ਹੈ। ਇਸ ਦਾ ਪਹਿਲਾ ਸਿਧਾਂਤ ਇਹ ਹੈ ਕਿ ਇਸਨੇ ਗਿਰਜਿਆਂ ਦੀ ਪ੍ਰਭੂਤਾ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਦੂਜਾ ਸਿਧਾਂਤ ਇਹ ਹੈ ਕਿ ਇਸਨੇ ਵਿਗਿਆਨ ਦੀ ਪ੍ਰਭੂਤਾ ਨੂੰ ਸਵੀਕਾਰ ਕਰ ਲਿਆ ਹੈ। ਜਿੱਥੇ ਵਿਗਿਆਨ ਪੂਰੀ ਤਰ੍ਹਾਂ ਬੁੱਧੀ ਉੱਪਰ ਆਧਾਰਿਤ ਹੈ। ਉੱਥੇ ਸ਼ਰਧਾ ਅਤੇ ਧਰਮ ਕੇਵਲ ਭਾਵਨਾ ਉੱਪਰ ਆਧਾਰਿਤ ਹਨ। ਇਸ ਕਰਕੇ ਵਿਗਿਆਨ ਦੀ ਜਿੱਤ ਤੇ ਕੱਟੜਪਣੇ ਦੀ ਹਾਰ ਜ਼ਰੂਰੀ ਹੈ।

ਜੇ ਅਸੀਂ ਪੱਛਮੀ ਦਰਸ਼ਨ ਸ਼ਾਸ਼ਤਰ ਦੀ ਤੁਲਨਾ ਭਾਰਤੀ ਦਰਸ਼ਨ ਨਾਲ ਕਰੀਏ ਤਾਂ ਅਸੀਂ ਵੇਖਦੇ ਹਾਂ ਕਿ ਭਾਰਤੀ ਦਰਸ਼ਨ ਨੇ ਵਧੇਰੇ ਕਰਕੇ ਇਕ ਤੱਤਵਾਦ (Monism) ਦਾ ਦ੍ਰਿਸ਼ਟੀਕੋਣ ਅਪਣਾਇਆ ਹੈ। ਪ੍ਰੰਤੂ ਪੱਛਮੀ ਦਰਸ਼ਨ ਸ਼ਾਸ਼ਤਰ ਵਿਚ ਇਕ ਤੱਤਵਾਦ (Monism) ਦਾ ਦ੍ਰਿਸ਼ਟੀਕੋਣ ਅਪਣਾਇਆ ਹੈ। ਪ੍ਰੰਤੂ ਪੱਛਮੀ ਦਰਸ਼ਨ ਸ਼ਾਸ਼ਤਰ ਵਿਚ ਇਕ ਤੱਤਵਾਦ ਦੇ ਨਾਲ ਨਾਲ ਦਵੈਤਵਾਦ ਤੇ ਅਨੇਕ ਤੱਤਵਾਦ ਨੂੰ ਵੀ ਪੇਸ਼ ਕੀਤਾ ਗਿਆ ਹੈ ਜਿਵੇਂ ਆਧੁਨਿਕ ਪੱਛਮੀ ਦਰਸ਼ਨ ਸ਼ਾਸ਼ਤਰ ਵਿਚ ਸਪਾਇਨੋਜ਼ਾ ਤਾਂ ਇਕ ਤੱਤਵਾਦ ਦਾ ਪੈਰੋਕਾਰ ਸੀ। ਪ੍ਰੰਤੂ ਡੇਕਾਰਟੇ ਨੇ ਦਵੈਤਵਾਦ ਦੀ ਹਾਮੀ ਭਰੀ ਅਤੇ ਦੋ ਮੂਲ ਤੱਤਾਂ-ਮਨ ਅਤੇ ਪਦਾਰਥ ਨੂੰ ਪੇਸ਼ ਕੀਤਾ ਉਥੇ ਲਾਇਬਨੀਜ਼ ਨੇ ਅਨੇਕ ਤੱਤਵਾਦ ਦੀ ਹਮਾਇਤ ਕੀਤੀ ਤੇ ਅਨੇਕਾਂ ਹੀ ਚਿੰਤਾਣੂਆਂ (Monads) ਨੂੰ ਦ੍ਰਵ ਕਿਹਾ।

**1.1.4** ਜਿਥੇ ਭਾਰਤੀ ਦਰਸ਼ਨ ਵਿਚ ਧਰਮ ਤੇ ਦਰਸ਼ਨ ਨੂੰ ਨਿਖੇੜਿਆ ਨਹੀਂ ਜਾ ਸਕਦਾ ਉਥੇ ਪੱਛਮੀ ਦਰਸ਼ਨ

ਸ਼ਾਸ਼ਤਰ ਵਿੱਚ ਦਰਸ਼ਨ, ਧਰਮ ਤੋਂ ਬਿਲਕੁਲ ਅਲੱਗ ਹੈ।

ਭਾਰਤੀ ਦਰਸ਼ਨ ਵਧੇਰੇ ਕਰਕੇ ਨਿਸ਼ਕ੍ਰਿਆਸ਼ੀਲ, ਨਕਾਰਾਤਮਕ, ਅਤੇ ਪਲਾਇਨਵਾਦੀ ਹੈ। ਉਥੇ ਪੱਛਮੀ ਦਰਸ਼ਨ ਸ਼ਾਸ਼ਤਰ ਵਧੇਰੇ ਕਰਕੇ ਕ੍ਰਿਆਸ਼ੀਲ ਤੇ ਪ੍ਰਗਤੀਸ਼ੀਲ ਹੈ।

ਪੱਛਮੀ ਦਰਸ਼ਨ ਸ਼ਾਸ਼ਤਰ ਸੰਪੂਰਨ ਗਿਆਨ ਦਾ ਦਰਸ਼ਨ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ। ਇਸ ਵਿੱਚ ਗਿਆਨ ਦੇ ਸੰਗਠਨ ਤੇ ਜ਼ੋਰ ਦਿੱਤਾ ਗਿਆ ਹੈ ਇਸ ਨੂੰ ਸੰਪੂਰਨ ਜਾਨਣ ਦਾ ਵਿਸ਼ਾਲ ਮਿਸ਼ਰਣ ਕਿਹਾ ਗਿਆ ਹੈ।

ਪੱਛਮੀ ਦਰਸ਼ਨ ਸ਼ਾਸ਼ਤਰ ਦਾ ਆਪਣਾ ਇਕ ਵਿਸ਼ੇਸ਼ ਦ੍ਰਿਸ਼ਟੀਕੋਣ ਹੈ, ਇਸ ਦੀਆਂ ਆਪਣੀਆਂ ਨਿਵੇਕਲੀਆਂ ਵਿਧੀਆਂ ਹਨ। ਵੱਖਰੀਆਂ ਵੱਖਰੀਆਂ ਸਮੱਸਿਆਵਾਂ ਦੇ ਵੱਖਰੇ ਵੱਖਰੇ ਹੱਲ ਇਸ ਵਿਚੋਂ ਕੱਢੇ ਗਏ ਹਨ।

**1.1.5** ਪੱਛਮੀ ਦਰਸ਼ਨ ਸ਼ਾਸ਼ਤਰ ਦੀ ਰੁੱਚੀ ਸਰਵ ਵਿਆਪਕ ਹੈ। ਉਦਾਹਰਣ ਦੇ ਤੌਰ ਤੇ ਇਸਦੀ ਰੁੱਚੀ ਇਸ ਗੱਲ ਵਿਚ ਨਹੀਂ ਕਿ ਕਿਸੇ ਵਿਅਕਤੀ ਨੇ ਸਚ ਬੋਲਿਆ ਜਾਂ ਝੂਠ ਸਗੋਂ ਇਹ ਤਾਂ ਇਹ ਲੱਭਣ ਦੀ ਕੋਸ਼ਿਸ਼ ਵਿਚ ਹੁੰਦਾ ਹੈ ਕਿ ਆਖਰਕਾਰ 'ਸਚਾਈ' ਕੀ ਹੈ ? ਉਸਨੂੰ ਕਿਵੇਂ ਪਰਖਣਾ ਚਾਹੀਦਾ ਹੈ। ਇੰਝ ਹੀ ਇਸ ਗੱਲ ਨਾਲ ਕੋਈ ਸੰਬੰਧ ਨਹੀਂ ਕਿ ਕਿਸੇ ਵਿਅਕਤੀ ਨਾਲ ਨਿਆਂ ਹੋਇਆ ਜਾਂ ਨਹੀਂ, ਇਸਦਾ ਸਬੰਧ ਇਸ ਨਾਲ ਹੈ ਕਿ ਨਿਆਂ ਕੀ ਹੈ ? ਨਿਆਂ ਦਾ ਕੀ ਆਧਾਰ ਹੋਣਾ ਚਾਹੀਦਾ ਹੈ ? ਇੰਝ ਹੀ ਕਿਸੇ ਤਸਵੀਰ ਦੀ ਸੁੰਦਰਤਾ ਬਾਰੇ ਨਿਰਣਾ ਕਰਨਾ ਕਲਾਕਾਰ ਦਾ ਕੰਮ ਹੈ। ਦਰਸ਼ਨ ਸ਼ਾਸ਼ਤਰ ਦਾ ਕੰਮ ਸੁੰਦਰਤਾ ਦੇ ਮਾਪ ਦੰਡ ਨੂੰ ਨਿਰਧਾਰਿਤ ਕਰਨਾ ਹੁੰਦਾ ਹੈ। ਇੰਝ ਅਸੀਂ ਕਹਿ ਸਕਦੇ ਹਾਂ ਕਿ ਪੱਛਮੀ ਦਰਸ਼ਨ ਸ਼ਾਸ਼ਤਰ ਦੀ ਰੁੱਚੀ ਵਧੇਰੇ ਕਰਕੇ ਸਰਵ ਵਿਆਪਕ ਰਹੀ ਹੈ।

ਪੱਛਮੀ ਦਰਸ਼ਨ ਸ਼ਾਸ਼ਤਰ ਦੀ ਰੁੱਚੀ ਦਾਰਸ਼ਨਿਕ ਸਮੱਸਿਆਵਾਂ ਦੀ ਮੌਲਕਤਾ ਵਿਚ ਹੁੰਦੀ ਹੈ। ਇਹ ਵਿਸ਼ੇ ਦੀ ਨੀਂਹ ਤੱਕ ਜਾਂਦਾ ਹੈ। ਜਿਥੇ ਭੌਤਿਕ ਵਿਗਿਆਨ ਦਾ ਖੇਤਰ, ਪਦਾਰਥ, ਦਿਸ਼ਾ, ਸਮੇਂ ਆਦਿ ਤੱਕ ਹੀ ਸੀਮਤ ਹੁੰਦਾ ਹੈ ਉਥੇ ਪੱਛਮੀ ਦਰਸ਼ਨ ਸ਼ਾਸ਼ਤਰ ਸਮੇਂ ਤੇ ਪਦਾਰਥ ਦੇ ਅਸਲੀ ਸਰੂਪ ਨੂੰ ਲੱਭਣ ਦਾ ਯਤਨ ਕਰਦਾ ਹੈ। ਇਹ ਵੇਖਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਪੁਲਾੜ ਸੀਮਤ ਹੈ ਜਾਂ ਅਸੀਮ।

ਪੱਛਮੀ ਦਰਸ਼ਨ ਸ਼ਾਸ਼ਤਰ ਦੂਜੇ ਵਿਗਿਆਨਾਂ ਦੇ ਸਿੱਧ ਕੀਤੇ ਹੋਏ ਪ੍ਰਮਾਣਾਂ ਤੇ ਸਿੱਟਿਆਂ ਦੀ ਆਲੋਚਨਾ ਕਰਦਾ ਹੈ ਅਤੇ ਉਸ ਤੋਂ ਬਾਦ ਉਨ੍ਹਾਂ ਵਿਗਿਆਨਾਂ ਦੁਆਰਾ ਪ੍ਰਾਪਤ ਗਿਆਨ ਨੂੰ ਜੋੜਦਾ ਵੀ ਹੈ। ਦੂਜੇ ਵਿਗਿਆਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਉਨ੍ਹਾਂ ਨੂੰ ਦਿਸ਼ਾ ਦੇਣ, ਉਨ੍ਹਾਂ ਨੇ ਝਗੜੇ ਨਿਪਟਾਉਣ ਵਿਚ ਇਹ ਮਾਂ ਦੀ ਭੂਮਿਕਾ ਨਿਭਾਉਂਦਾ ਹੈ।

**1.1.6** ਪੱਛਮੀ ਦਰਸ਼ਨ ਸ਼ਾਸ਼ਤਰ ਦੀ ਇਕ ਸ਼ਾਖਾ 'ਗਿਆਨ ਮੀਮਾਂਸਾ' ਹੈ। ਗਿਆਨ ਦੀ ਪ੍ਰਣਾਲੀ ਭਾਵ ਗਿਆਨ ਦੀ ਉੱਤਪਤੀ ਕਿਵੇਂ ਹੁੰਦੀ ਹੈ। ਗਿਆਨ ਪ੍ਰਾਪਤ ਕਰਨ ਦੇ ਸ੍ਰੋਤ ਕਿਹੜੇ ਹਨ, ਗਿਆਨ ਪ੍ਰਾਪਤ ਕਰਨ ਦੀ ਸੀਮਾ ਕੀ ਹੈ, ਤੇ ਗਿਆਨ ਦੀ ਸ਼ੁਧਤਾ ਨੂੰ ਕਿਵੇਂ ਪਰਖਿਆ ਜਾ ਸਕਦਾ ਹੈ। ਇਸ ਨੂੰ ਗਿਆਨ ਦਾ ਵਿਗਿਆਨ ਕਿਹਾ ਗਿਆ ਹੈ ਜੋ ਗਿਆਨ ਦਾ ਵਿਸ਼ਲੇਸ਼ਣ ਵੀ ਕਰਦਾ ਹੈ। ਅਸੀਂ ਪਹਿਲਾਂ ਵੀ ਉਪਰ ਸੰਕੇਤ ਦੇ ਚੁੱਕੇ ਹਾਂ ਕਿ ਗਿਆਨ ਦੇ ਅਨੇਕ ਸੋਮੇ ਹਨ ਜਿਵੇਂ ਤਰਕ, ਇੰਦਰੀ ਅਨੁਭਵ, ਸਹਿਜ-ਗਿਆਨ ਪੱਛਮੀ ਦਰਸ਼ਨ ਸ਼ਾਸ਼ਤਰ ਨੇ ਇਸ ਗੱਲ ਉਤੇ ਵੀ ਰੋਸ਼ਨੀ ਪਾਈ ਹੈ ਕਿ ਗਿਆਨ ਵਸਤੂਪੂਰਕ ਜਾਂ ਆਤਮਪੂਰਕ ਹੈ।

**1.1.7** ਗਿਆਨ ਮੀਮਾਂਸਾ ਨੇ ਗਿਆਨ ਦੀ ਸਚਾਈ ਦੇ ਮਾਪਦੰਡ ਵੀ ਅਪਣਾਏ ਹਨ ਇਸ ਸਬੰਧ ਵਿੱਚ ਪੱਛਮੀ ਦਰਸ਼ਨ ਸ਼ਾਸ਼ਤਰ ਨੇ ਤਿੰਨ ਸਿਧਾਂਤ ਪੇਸ਼ ਕੀਤੇ ਹਨ :- (1) ਸੁਮੇਲ ਸਿਧਾਂਤ (2) ਅਨੁਸਾਰਤਾ ਸਿਧਾਂਤ (3) ਉਪਯੋਗਤਾਵਾਦੀ ਸਿਧਾਂਤ।

ਇਸਦਾ ਹਮੇਸ਼ਾਂ ਹੀ ਇਹ ਲਕਸ਼ ਰਿਹਾ ਹੈ ਕਿ ਅਖੀਰਲਾ ਸੱਚ ਕੀ ਹੈ ?

### 1.1.8 ਸਾਰ

ਉਪਰੋਕਤ ਵਿਚਾਰ-ਵਟਾਂਦਰੇ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਪੱਛਮੀ ਦਰਸ਼ਨ ਸ਼ਾਸ਼ਤਰ ਜ਼ਿੰਦਗੀ ਪ੍ਰਤੀ ਇਕ ਨਜ਼ਰੀਏ ਵਜੋਂ ਵੀ ਲਿਆ ਜਾ ਸਕਦਾ ਹੈ। ਇਸਨੂੰ ਮਨੁੱਖ ਦੇ ਵਿਸ਼ਵਾਸਾਂ ਦਾ ਕੁਲ ਜੋੜ ਕਿਹਾ ਜਾ ਸਕਦਾ ਹੈ। ਇਹ ਅਸਾਨ ਅਰਥਾਂ ਵਿੱਚ ਮਨੁੱਖ ਦੀ ਖੋਜ ਹੈ। ਪੱਛਮੀ ਦਰਸ਼ਨ ਸ਼ਾਸ਼ਤਰ ਇਕ ਸਿਆਣਪ ਨੂੰ ਪ੍ਰਗਟ ਕਰਦੀ ਹੈ। ਉਹ ਸਿਆਣਪ ਸਾਡੇ ਵਿਵਹਾਰ ਨੂੰ ਪ੍ਰਭਾਵਿਤ ਕਰਦੀ ਹੈ। ਸਾਡੇ ਵਿਵਹਾਰ ਵਿਚ ਸਿਆਣਪ, ਇਕ ਸੰਪੂਰਨ ਗਿਆਨ, ਸਾਡੇ ਇਕ ਪੂਰਨ ਕਾਰਜ ਦੀ ਤਰ੍ਹਾਂ ਹੁੰਦੀ ਹੈ। ਸਿਆਣਪ ਦਾ ਨਿਖੜਵਾਂ ਰੂਪ ਗਿਆਨ ਤੇ ਕਾਰਜ ਦੀ ਏਕਤਾ ਹੈ। ਪੱਛਮੀ ਦਰਸ਼ਨ ਸ਼ਾਸ਼ਤਰ ਹੋਰਨਾਂ ਵਿਗਿਆਨਾਂ ਪ੍ਰਤੀ ਇਕ ਆਲੋਚਨਾਤਮਿਕ ਨਜ਼ਰੀਆ ਰੱਖਦਾ ਹੈ ਜੋ ਨਾ ਕੇਵਲ ਗਿਆਨ, ਵਿਗਿਆਨ ਬਲਕਿ ਜੀਵਨ ਦਾ ਇਕ ਪਰਮ ਤੱਤ ਹੈ।

### 1.1.9 ਛੋਟੇ ਪ੍ਰਸ਼ਨ :

ਦੋ ਯੂਨਾਨੀ ਦਾਰਸ਼ਨਿਕਾਂ ਦੇ ਨਾਮ

ਤੱਤ ਮੀਮਾਂਸਾ

ਗਿਆਨ ਮੀਮਾਂਸਾ

ਦ੍ਵ

ਗਿਆਨ ਦੇ ਸ੍ਰੋਤ

ਗਿਆਨ ਦੀ ਸਚਾਈ ਦੇ ਮਾਪਦੰਡ

### ਵੱਡੇ ਪ੍ਰਸ਼ਨ :

1. ਪੱਛਮੀ ਦਰਸ਼ਨ ਸ਼ਾਸ਼ਤਰ ਤੇ ਭਾਰਤੀ ਦਰਸ਼ਨ ਸ਼ਾਸ਼ਤਰ ਦੀ ਤੁਲਨਾ ਇਨ੍ਹਾਂ ਦੀਆਂ ਵਿਸ਼ੇਸ਼ਤਾਈਆਂ ਦੇ ਸੰਦਰਭ ਵਿਚ ਕਰੋ।
2. ਪੱਛਮੀ ਦਰਸ਼ਨ ਸ਼ਾਸ਼ਤਰ ਦੀ ਵਿਸ਼ੇਸ਼ਤਾਈਆਂ ਲਿਖੋ।

### 1.1.10


1. DURANT. WILL : The pleaures of Philosophy. New York : Simon and Schuster, 1953.
2. EWING. A.C. : The Fundamental Questions of Philosophy. New York : Macmillan, 1952.
3. JOAD. C.E.M : Guide to philosophy, New York : Random House 1936. (Dover)
4. MOORE, GEORGE EDWARD : Some Main Problems of Philosophy. New York : Macmillan, 1953. [Collier Books, Paper back 1962]

5. CHATTERJEE, S.C. : The Problems of Philosophy; Calcutta (1949).

6. CHATTERJEE, S.C. : The Fundamentals of Hinduism, Calcutta, 1950.

7. HIRIYANNA. M : Outlines of Indian Philosophy ; London (1932).

8. HIRIYANNA. M : Popular Essays in Indian Philosophy; Mysoil 1952.

**ਬੀ.ਏ. ਭਾਗ ਤੀਜਾ** **ਫਿਲਾਸਫੀ**

**ਪਰਚਾ ਏ**

---

**ਪਾਠ ਨੰ. 1.2** **ਲੇਖਕ : ਪ੍ਰੋ.ਜੀ.ਐਸ.ਸੰਧੂ**

---

# ਆਦਰਸ਼ਵਾਦ : ਵਸਤੂਪੂਰਕ (ਪਲੇਟੋ)
# ਆਤਮਪੂਰਕ (ਬ੍ਰਕਲੇ)

**ਬਣਤਰ**

1.2.1 ਜਾਣ-ਪਹਿਚਾਣ
1.2.2 ਵਿਚਾਰ ਵਾਦ ਸ਼ਾਬਦਿਕ ਅਰਥ
1.2.3 ਵਿਚਾਰਵਾਦ ਦੀਆਂ ਵੱਖ-ਵੱਖ ਪਰਿਭਾਸ਼ਾਵਾਂ
1.2.4 ਆਦਰਸ਼ਵਾਦ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ
1.2.5 ਵਿਚਾਰਵਾਦ ਦੀਆਂ ਕਿਸਮਾਂ
1.2.6 ਆਤਮਗਤ ਵਿਚਾਰਵਾਦ
1.2.7 ਆਤਮਗਤ ਵਿਚਾਰਵਾਦ ਦੇ ਮੁੱਖ ਸਿਧਾਂਤ
1.2.8 ਆਤਮਗਤ ਵਿਚਾਰਵਾਦੀ ਆਲੋਚਨਾ
1.2.9 ਵਸਤੂ ਪੂਰਵਕ ਆਦਰਸ਼ਵਾਦ
1.2.10 ਵਸਤੂ ਨਿਸ਼ਟ ਆਦਰਸ਼ਵਾਦ ਦੀਆਂ ਕਿਸਮਾਂ
1.2.11 ਵਸਤੂ ਪੂਰਵਕ ਆਦਰਸ਼ਵਾਦ ਦੀ ਆਲੋਚਨਾ
1.2.12 ਸਿੱਟਾ
1.2.13 ਆਪਣੇ ਗਿਆਨ ਦੀ ਪਰਖ ਕਰੋ
1.2.14 ਵਧੇਰੇ ਜਾਣਕਾਰੀ ਲਈ ਪਾਠ ਪੁਸਤਕਾਂ ਦੀ ਸੂਚੀ

## 1.2.1 ਜਾਣ-ਪਹਿਚਾਣ

ਆਦਰਸ਼ਵਾਦ ਉਹ ਸਿਧਾਂਤ ਹੈ ਜੋ ਜੀਵਨ ਵਿੱਚ ਆਦਰਸ਼ਾਂ ਨੂੰ ਮਹਾਨਤਾ ਦਿੰਦਾ ਹੈ। ਆਦਰਸ਼ ਮਨੁੱਖ ਦੇ ਮਨ ਅਤੇ ਆਤਮਾ ਤੋਂ ਉਤਪੰਨ ਹੁੰਦੇ ਹਨ। ਵਿਚਾਰਵਾਦ ਮਾਨਵੀ ਅਨੁਭਵ ਦੀ ਵਿਆਖਿਆ ਕਰਨ ਦਾ ਇਸ ਤਰ੍ਹਾਂ ਦਾ ਤਰੀਕਾ ਹੈ ਜੋ ਵਿਚਾਰ ਅਤੇ ਬੁੱਧੀ ਉਤੇ ਅਧਿੱਕ ਜ਼ੋਰ ਦਿੰਦਾ ਹੈ। ਇੰਜ ਵਿਚਾਰਵਾਦੀ ਮਾਨਸਿਕ ਦ੍ਰਿਸ਼ਟੀ ਨੂੰ ਹੀ ਸਭ ਕੁਝ ਮੰਨਦਾ ਹੈ ਰਾਧਾਕ੍ਰਿਸ਼ਨ . ਡਾ. ਭਗਵਾਨ ਦਾਸ, ਅਰਬਿੰਦੋ, ਪਲੇਟੋ, ਮਹਾਤਮਾ ਗਾਂਧੀ ਸੰਸਾਰ ਦੇ ਪ੍ਰਸਿੱਧ ਆਦਰਸ਼ਵਾਦੀ ਹੋਏ ਹਨ। ਸੰਸਰ ਦੇ ਸਾਰੇ ਦਾਰਸ਼ਨਿਕ ਆਦਰਸ਼ਵਾਦ ਦੀ ਸ਼੍ਰੇਣੀ ਵਿੱਚ ਆ ਗਏ ਹਨ। ਆਦਰਸ਼ਵਾਦ ਅਜਿਹਾ ਹੈ ਜਿਸ ਨਾਲ ਇਹ ਸੰਸਰ ਵੀ ਬਣਿਆ ਰਹਿੰਦਾ ਹੈ। "Idealism is a philosopy which holds that

reality is the nature of mind." 'Idealism' ਸ਼ਬਦ ਦਾ ਅਨੁਵਾਦ ਆਦਰਸ਼ਵਾਦ ਕਰਨਾ ਮੁੱਲ ਮੀਮਾਂਸਾ (Axiology) ਖੇਤਰ ਵਿੱਚ ਤਾਂ ਠੀਕ ਹੈ, ਪਰ ਤੱਤ ਮੀਮਾਂਸਾ (Metaphysics) ਖੇਤਰ ਵਿਚ ਨਹੀਂ। ਤੱਤ-ਮੀਮਾਂਸਾ ਦੇ ਖੇਤਰ ਵਿੱਚ Ideaism ਹੈ। ਇਸ ਲਈ ਇਸਨੂੰ ਵਿਚਾਰਵਾਦ ਕਹਿਣਾ ਠੀਕ ਹੈ। ਦਰਸ਼ਨ ਸ਼ਾਸ਼ਤਰ ਵਿਚ ਵਾਸਤਵਿਕਤਾ ਨੂੰ ਜਾਨਣ ਲਈ ਕਈ ਵਿਚਾਰ ਬਣਾਏ ਗਏ ਹਨ। ਆਦਰਸ਼ਵਾਦ ਵੀ ਇਹ ਅਜਿਹਾ ਵਿਚਾਰ ਹੈ। ਇਹ ਸ਼ਬਦ Ideas ਤੋਂ ਬਣਿਆ ਹੈ ਸੰਸਾਰ ਦੀਆਂ ਚੀਜ਼ਾਂ ਬਾਰੇ ਜੋ ਵਿਚਾਰ ਆਉਂਦੇ ਹਨ, ਉਨ੍ਹਾਂ ਨੂੰ Ideas (ਵਿਚਾਰ) ਕਹਿੰਦੇ ਹਾਂ। ਸੰਸਾਰ ਦੀਆਂ ਵਸਤੂਆਂ ਤੇ ਕ੍ਰਿਆਵਾਂ ਦੇ Ideas (ਵਿਚਾਰ) ਬਣਨੇ ਸ਼ੁਰੂ ਹੁੰਦੇ ਹਨ। ਬਚਪਨ ਤੋਂ ਹੀ Ideas ਬਣਨੇ ਸ਼ੁਰੂ ਹੋ ਜਾਂਦੇ ਹਨ ਤੇ ਜਿੰਨੇ ਇਹ ਜ਼ਿਆਦਾ ਹੁੰਦੇ ਹਨ ਉਨ੍ਹਾਂ ਹੀ ਜ਼ਿਆਦਾ ਮਨੁੱਖ ਗਿਆਨੀ ਮੰਨਿਆ ਜਾਂਦਾ ਹੈ। ਪਲੇਟੋ, ਡੇਕਾਰਟੇ, ਸਪਾਇਨੋਜ਼ਾ, ਲਾਇਬਨੀਜ਼, ਬਰਕਲੇ, ਕਾਂਟ ਫਿਕਟੇ ਤੇ ਹੀਗਲ ਆਦਿ ਨੇ ਵਿਚਾਰਵਾਦ ਦੀ ਧਾਰਨਾ ਨੂੰ ਅੱਗੇ ਵਧਾਇਆ। ਜਿਸਦਾ ਪ੍ਰਭਾਵ ਫਰਾਂਸ, ਇਟਲੀ, ਰੂਸ, ਇੰਗਲੈਂਡ ਤੇ ਅਮਰੀਕਾ ਦੇ ਦਾਰਸ਼ਨਿਕਾਂ ਉਪਰ ਪਿਆ।

### 1.2.2 ਵਿਚਾਰਵਾਦ ਦਾ ਸ਼ਾਬਦਿਕ ਅਰਥ :

ਵਿਚਾਰਵਾਦ ਨੂੰ ਅੰਗੇਰਜ਼ੀ ਵਿਚ Ideaism ਕਿਹਾ ਜਾਂਦਾ ਹੈ। ਵਿਚਾਰਵਾਦ ਦੋ ਸ਼ਬਦਾਂ ਦੇ ਮੇਲ ਨਾਲ ਬਣਿਆ ਹੈ। ਪਹਿਲਾ ਸ਼ਬਦ 'Idea' ਤੇ ਦੂਜਾ 'Ism' ! Idea ਦਾ ਅਰਥ ਹੈ 'ਵਿਚਾਰ' ਅਤੇ ਇਜ਼ਮ ਦਾ ਅਰਥ ਹੈ 'ਵਾਦ' ਇਸ ਲਈ ਆਇਡੀਅਲਿਜਮ ਸ਼ਬਦ ਦਾ ਅਰਥ ਹੈ 'ਵਿਚਾਰਵਾਦ' ਅਦਾਰਸ਼ਵਾਦ ਨਹੀਂ।

### 1.2.3 ਵਿਚਾਰਵਾਦ ਦੀਆਂ ਵੱਖ-ਵੱਖ ਪਰਿਭਾਸ਼ਾਵਾਂ

1. "I dealism is the philosoply which holds that reality is of the nature of mind."
2. D.N.Dutta, "Idealism is the theory which holds that ultimate reality is spiritual.
3. Prof. Bahm, "Idealism is the theory which holds that ideas are the soul and source of reality.
4. Harold Titus, "Idealism is a world view or a metaphysics which holds that the basic reality consists of or is closely related to mind, ideas or thoughts."

ਵਿਚਾਰਵਾਦ ਦੀ ਠੀਕ ਪਰਿਭਾਸ਼ਾ-ਵਿਚਾਰਵਾਦ ਦੇ ਅਨੁਸਾਰ ਇਸ ਸੰਸਾਰ ਦੀ ਅੰਤਮ ਵਾਸਤਵਿਕਤਾ ਵਿਚਾਰ, ਮਨ, ਆਤਮਾ ਅਤੇ ਪਰਮਾਤਮਾ ਹੈ।

### 1.2.4 ਆਦਰਸ਼ਵਾਦ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ

ਆਦਰਸ਼ਵਾਦ ਦੇ ਸਿਧਾਂਤ ਨੂੰ ਸਮਝਣ ਲਈ ਉਸ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਨੂੰ ਜਾਨਣਾ ਜ਼ਰੂਰੀ ਹੈ।

1. ਸੰਸਾਰ ਦੀ ਹੋਂਦ ਆਤਮਾ ਵਿਚ ਹੈ। ਵਿਚਾਰਵਾਦੀਆਂ ਦੇ ਅਨੁਸਾਰ ਆਤਮਾ ਸੰਸਾਰ ਦਾ ਮੂਲ ਤੱਤ ਹੈ, ਸੱਚੀ ਵਾਸਤਵਿਕਤਾ ਅਧਿਆਤਮਕ ਤੇ ਮਾਨਸਿਕ ਹੁੰਦੀ ਹੈ। ਬਾਹਰੀ ਸੰਸਾਰ ਦੇ ਪਦਾਰਥਾਂ ਤੋਂ ਇਲਾਵਾ ਸਾਡੇ ਵਿਚਾਰ, ਅਨੁਭਵ ਮੁੱਲ ਅਧਿਕ ਵਾਸਤਵਿਕ ਹਨ। ਲਾਇਬਨੀਜ਼ ਦੇ ਅਨੁਸਾਰ ਭੌਤਿਕ ਤੱਤ ਸਾਰ ਰੂਪ ਵਿੱਚ ਮਾਨਸਿਕ ਜਾਂ ਅਧਿਆਤਮਕ ਹੈ।

## 2. ਮਨ ਦੀ ਪਦਾਰਥਾਂ ਤੋਂ ਵੱਧ ਸ੍ਰੇਸ਼ਠਤਾ

ਕਈ ਲੋਕਾਂ ਨੇ ਇਥੋ ਤੱਕ ਕਿਹਾ ਕਿ ਸੰਸਾਰ ਦੀਆਂ ਵੱਖ-ਵੱਖ ਵਸਤਾਂ ਸਾਡੇ ਮਨ ਦੀ ਹੀ ਦੇਣ ਹਨ। ਬਰਕਲੇ ਨੇ ਵੀ ਆਤਮਗਤ ਵਿਚਾਰਧਾਰਾ ਦਾ ਮੱਤ ਦਿੱਤਾ ਹੈ ਜਿਸ ਅਨੁਸਾਰ ਸੰਸਾਰ ਦੀਆਂ ਸਭ ਵਸਤੂਆਂ ਸਾਡੇ ਮਨ ਦੀਆਂ ਰਚਨਾਵਾਂ ਹਨ।

## 3. ਅਧਿਆਤਮਕਵਾਦ

ਮਨੁੱਖ ਨੂੰ ਇਕ ਅਧਿਆਤਮਕ ਪ੍ਰਾਣੀ ਮੰਨਿਆ ਜਾਂਦਾ ਹੈ। ਸਾਡੇ ਵਿਅਕਤਿਤਵ ਦਾ ਵਿਕਾਸ ਇਕ ਆਤਮਕ ਕ੍ਰਿਆ ਹੈ। ਆਪਣੀ ਆਤਮਾ ਨੂੰ ਪਹਿਚਾਨਣਾ ਬਹੁਤ ਮੁਸ਼ਕਿਲ ਕੰਮ ਹੈ ਜੋ ਮਨੁੱਖ ਇਸ ਕੰਮ ਵਿਚ ਸਫਲ ਹੋ ਜਾਂਦਾ ਹੈ, ਉਹ ਇਕ ਆਦਰਸ਼ ਪ੍ਰਾਣੀ ਬਣ ਜਾਂਦਾ ਹੈ। ਪ੍ਰੋਫੈਸਰ T.H. Green says, "Self-realisation is necessary for a fuller, richer and spiritual development of personality."

## 4. ਆਸਤਕਵਾਦ ਵਿਚ ਵਿਸ਼ਵਾਸ

ਵਿਚਾਰਵਾਦੀ, ਆਤਮਾ, ਪਰਮਾਤਮਾ ਤੇ ਮਨੁੱਖੀ ਮਨ ਦੀ ਹੋਂਦ ਵਿਚ ਵਿਸ਼ਵਾਸ ਰੱਖਦੇ ਹਨ। ਆਤਮ-ਪਹਿਚਾਣ ਸ਼ਖਸ਼ੀਅਤ ਦੇ ਪੂਰਨ, ਉਤਮ ਅਤੇ ਅਧਿਆਤਮਕ ਵਿਕਾਸ ਲਈ ਜ਼ਰੂਰੀ ਹੈ।

## 5. ਮਨੁੱਖ ਦਾ ਵਿਸ਼ੇਸ ਸਰੂਪ

ਵਿਚਾਰਵਾਦ ਦੇ ਅਨੁਸਾਰ ਮਨੁੱਖ ਪ੍ਰਮਾਤਮਾ ਦੀ ਹੀ ਸਰਵੋਤਮ ਰਚਨਾ ਹੈ। ਮਨੁੱਖ ਨੂੰ ਕੁਝ ਵਿਸ਼ੇਸ਼ ਸ਼ਕਤੀਆਂ ਪ੍ਰਾਪਤ ਹਨ ਜੋ ਉਸ ਦੀ ਬੋਧਿਕ ਉਪਲੱਬਧੀਆਂ, ਸੰਸਕ੍ਰਿਤੀ, ਕਲਾ, ਨੈਤਿਕਤਾ, ਅਤੇ ਧਰਮ ਆਦਿ ਵਿਚ ਪ੍ਰਗਟ ਹੁੰਦੀਆਂ ਹਨ। Dr. Ross says, "Human personality is supreme, noble work of God."

## 6. ਆਦਰਸ਼ ਸਮਾਜਿਕ ਵਿਗਿਆਨ ਦਾ ਵਿਸ਼ੇਸ ਮਹੱਤਵ

ਯਥਾਰਥਵਾਦ ਅਤੇ ਭੌਤਿਕਵਾਦ ਦੇ ਸਮਰੱਥਕਾਂ ਵਾਂਗ ਵਿਚਾਰਵਾਦੀ ਸੰਸਾਰ ਦੀ ਵਿਗਿਆਨਕ ਵਿਆਖਿਆ ਵਿਚ ਵਿਸ਼ਵਾਸ ਨਹੀਂ ਰੱਖਦੇ। ਇਸਦੇ ਉਲਟ ਇਸ ਸਬੰਧ ਵਿਚ ਆਦਰਸ਼ ਅਤੇ ਸਮਾਜਿਕ ਵਿਗਿਆਨਾਂ ਉਪਰ ਨਿਰਭਰ ਕਰਦੇ ਹਨ। ਆਦਰਸ਼ ਵਿਗਿਆਨਾਂ ਵਿਚ ਉਹ ਤਰਕ ਸ਼ਾਸ਼ਤਰ, ਨੀਤੀ ਸ਼ਾਸ਼ਤਰ, ਸੁੰਦਰਤਾ ਸ਼ਾਸ਼ਤਰ ਨੂੰ ਮਹੱਤਤਾ ਦਿੰਦੇ ਹਨ ਜਦੋਂ ਕਿ ਸਮਾਜਿਕ ਵਿਗਿਆਨਾਂ ਵਿਚ ਸਮਾਜ ਸ਼ਾਸ਼ਤਰ ਅਤੇ ਮਨੋਵਿਗਿਆਨ ਨੂੰ ਮਹੱਤਤਾ ਦਿੰਦੇ ਹਨ।

## 7. ਮਨੁੱਖ ਦੇ ਮਨ ਦੀ ਸੁਤੰਤਰਤਾ

ਮਨੁੱਖ ਦੇ ਮਨ ਦੀ ਸੁਤੰਤਰਤਾ ਸਰਵ-ਉਚ ਗੁਣ ਹੈ। ਸੁਤੰਤਰਤਾ ਦਾ ਅਰਥ ਹੈ ਅਗਿਆਨਤਾ ਅਤੇ ਵਿਸ਼ੇ ਵਿਕਾਰਾ ਤੋਂ ਮੁਕਤ ਹੋਣਾ ਹੈ। ਅਗਿਆਨ ਦੀ ਚੇਤਨਾ, ਗਿਆਨ ਦਾ ਆਰੰਭ ਹੈ ਜੋ ਸੁਕਰਾਤ ਅਨੁਸਾਰ ਇਕ ਗੁਣ ਹੈ। ਇਹ ਅਧਿਆਤਮਕ ਅਸਲੀਅਤ ਨੂੰ ਅਨੁਭਵ ਕਰਨ ਦੀ ਅਵਸਥਾ ਹੈ।

## 8. ਗਿਆਨ ਦਾ ਆਦਰਸ਼ਵਾਦੀ ਮਤ

ਗਿਆਨ ਕਿਸ ਨੂੰ ਕਹਿੰਦੇ ਹਨ, ਇਸ ਦਾ ਸੁਭਾਅ ਕੀ ਹੈ ? ਠੀਕ ਤੇ ਗਲਤ ਗਿਆਨ ਵਿਚ ਕੀ ਅੰਤਰ ਹੈ? ਗਿਆਨ ਪ੍ਰਾਪਤ ਕਰਨ ਦੇ ਕੀ ਸਾਧਨ ਹਨ? ਇਹ ਸਵਾਲ ਸਦੀਆਂ ਤੋਂ ਦਾਰਸ਼ਨਿਕਾਂ ਦੇ ਮਨ ਵਿਚ ਉਠਦੇ ਰਹੇ। ਵੱਖ-ਵੱਖ ਲੋਕਾਂ ਨੇ ਇਸ ਬਾਰੇ ਵੱਖ-ਵੱਖ ਵਿਚਾਰ ਦਿੱਤੇ ਹਨ। ਆਦਰਸ਼ਵਾਦ ਅਨੁਸਾਰ ਵਿਚਾਰ

ਹੀ ਗਿਆਨ ਦਾ ਮੂਲ ਆਧਾਰ ਹਨ :

Professor Bahm says, "Ideaism holds that knowledge depends upon concepts and ideas contained in human mind.

ਯੂਨਾਨ ਵਿਚ ਅਜਿਹੇ ਵਿਚਾਰ ਸੁਕਰਾਤ ਤੇ ਪਲੇਟੋ ਨੇ ਵੀ ਪ੍ਰਗਟ ਕੀਤੇ ਸਨ। Plato said, "Concept is simply and other name of definition of the thing."

## 9. ਸੰਸਾਰ ਦੇ ਮੁੱਲ ਤੇ ਆਧਾਰਿਤ ਵਿਆਖਿਆ

ਵਿਚਾਰਵਾਦੀ ਸੰਸਾਰ ਤੇ ਮਾਨਵੀ ਜੀਵਨ ਦੇ ਮੁੱਲਾਂ ਉਤੇ ਆਧਾਰਿਤ ਵਿਆਖਿਆ ਕਰਦੇ ਹਨ। ਇਹੀ ਵਿਆਖਿਆ ਉਨ੍ਹਾਂ ਨੂੰ ਆਦਰਸ਼ਵਾਦੀ ਬਣਾਉਂਦੀ ਹੈ।

ਵਿਚਾਰਵਾਦੀ ਜੀਵਨ ਵਿੱਚ ਸਤੱਮ-ਸ਼ਿਵਮ-ਸੁੰਦਰਮ ਦੇ ਮੁੱਲਾਂ ਨੂੰ ਲਾਗੂ ਕਰਨਾ ਚਾਹੁੰਦੇ ਹਨ।

## 10. ਪੂਰਣਤਾ ਦੀ ਧਾਰਣਾ

ਵਿਚਾਰਵਾਦ ਵਿਚ ਵਾਸਤਵਿਕਤਾ ਦੇ ਸਰੂਪ ਦੀ ਇਕ ਸੰਪੂਰਨ ਤਸਵੀਰ ਖਿਚੀ ਜਾਂਦੀ ਹੈ। ਅਤੇ ਕਿਸੇ ਕਿਸਮ ਦੇ ਅਧੂਰੇਪਨ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ। ਪ੍ਰਸਿਧ ਯੂਨਾਨੀ ਦਾਰਸ਼ਨਿਕ ਪਲੇਟੋ ਨੇ ਆਪਣੇ ਵਿਚਾਰਾਂ ਦੇ ਸਿਧਾਂਤ ਵਿਚ ਇਸੇ ਗੱਲ ਤੇ ਜ਼ੋਰ ਦਿੱਤਾ ਹੈ। Professor Titus says, "Ideaists stress the organic unity of world process." ਅਤੇ ਇੰਜ ਹੀ Professor Patrick says, "Central principle of ideaism is organic wholeness."

## 11. ਸੰਸਾਰ ਦਾ ਗਿਆਨ ਸੰਭਵ ਹੈ

ਵਿਚਾਰਵਾਦੀਆਂ ਦਾ ਵਿਚਾਰ ਹੈ ਕਿ ਤਰਕ ਬੁੱਧੀ ਤੇ ਮਨ ਦੇ ਮੱਧ ਤੇ ਸੰਸਾਰ ਦੇ ਸੰਬੰਧ ਵਿਚ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਕਿਉਂਕਿ ਮਨ ਤੇ ਸੰਸਾਰ ਦੋਹਾਂ ਵਿੱਚ ਹੀ ਸਮਾਨ ਅਧਿਆਤਮਕ ਤੱਤ ਮੌਜੂਦ ਹਨ। ਹੀਗਲ ਅਨੁਸਾਰ ਮਾਨਸਿਕ ਅਵਸਥਾਵਾਂ ਸੰਸਾਰ ਦੇ ਵਿਕਾਸ ਦੀਆਂ ਅਵਸਥਾਵਾਂ ਨਾਲ ਪੂਰੀ ਤਰ੍ਹਾਂ ਮੇਲ ਖਾਂਦੀਆਂ ਹਨ।

## 12. ਆਲੌਕਿਕ ਵਿਚਾਰ ਵਿਚ ਵਿਸ਼ਵਾਸ

ਵਿਚਾਰਵਾਦੀ ਆਲੌਕਿਕ ਵਿਚਾਰਾਂ ਵਿਚ ਵਿਸ਼ਵਾਸ ਰੱਖਦੇ ਹਨ। ਲੋਕ ਤੇ ਪਰਲੋਕ ਨੂੰ ਮੰਨਦੇ ਹਨ। ਉਨ੍ਹਾਂ ਅਨੁਸਾਰ ਪਰਲੋਕ ਈਸ਼ਵਰ ਤੋਂ ਪ੍ਰਭਾਵਿਤ ਹੈ ਅਤੇ ਜ਼ਿਆਦਾ ਸੱਚ, ਸ਼ਿਵ ਤੇ ਸੁੰਦਰ ਹੈ। ਵਿਚਾਰਵਾਦੀ ਦੈਵੀ ਏਕਤਾ, ਪਰਮ ਪੂਰਨਤਾ ਤੇ ਪ੍ਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਰੱਖਦੇ ਹਨ।

## 13. ਅਨੇਕਤਾ ਤੇ ਏਕਤਾ ਦਾ ਸਿਧਾਂਤ

ਵਿਚਾਰਵਾਦੀ ਅਨੇਕਤਾ ਦੇ ਵਿਚ ਏਕਤਾ ਦੇ ਸਿਧਾਂਤ ਦਾ ਸਮਰਥਨ ਕਰਦੇ ਹਨ। ਉਨ੍ਹਾਂ ਅਨੁਸਾਰ ਸੰਸਾਰ ਵਿਚ ਵੱਖ-ਵੱਖ ਕਿਸਮਾਂ ਦੇ ਪਦਾਰਥ, ਪ੍ਰਾਣੀ, ਵਸਤਾਂ ਹਨ ਪ੍ਰੰਤੂ ਇਨ੍ਹਾਂ ਦੀ ਭਿੰਨਤਾ ਜਾਂ ਅਨੇਕਤਾ ਵਿਚ ਏਕਾ ਮੌਜੂਦ ਹੁੰਦੀ ਹੈ। ਇਸ ਏਕਤਾ ਨੂੰ ਚੇਤਨ ਤੱਤ, 'ਸ਼ਕਤੀ ਜਾਂ ਪ੍ਰਮਾਤਮਾ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ। ਸਾਰੀਆਂ ਇਕ ਸੂਰਤ ਵਿਚ ਬੰਨ੍ਹੀਆਂ ਜਾਂਦੀਆਂ ਹਨ ਕਿਸੀ ਮਸ਼ੀਨ ਦੇ ਵੱਖ-ਵੱਖ ਪੁਰਜ਼ਿਆਂ ਵਾਂਗ। ਵਿਚਾਰਵਾਦੀ ਵਿਚਾਰਧਾਰਾ ਦੇ ਅਨੁਸਾਰ ਪੂਰਨਤਾ ਅਧਿਆਤਮਕ ਹੈ ਤੇ ਇਸਦਾ ਉਦੇਸ਼ ਵਿਆਪਕ ਹੈ।

## 14. ਮਾਨਸਿਕ ਅਨੁਸ਼ਾਸ਼ਨ ਉਪਰ ਜ਼ੋਰ

ਵਿਚਾਰਵਾਦ ਇੰਦਰੀ ਗਿਆਨ ਨੂੰ ਬੋਧਿਕ ਅਨੁਭਵ ਤੋਂ ਘਟੀਆਂ ਮੰਨਦਾ ਹੈ। ਇਸ ਲਈ ਵਿਚਾਰਵਾਦੀ

ਦਾਰਸ਼ਨਿਕ ਮਾਨਸਿਕ ਅਨੁਸ਼ਾਸ਼ਨ ਅਤੇ ਸ਼ੁਧ ਬੁੱਧੀ ਰਾਹੀਂ ਗਿਆਨ ਪ੍ਰਾਪਤ ਕਰਨ ਦੀ ਸਹੂਲਤ ਅਤੇ ਤਰਕ ਦੇ ਨਿਯਮ ਆਦਿ ਦੇ ਉਤੇ ਵਿਸ਼ੇਸ਼ ਜ਼ੋਰ ਦਿੰਦੇ ਹਨ।

**15. ਆਤਮਾ ਦਾ ਗਿਆਨ ਸਰਵ-ਉੱਚ ਗਿਆਨ ਹੈ**

ਵਿਚਾਰਵਾਦੀਆਂ ਅਨੁਸਾਰ ਸਰਵ-ਉੱਚ ਗਿਆਨ ਇੰਦਰੀਆਂ ਰਾਹੀਂ ਸੰਭਵ ਨਹੀਂ ਕੇਵਲ ਤਰਕ ਰਾਹੀਂ ਹੀ ਸੰਭਵ ਹੁੰਦਾ ਹੈ। ਹਰ ਪ੍ਰਕਾਰ ਦਾ ਗਿਆਨ ਵਿਚਾਰਾਂ ਦੁਆਰਾ ਪ੍ਰਾਪਤ ਹੁੰਦਾ ਹੈ।

## 1.2.5 ਵਿਚਾਰਵਾਦ ਦੀਆਂ ਕਿਸਮਾਂ

ਵਿਚਾਰਵਾਦ ਦੀਆਂ ਪ੍ਰਮੁੱਖ ਚਾਰ ਪ੍ਰਕਾਰ ਦੀਆਂ ਕਿਸਮਾਂ ਹਨ :-

ਆਤਮਗਤ ਵਿਚਾਰਵਾਦ

ਪ੍ਰਪੰਰਾਤਮਕ ਵਿਚਾਰਵਾਦ

ਵਸਤੂਗਤ ਵਿਚਾਰਵਾਦ

ਵਿਅਕਤੀਗਤ ਵਿਚਾਰਵਾਦ

ਇਥੇ ਸਾਡਾ ਸਬੰਧ ਕੇਵਲ ਆਤਮਗਤ ਵਿਚਾਰਵਾਦ ਤੇ ਵਸਤੂਗਤ ਵਿਚਾਰਵਾਦ ਤੱਕ ਸੀਮਤ ਹੋਵੇਗਾ।

## 1.2.6 ਆਤਮਗਤ ਵਿਚਾਰਵਾਦ (Subjective Ideaism)

ਜਾਰਜ ਬਰਕਲੇ ਆਤਮਗਤ ਵਿਚਾਰਵਾਦ ਦਾ ਪ੍ਰਮੁੱਖ ਸਮਰਥਕ ਸੀ। ਉਸਦੀ ਵਿਚਾਰਧਾਰਾ ਨੂੰ ਮਨਸਵਾਦ ਅਤੇ ਅਧਿਆਤਮਕਵਾਦ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਬਰਕਲੇ ਨੇ ਦਵੈਤਵਾਦ ਦਾ ਵਿਰੋਧ ਕੀਤਾ ਕਿਉਂਕਿ ਦਵੈਤਵਾਦ ਵਿਚ ਆਤਮਾ ਤੇ ਮਨ ਨੂੰ ਵੀ ਭੌਤਿਕ ਪਦਾਰਥ ਹੀ ਮੰਨਿਆ ਜਾਂਦਾ ਸੀ। ਅੰਤ ਬਰਕਲੇ ਨੇ ਸਧਾਰਨ ਯਥਾਰਥਵਾਦ ਦਾ ਵਿਰੋਧ ਕਰਦੇ ਹੋਏ ਲਾਕ ਦੇ ਵਿਚਾਰਾਂ ਦਾ ਸਮਰਥਨ ਕੀਤਾ। ਉਸਦਾ ਵਿਚਾਰ ਸੀ ਕਿ ਵਸਤੂ ਦੇ ਗੌਣ ਗੁਣ ਮਨ ਵਿਚ ਹੀ ਉਤਪੰਨ ਹੁੰਦੇ ਹਨ। ਰਾਈਟ ਨੇ ਆਪਣੀ ਪੁਸਤਕ History of Modern Philosophy ਵਿਚ ਬਰਕਲੇ ਦੇ ਮਤ ਨੂੰ ਮਨਸਵਾਦ ਦਾ ਨਾਓ ਦੇਣਾ ਉੱਚਿਤ ਠਹਿਰਾਇਆ ਹੈ। ਬਰਕਲੇ ਅਨੁਸਾਰ ਵਸਤੂ ਦੀ ਹੋਂਦ ਮਨ ਦੇ ਕਾਰਣ ਹੈ, ਆਪਣੇ ਆਪ ਨਹੀਂ। ਉਹ ਬਾਹਰੀ ਸੰਸਾਰ ਨੂੰ ਮਨ ਦਾ ਪ੍ਰਤੱਖੀਕਰਨ ਮੰਨਦਾ ਹੈ। ਸੱਚੀ ਵਾਸਤਵਿਕਤਾ ਮਨ ਹੀ ਹੈ। ਗਿਆਨ ਦੇ ਸਾਰੇ ਵਿਸ਼ੇ ਆਤਮਗਤ ਹਨ ਭਾਵ ਮਨ ਉਪਰ ਨਿਰਭਰ ਹਨ। ਬਰਕਲੇ ਦਾ ਵਿਚਾਰ ਹੈ ਕਿ ਜਾਂ ਤਾਂ ਕੇਵਲ ਮਨ ਹੀ ਹੈ ਜਾਂ ਪ੍ਰਤੀਬਿੰਬ ਹਨ। ਇਨ੍ਹਾਂ ਦੇ ਇਲਾਵਾ ਕੁਝ ਨਹੀਂ ਹੈ। ਜੇ ਕੋਈ ਮਨ ਦਾ ਵਿਸ਼ਾ ਨਹੀਂ, ਉਸ ਦੀ ਕੋਈ ਹੋਂਦ ਨਹੀਂ। ਮਨ ਦਾ ਵਿਸ਼ਾ ਹੋਣ ਤੋਂ ਇਹ ਅਰਥ ਨਹੀਂ ਕਿ ਉਹ ਮੇਰੇ ਮਨ ਵਿਚ ਹੋਵੇ ਕਿਉਂਕਿ ਮੇਰੇ ਇਲਾਵਾ ਸੰਸਾਰ ਦੇ ਦੂਸਰੇ ਮਨ ਵੀ ਹਨ। ਸੀਮਤ ਮਨ ਵਿਚ ਅਨੇਕ ਪ੍ਰਕਾਰ ਦੇ ਵਿਚਾਰ ਨਹੀਂ ਹੁੰਦੇ। ਪ੍ਰਤੀਬਿੰਬ ਮਨੁੱਖਾਂ ਉੱਤੇ ਅਤੇ ਗਿਆਨ ਵਸਤੂ ਦੇ ਅਨੁਕੂਲ ਹੈ। ਗਿਆਨ ਵਸਤਾਂ ਦਾ ਪ੍ਰਤੱਖ ਗਿਆਨ ਹੈ, ਵਸਤਾਂ ਸਾਰਵਜਨਕ ਨਹੀਂ ਹਨ। ਇਸ ਪ੍ਰਕਾਰ ਬਰਕਲੇ ਕੇਵਲ ਸੀਮਤ ਅਤੇ ਅਸੀਮਤ ਮਨ ਅਤੇ ਉਸਦੇ ਵਿਚਾਰਾਂ ਪ੍ਰਤੀਬਿੰਬਾਂ ਤੇ ਵਾਸਤਵਿਕ ਵਸਤੂਆਂ ਦੀ ਹੋਂਦ ਸਮੇਤ ਮਨ ਦੇ ਆਤਮਗਤ ਵਿਚਾਰਵਾਦ ਤੇ ਪਹੁੰਚਦਾ ਹੈ। ਉਸਦਾ ਦਰਸ਼ਨ ਆਤਮਗਤ ਹੈ ਕਿਉਂਕਿ ਉਹ ਗਿਆਨ ਦੇ ਸਾਰੇ ਵਿਸ਼ਿਆਂ ਨੂੰ ਮਨ ਉਪਰ ਨਿਰਭਰ ਮੰਨਦਾ ਹੈ।

## 1.2.7 ਆਤਮਗਤ ਵਿਚਾਰਵਾਦ ਦੇ ਮੁੱਖ ਸਿਧਾਂਤ

**1. ਸੱਤਾ ਦ੍ਰਿਸ਼ਟਤਾ (Esse Est Percipi)**

ਸੱਤਾ ਜਾਂ ਹੋਂਦ ਪ੍ਰਤੱਖ ਵਿੱਚ ਹੈ। ਇਸ ਸਿਧਾਂਤ ਵਿੱਚ ਉਸਨੇ ਵਸਤੂਆਂ ਦੀ ਸੱਤਾ ਨੂੰ ਵੀ ਮਾਨਸਿਕ ਸਿੱਧ ਕਰ ਦਿੱਤਾ ਹੈ। ਬਰਕਲੇ ਕਹਿੰਦਾ ਹੈ ਕਿ ਵਸਤੂਆਂ ਮਨ ਵਿੱਚ ਹੀ ਹੋਂਦ ਰੱਖਦੀਆਂ ਹਨ। ਇਹ ਜ਼ਰੂਰੀ ਨਹੀਂ ਕਿ ਉਹ ਮੇਰੇ ਮਨ

ਦਾ ਵਿਸ਼ਾ ਹੋਣ ਪਰ ਉਨ੍ਹਾਂ ਦਾ ਕਿਸੇ ਨਾ ਕਿਸੇ ਮਨ ਦੇ ਪ੍ਰਤੱਖ ਦਾ ਵਿਸ਼ਾ ਹੋਣਾ ਜ਼ਰੂਰੀ ਹੈ। ਉਸਦਾ ਦਰਸ਼ਨ ਆਤਮਗਤ ਹੈ ਕਿਉਂਕਿ ਉਹ ਗਿਆਨ ਦੇ ਸਾਰੇ ਵਿਸ਼ਿਆਂ ਨੂੰ ਮਨ ਉਪਰ ਨਿਰਭਰ ਮੰਨਦਾ ਹੈ।

### 2. ਪ੍ਰਤੀਮਾਵਾਂ ਦੀ ਮਨੁੱਖਾਂ ਉਪਰ ਨਿਰਭਰਤਾ

ਸੰਸਾਰ ਵਿੱਚ ਦੋ ਕਿਸਮਾਂ ਦੀਆਂ ਵਸਤੂਆਂ ਦੀ ਹੋਂਦ ਹੈ :-

(1) ਪ੍ਰਤੀਮਾਵਾਂ (2) ਯਥਾਰਥ ਵਸਤਾਂ

ਪ੍ਰਤੀਮਾਵਾਂ ਦੀ ਹੋਂਦ ਮਨੁੱਖਾਂ ਉਪਰ ਨਿਰਭਰ ਹੈ ਅਤੇ ਯਥਾਰਥ ਵਸਤਾਂ ਦੀ ਹੋਂਦ ਪ੍ਰਮਾਤਮਾ ਤੇ ਨਿਰਭਰ ਹੈ। ਪ੍ਰਤੀਮਾਵਾਂ ਦੀ ਹੋਂਦ ਅਤੇ ਸਵਰੂਪ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਉਹ ਸੀਮਾਵਾਂ ਮਨਾਂ ਦੁਆਰਾ ਕਿਸ ਪ੍ਰਕਾਰ ਜਾਣੀਆਂ ਜਾ ਸਕਦੀਆਂ ਹਨ। ਇਸ ਪ੍ਰਕਾਰ ਯਥਾਰਥ ਵਸਤਾਂ ਦੀ ਹੋਂਦ ਤੇ ਸਵਰੂਪ ਇਸ ਗੱਲ ਤੇ ਨਿਰਭਰ ਹੈ ਕਿ ਉਹ ਪ੍ਰਮਾਤਮਾ ਦੁਆਰਾ ਕਿਵੇਂ ਜਾਣੀਆਂ ਜਾਂਦੀਆਂ ਹਨ।

### 3. ਵਸਤੂਆਂ ਅਤੇ ਗਿਆਨ ਦੀ ਅੰਤਰ-ਨਿਰਭਰਤਾ

ਬਰਕਲੇ ਅਨੁਸਾਰ ਵਸਤਾਂ ਗਿਆਨ ਤੇ ਗਿਆਨ ਵਸਤਾਂ ਉਤੇ ਨਿਰਭਰ ਹਨ। ਗਿਆਨ ਤੋਂ ਬਾਹਰੀ ਚੀਜ਼ਾਂ ਦੀ ਕੋਈ ਹੋਂਦ ਨਹੀਂ ਹੈ ਤੇ ਗਿਆਨ ਨਾਲ ਹੀ ਵਸਤੂ ਦਾ ਗੁਣ ਤੇ ਸਰੂਪ ਨਿਸ਼ਚਿਤ ਹੁੰਦਾ ਹੈ। ਇਹ ਜ਼ਰੂਰੀ ਨਹੀਂ ਕਿ ਵਸਤੂ ਦਾ ਗਿਆਨ ਸੀਮਤ ਮਨ ਹੋਵੇ। ਉਹ ਅਸੀਮ ਮਨ ਪ੍ਰਮਾਤਮਾ ਵਿਚ ਵੀ ਹੋ ਸਕਦਾ ਹੈ। ਇਸਦਾ ਅਰਥ ਹੈ ਕਿ ਵਸਤੂਆਂ ਗਿਆਨ ਅਤੇ ਗਿਆਨ ਵਸਤੂਆਂ ਦੇ ਅਨੁਰੂਪ ਹੈ।

### 4. ਵਸਤਾਂ ਦਾ ਸਿੱਧਾ ਗਿਆਨ

ਬਰਕਲੇ ਦਾ ਵਿਸ਼ਵਾਸ ਕਿ ਸਾਰਾ ਗਿਆਨ ਸਿੱਧਾ ਗਿਆਨ ਹੈ। ਸੰਸਾਰ ਵਿਚ ਮਨ ਤੇ ਉਸਦੇ ਵਿਚਾਰਾਂ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਗਿਆਨ ਵਸਤੂ ਦਾ ਪ੍ਰਤੱਖ ਜਾਂ ਸਿੱਧਾ ਗਿਆਨ ਹੈ।

### 5. ਭੋਤਿਕਵਾਦ ਦਾ ਵਿਰੋਧ

ਭੋਤਿਕਵਾਦ ਵਸਤਾਂ ਦੀ ਹੋਂਦ ਨਹੀਂ ਮੰਨਦਾ। ਇਸ ਤਰ੍ਹਾਂ ਉਹ ਭੋਤਿਕਵਾਦ ਅਤੇ ਨਾਸਤਕਵਾਦ ਦਾ ਖੰਡਨ ਕਰਦਾ ਹੈ।

### 6. ਵਸਤਾਂ ਦਾ ਨਿੱਜੀ ਅਨੁਭਵ

ਬਰਕਲੇ ਅਨੁਸਾਰ ਵਸਤਾਂ ਨਿੱਜੀ ਹਨ, ਸਰਵਜਨਿਕ ਨਹੀਂ। ਭਾਵ ਹਰੇਕ ਮਨ ਦਾ ਅਨੁਭਵ ਨਿੱਜੀ ਹੈ ਹਾਂ ਕੇਵਲ ਪ੍ਰਮਾਤਮਾ ਅਨੇਕ ਮਨਾ ਵਿਚ ਇਕੋ ਜਿਹਾ ਅਨੁਭਵ ਪੈਦਾ ਕਰ ਸਕਦਾ ਹੈ।

### 7. ਪ੍ਰਮਾਤਮਾ ਵਿਚ ਵਿਸ਼ਵਾਸ

ਆਤਮਗਤ ਵਿਚਾਰਵਾਦ ਈਸ਼ਵਰਵਾਦ ਵਿੱਚ ਵਿਸ਼ਵਾਸ ਰੱਖਦਾ ਹੈ। ਇਹ ਮੰਨਦਾ ਹੈ ਕਿ ਪ੍ਰਮਾਤਮਾ ਹੀ ਸੰਸਾਰ ਦੀ ਵਿਵਸਥਾ ਅਤੇ ਵਾਸਤਵਿਕਤਾ ਦਾ ਮੂਲ ਕਾਰਨ ਹੈ ਅਤੇ ਗਿਆਨ ਦੀ ਸ਼ੁੱਧਤਾ ਤੇ ਪ੍ਰਾਕ੍ਰਿਤਕ ਨਿਯਮਾਂ ਦੀ ਨਿਯਮਤਤਾ ਪ੍ਰਮਾਤਮਾ ਦੇ ਕਾਰਨ ਹੀ ਹੈ।

### 8. ਵਸਤਾਂ ਦੇ ਗੁਣਾਂ ਦੀ ਸੱਤਾ ਵੀ ਦ੍ਰਿਸ਼ਟ ਸੱਤਾ ਹੈ

ਕੇਵਲ ਵਸਤੂ ਹੀ ਨਹੀਂ ਬਲਕਿ ਉਸਦੇ ਗੁਣਾਂ ਦੀ ਸੱਤਾ ਵੀ ਉਨ੍ਹਾਂ ਦੇ ਗਿਆਨ ਦਾ ਵਿਸ਼ਾ ਹੋਣ ਉਤੇ ਹੀ ਨਿਰਭਰ ਹੈ।

## 1.2.8 ਆਤਮਗਤ ਵਿਚਾਰਵਾਦ ਦੀ ਆਲੋਚਨਾ (Criticism)

ਆਤਮਗਤ ਆਦਰਸ਼ਵਾਦ ਦੀ ਆਲੋਚਨਾ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਕੀਤੀ ਜਾਂਦੀ ਹੈ। ਇਕ ਪਾਸੇ ਯਥਾਰਥਵਾਦੀ

ਜਿਨ੍ਹਾਂ ਵਿਚ ਜੀ.ਈ. ਮੂਰ ਹੈ। ਉਸਦਾ ਪ੍ਰਸਿੱਧ ਲੇਖ "Refutation of Ideaism" ਇਸ ਤਰ੍ਹਾਂ ਦੇ ਆਦਰਸ਼ਵਾਦ ਨੂੰ ਨਿਸ਼ਾਨਾ ਬਣਾਉਂਦਾ ਹੈ ਅਤੇ ਦੂਸਰੇ ਪਾਸੇ ਵਸਤੂ ਪੂਰਕ ਆਦਰਸ਼ਵਾਦੀ ਹਨ ਜਿਹਨਾਂ ਅਨੁਸਾਰ ਵਸਤੂਆਂ ਮਨ ਤੋਂ ਆਜ਼ਾਦ ਹੋਂਦ ਰੱਖ ਸਕਦੀਆਂ ਹਨ। ਆਤਮ-ਪੂਰਕ ਆਦਰਸ਼ਵਾਦ ਦੀ ਆਲੋਚਨਾ ਆਮ ਤੌਰ ਤੇ ਹੇਠ ਲਿਖੇ ਆਧਾਰਾਂ ਉਤੇ ਕੀਤੀ ਜਾ ਸਕਦੀ ਹੈ।

### 1. ਮੁੱਖ ਤੇ ਦੂਜੈਲੀ ਗੁਣ

ਬਰਕਲੇ ਨੇ ਜੋ ਮੁੱਖ ਤੇ ਦੂਜੈਲੀ ਗੁਣਾਂ ਵਿੱਚ ਅੰਤਰ ਖਤਮ ਕੀਤਾ ਹੈ ਉਹ ਤਾਂ ਠੀਕ ਹੋ ਸਕਦਾ ਹੈ। ਪ੍ਰੰਤੂ ਦੋਨਾਂ ਨੂੰ ਮਾਨਸਿਕ ਸਿੱਧ ਕਰਨਾ ਗਲਤ ਸਿੱਧ ਹੋ ਸਕਦਾ ਹੈ ਕਿਉਂਕਿ ਇਹ ਸੰਭਵ ਹੈ ਵਸਤੂਆਂ ਦੇ ਆਪਣੇ ਆਪ ਵਿੱਚ ਕੁਝ ਗੁਣ ਹੋਣ ਜਿਨ੍ਹਾਂ ਨੂੰ ਅਸੀਂ ਪੂਰੀ ਤਰ੍ਹਾਂ ਨਹੀਂ ਜਾਣਦੇ, ਜੇ ਜਾਣਦੇ ਵੀ ਹਾਂ ਤਾਂ ਪ੍ਰਤੱਖ ਗੁਣਾਂ ਵਿੱਚ ਉਹ ਪ੍ਰਗਟ ਹੁੰਦੇ ਹਨ, ਜਿਵੇਂ ਅਤਿ ਲਾਲ ਰੰਗ ਹੈ ਪਰ ਅੱਖ ਇਸਨੂੰ ਵੇਖ ਨਹੀਂ ਸਕਦੀ। ਇਹ ਵੀ ਸੰਭਵ ਹੈ ਕਿ ਮੁੱਖ ਅਤੇ ਦੂਜੈਲੀ ਗੁਣ ਦੋਵੇਂ ਵਸਤੂ-ਪੂਰਕ ਹੋਣ ਅਤੇ ਮਾਨਸਿਕ ਨਾ ਹੋਣ ਜਿਵੇਂ ਕਿ ਨਵ-ਯਥਾਰਥਵਾਦੀ ਸਿੱਧ ਕਰਦੇ ਹਨ। ਇਸਤੋਂ ਵਸਤੂਆਂ ਆਪਣੇ ਆਪ ਵਿੱਚ ਹੋਂਦ ਰੱਖ ਸਕਦੀਆਂ ਹਨ।

### 2. ਈਸ਼ਵਰ ਦੀ ਹੋਂਦ ਦਾ ਕੋਈ ਸਬੂਤ ਨਹੀਂ

ਆਲੋਚਕਾਂ ਦਾ ਵਿਚਾਰ ਹੈ ਕਿ ਬਰਕਲੇ ਆਪਣੇ ਦਰਸ਼ਨ ਵਿੱਚ ਪ੍ਰਮਾਤਮਾ ਨੂੰ ਸਭ ਕੁਝ ਮੰਨਦਾ ਹੈ ਪਰ ਉਹ ਉਸਦੀ ਹੋਂਦ ਦਾ ਕੋਈ ਸਬੂਤ ਨਹੀਂ ਦਿੰਦਾ। ਉਸਦਾ ਪ੍ਰਮਾਤਮਾ ਦਾ ਸੰਕਲਪ ਜਾਂ ਵਿਚਾਰ ਇਕ ਸੰਭਾਵਨਾ ਮਾਤਰ ਹੀ ਹੈ।

### 3. ਸੱਤਾ ਤੇ ਵਿਚਾਰ

ਬਰਕਲੇ ਦਾ ਪ੍ਰਸਿਧ ਕਥਨ ਹੈ, ''ਸੱਤਾ ਪ੍ਰਤੱਖ ਹੈ'' ਭਾਵ ਹੋਂਦ ਪ੍ਰਤੱਖ ਵਿੱਚ ਹੈ। ਵਾਸਤਵ ਵਿੱਚ ਸੱਤਾ ਜਾਂ ਹੋਂਦ ਵਸਤਾ ਦਾ ਵਿਸ਼ੇਸ਼ ਗੁਣ ਹੈ ਤੇ ਉਨ੍ਹਾਂ ਦਾ ਪਤਾ ਲੱਗਣਾ ਵਸਤਾਂ ਲਈ ਇਕ ਅਚਾਨਕ ਗੁਣ ਹੈ ਪ੍ਰਤੱਖੀਕਰਨ ਵੀ ਵਸਤੂ ਤੋਂ ਅਲੱਗ ਕੀਤਾ ਜਾ ਸਕਦਾ ਹੈ ਪਰ ਸੱਤਾ ਨੂੰ ਵਸਤੂ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ। ਵਸਤੂ ਦੀ ਸੱਤਾ ਤੇ ਵਸਤੂ ਦੇ ਵਿਚਾਰ ਦੀ ਸੱਤਾ ਵਿੱਚ ਅੰਤਰ ਕਰਨਾ ਚਾਹੀਦਾ ਹੈ। ਪ੍ਰੰਤੂ ਬਰਕਲੇ ਨੇ ਵਸਤੂ ਅਤੇ ਵਿਚਾਰ ਨੂੰ ਇਕ ਮੰਨ ਕੇ ਗਲਤੀ ਕੀਤੀ ਹੈ।

### 4. ਦੁਨੀਆਂ ਦੀ ਅਨੇਕਤਾ

ਬਰਕਲੇ ਮੰਨਦਾ ਹੈ ਕਿ ਵਿਅਕਤੀਗਤ ਮਨ ਅਨੇਕ ਤੇ ਅਲੱਗ-ਅਲੱਗ ਹਨ। ਇਸ ਲਈ ਹਰ ਇਕ ਦੀ ਦੁਨੀਆਂ ਆਪਣੀ ਹੋਣੀ ਚਾਹੀਦੀ ਹੈ। ਇਸ ਪ੍ਰਕਾਰ ਇਕ ਦੁਨੀਆਂ ਦੀ ਬਜਾਏ ਕਈ ਦੁਨੀਆਂ ਹੋਣੀਆਂ ਚਾਹੀਦੀਆਂ ਹਨ ਜੋ ਕਿ ਕੇਵਲ ਅਜੀਬ ਹੀ ਨਹੀਂ, ਆਮ ਬੁੱਧੀ ਵਿਰੁੱਧ ਵੀ ਹੈ ਕਿਉਂਕਿ ਅਸੀਂ ਜਾਣਦੇ ਹਾਂ ਕਿ ਦੁਨੀਆਂ ਇਕ ਹੈ ਤੇ ਸਭ ਉਸ ਵਿੱਚ ਰਹਿੰਦੇ ਹਨ।

### 5. ਵਸਤਾਂ ਦੇ ਗੁਣ

ਬਰਕਲੇ ਨੇ ਵਸਤਾਂ ਦੇ ਮੁੱਢਲੇ ਅਤੇ ਦਵੈਤਿਕ ਗੁਣਾਂ ਦੇ ਭੇਦ-ਭਾਵ ਨੂੰ ਖਤਮ ਕੀਤਾ ਹੈ। ਉਹ ਤਾਂ ਠੀਕ ਹੋ ਸਕਦਾ ਹੈ ਪਰ ਦੋਨਾਂ ਨੂੰ ਮਾਨਸਿਕ ਸਾਬਤ ਕਰਨਾ ਗਲਤ ਹੋ ਸਕਦਾ ਹੈ ਕਿਉਂਕਿ ਇਹ ਹੋ ਸਕਦਾ ਕਿ ਵਸਤੂਆਂ ਦੇ ਆਪਣੇ ਆਪ ਵਿਚ ਕੁਝ ਗੁਣ ਹੋਣ ਜਿਨ੍ਹਾਂ ਨੂੰ ਅਸੀਂ ਪੂਰੀ ਤਰ੍ਹਾਂ ਨਾ ਜਾਣਦੇ ਹੋਈਏ। ਇਹ ਵੀ ਸੰਭਵ ਹੈ ਕਿ ਮੁੱਢਲੇ ਤੇ ਦਵੈਤਿਕ ਗੁਣ ਵਸਤੂਗਤ ਹੋਣ ਅਤੇ ਮਾਨਸਿਕ ਨਾ ਹੋਣ, ਜਿਵੇਂ ਕਿ ਨਵ-ਯਥਾਰਥਵਾਦੀਆਂ ਦਾ ਵਿਚਾਰ ਹੈ। ਇਸ ਲਈ ਵਸਤਾਂ ਆਪਣੇ ਆਪ ਵਿਚ ਹੋਂਦ ਰੱਖ ਸਕਦੀਆਂ ਹਨ।

### 6. ਪ੍ਰਾਰੰਭਿਕ ਦੋਸ਼ ਦੀ ਭੁੱਲ

ਆਰ.ਬੀ. ਪੈਰੀ ਨੇ ਬਰਕਲੇ ਦੇ ਆਤਮਗਤ ਵਿਚਾਰਵਾਦ ਵਿਚ ਪ੍ਰਾਰੰਭਿਕ ਦੋਸ਼ ਦੀ ਭੁਲ ਵਿਖਾਈ ਹੈ। ਕਿਸੇ ਭੁੱਲ ਦਾ ਸਾਨੂੰ ਪ੍ਰਤੱਖ ਹੁੰਦਾ ਹੈ। ਇਸ ਤੋਂ ਇਹ ਨਹੀਂ ਕਹਿਣਾ ਚਾਹੀਦਾ ਕਿ ਪ੍ਰਤੱਖ ਹੋਣਾ ਹੀ ਉਸਦਾ ਇਕ ਮਾਤਰ ਗੁਣ ਹੈ। ਵਾਸਤਵ ਵਿਚ ਵਸਤੂ ਦਾ ਇਕ ਮਾਤਰ ਗੁਣ ਪ੍ਰਤੱਖ ਹੋਣਾ ਨਹੀਂ ਹੈ। ਪ੍ਰਤੱਖ ਦੀ ਘਾਟ ਨਾਲ ਵੀ ਉਸਦੀ ਹੋਂਦ ਸੰਭਵ ਹੈ। ਵਸਤੂ ਉੱਤੇ ਪ੍ਰਾਰੰਭਿਕ ਦੋਸ਼ ਇਹ ਜ਼ਰੂਰੀ ਹੈ ਕਿ ਉਸਦਾ ਪ੍ਰਤੱਖ ਹੁੰਦਾ ਹੈ, ਪਰ ਇਸ ਨਾਲ ਇਹ ਸਿੱਧ ਨਹੀਂ ਹੁੰਦਾ ਕਿ ਇਸਦੀ ਘਾਟ ਵਿੱਚ ਉਸਦੀ ਹੋਂਦ ਹੀ ਨਹੀਂ ਹੈ। ਬਰਕਲੇ ਕਦੇ ਵੀ ਇਹ ਨਹੀਂ ਕਹਿੰਦਾ ਹੈ ਕਿ ਕਿਉਂਕਿ ਮੈਨੂੰ ਵਸਤੂ ਪ੍ਰਤੱਖ ਹੁੰਦਾ ਹੈ ਇਸ ਲਈ ਮੇਰੇ ਪ੍ਰਤੱਖ ਦੀ ਘਾਟ ਵਿੱਚ ਉਸਦੀ ਹੋਂਦ ਹੀ ਨਹੀਂ ਹੋਵੇਗੀ। ਉਸ ਅਨੁਸਾਰ ਵਸਤੂ ਦੀ ਹੋਂਦ ਸੀਮਤ ਮਨਾਂ ਉਤੇ ਨਹੀਂ ਪਰ ਮਹਾਨ ਮਨ ਪ੍ਰਮਾਤਮਾ ਦਾ ਵਿਚਾਰ ਹੋਣ ਉਪਰ ਨਿਰਭਰ ਹੈ, ਵਸਤੂ ਦੀ ਹੋਂਦ ਮੇਰੇ ਪ੍ਰਤੱਖ ਅਤੇ ਸੰਕਲਪ ਤੇ ਨਿਰਭਰ ਨਹੀਂ ਕਰਦੀ।

### 7. ਆਤਮ ਕੇਂਦਰ ਕਠਿਨਾਈ ਦਾ ਦੋਸ਼

ਬਰਕਲੇ ਨੇ ਸਾਰੇ ਸੰਸਾਰ ਨੂੰ ਆਤਮ ਕੇਂਦਰਤ, ਆਤਮਗਤ ਜਾਂ ਮਨੁੱਖ ਦਾ ਅਨੁਭਵ ਮਾਤਰ ਦੱਸਿਆ ਹੈ। ਪ੍ਰੰਤੂ ਬਰਕਲੇ ਉਪਰ ਇਹ ਇਤਰਾਜ ਨਿਰਾਧਾਰ ਹੈ ਕਿਉਂਕਿ ਬਰਕਲੇ ਅਨੇਕ ਸੀਮਤ ਮਨਾਂ ਅਤੇ ਨਾਲ ਹੀ ਨਾਲ ਮਹਾਨ ਮਨ ਨੂੰ ਮੰਨਦਾ ਹੈ ਤੇ ਵਸਤੂ ਸੰਸਾਰ ਦੀ ਹੋਂਦ ਮਨੁੱਖ ਦੇ ਸੀਮਤ ਮਨਾਂ ਦਾ ਵਿਚਾਰ ਹੋਣ ਕਰਕੇ ਨਹੀਂ ਬਲਕਿ ਮਹਾਨ ਮਨ ਦਾ ਵਿਚਾਰ ਹੋਣ ਨਾਲ ਹੈ। ਦੂਸਰੇ ਵਸਤੂਆਂ ਦੇ ਗੁਣ ਮਨ ਉਪਰ ਨਿਰਭਰ ਨਹੀਂ ਹੁੰਦੇ ਪਰ ਵਸਤੂ ਦਾ ਗਿਆਨ ਦਾ ਵਿਸ਼ਾ ਬਣ ਜਾਂਦਾ ਅਤੇ ਨਿਸ਼ਚੇ ਹੀ ਉਸਦੇ ਗੁਣ ਮਨ ਉਪਰ ਨਿਰਭਰ ਹੁੰਦੇ ਹਨ।

### 1.2.9 ਵਸਤੂ-ਪੂਰਕ ਆਦਰਸ਼ਵਾਦ (Objective Ideaism)

ਵਸਤੂ ਪੂਰਕ ਆਦਰਸ਼ਵਾਦ ਅਨੁਸਾਰ ਵਸਤਾਂ ਕਿਸੇ ਵਿਅਕਤੀਗਤ ਮਨ ਦੇ ਆਦਰਸ਼ ਨਹੀਂ ਹਨ ਜਿਵੇ ਕਿ ਬਰਕਲੇ ਨੇ ਸਿੱਧ ਕੀਤਾ ਹੈ ਸਗੋਂ ਵਸਤਾਂ ਅਨੁਭਵ ਕਰ ਰਹੇ ਮਨ ਦੇ ਬਾਹਰ ਆਜ਼ਾਦ ਹੋਂਦ ਰੱਖਦੀਆਂ ਹਨ ਅਰਥਾਤ ਉਹ ਆਤਮ ਪੂਰਕ ਨਹੀਂ ਸਗੋਂ ਵਸਤੂ ਪੂਰਕ ਹਨ। ਉਨ੍ਹਾਂ ਦੀ ਹੋਂਦ ਆਪਣੇ ਆਪ ਵਿੱਚ ਹੈ, ਅਜਿਹਾ ਹੀ ਯਥਾਰਥਵਾਦੀ ਵੀ ਸਿਧ ਕਰਦੇ ਹਨ। ਵਸਤੂ ਪੂਰਕ ਆਦਰਸ਼ਵਾਦੀ ਤੇ ਯਥਾਰਥਵਾਦੀ ਦੋਂਵੇ ਬਰਕਲੇ ਦੇ ਆਤਮ ਪੂਰਕ ਆਦਰਸ਼ਵਾਦ ਦਾ ਖੰਡਨ ਕਰਕੇ ਇਸ ਅਵਸਥਾ ਨੂੰ ਸਿੱਧ ਕਰਦੇ ਹਨ ਕਿ ਦੁਨੀਆਂ ਤੇ ਵਸਤਾਂ ਮਨ ਦੇ ਵਿਚਾਰ ਵਿਚ ਨਹੀਂ ਹੋ ਸਕਦੀਆਂ। ਪ੍ਰੰਤੂ ਇਨ੍ਹਾਂ ਦੋਹਾਂ ਵਿੱਚ ਅੰਤਰ ਇਹ ਹੈ ਕਿ ਯਥਾਰਥਵਾਦੀ ਇਹ ਨਹੀਂ ਕਹਿੰਦੇ ਹਨ ਕਿ ਵਸਤਾਂ ਦਾ ਸਰੂਪ ਮਾਨਸਿਕ ਹੈ, ਜਦੋਂ ਕਿ ਵਸਤੂ ਪੂਰਕ ਆਦਰਸ਼ਵਾਦ ਦੁਨੀਆਂ ਤੇ ਵਸਤਾਂ ਨੂੰ ਇਕ ਹੀ ਤਰ੍ਹਾਂ ਦੇ ਮੂਲ ਤੱਤਾ ਤੋਂ ਪੈਦਾ ਹੋਇਆ ਮੰਨਦਾ ਹੈ ਤੇ ਉਹ ਤੱਤ ਅਧਿਆਤਮਕ ਹਨ। ਵਸਤੂ ਪੂਰਕ ਆਦਰਸ਼ਵਾਦ ਕਹਿੰਦਾ ਹੈ ਕਿ ਦੁਨੀਆਂ ਵਿੱਚ ਵਸਤਾਂ ਦੀ ਵਿਸ਼ੇਸ ਥਾਂ ਹੈ ਤੇ ਉਹ ਥਾਂ ਜਾਤੀ ਮਨ ਦੀ ਉਪਜ ਨਹੀਂ ਹੋ ਸਕਦੀ ਕਿਉਂਕਿ ਇਹ ਥਾਂ ਜਾਂ ਪ੍ਰਬੰਧ ਵਿਅਕਤੀ ਦੇ ਜੀਵਨ ਤੋਂ ਆਜ਼ਾਦ ਹੈ। ਇਹ ਦੁਨਿਆਵੀ ਪ੍ਰਬੰਧ ਇਕ ਉਦੇਸ਼ ਤੇ ਆਧਾਰਤ ਹੈ। ਸੰਸਾਰ ਦਾ ਨਿਯਮ ਇਸੇ ਪ੍ਰਯੋਜਨ ਨੂੰ ਪ੍ਰਗਟ ਕਰਦਾ ਹੈ ਤੇ ਇਹ ਉਦੇਸ਼ ਇਕ ਪਰਮ ਤੱਤ ਤੇ ਪਰਮ ਮਨ ਨੂੰ ਪ੍ਰਗਟ ਕਰ ਰਿਹਾ ਹੈ। ਵਸਤੂ-ਪੂਰਕ ਆਦਰਸ਼ਵਾਦ ਅਨੁਸਾਰ ਵਸਤਾਂ ਭਾਵੇਂ ਭੌਤਿਕ, ਜੀਵੀ, ਚੇਤਨ ਤੇ ਜੜਤ ਵਿਖਾਈ ਦੇਂਦੀਆਂ ਹਨ। ਪ੍ਰੰਤੂ ਉਨ੍ਹਾਂ ਦੀ ਸਭ ਤੋਂ ਅੰਤਮ ਅਸਲੀਅਤ ਅਧਿਆਮਕ ਹੋਂਦ ਹੀ ਹੈ, ਸਭ ਕੁਝ ਮਾਨਸਿਕ ਤੱਤਾਂ ਦਾ ਬਣਿਆ ਹੋਇਆ ਹੈ।

ਵਸਤੂ ਪੂਰਕ ਆਦਰਸ਼ਵਾਦ ਹੇਠ ਲਿਖੇ ਆਧਾਰਾਂ ਤੇ ਆਪਣੇ ਦ੍ਰਿਸ਼ਟੀਕੋਣ ਨੂੰ ਸਿੱਧ ਕਰਦਾ ਹੈ ਕਿ ਸਭ ਕੁਝ ਮਾਨਸਿਕ ਤੱਤ ਦਾ ਬਣਿਆ ਹੋਇਆ ਹੈ :-

## 1. ਗਿਆਨ ਵਿਗਿਆਨ ਦਲੀਲ

ਗਿਆਨ ਦੀ ਪ੍ਰਣਾਲੀ ਦਾ ਸੂਖਮ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਿੱਧ ਹੁੰਦਾ ਹੈ ਕਿ ਵਸਤਾਂ ਦਾ ਮਾਨਸਿਕ ਢਾਂਚਾ ਹੈ ਕਿਉਂਕਿ ਇਕ ਵਸਤੂ ਤਾਂ ਹੀ ਮੰਨੀ ਜਾਏਗੀ। ਜਦੋਂ ਉਹ ਇਕ ਅਨੁਭਵ ਕਰ ਰਹੇ ਮਨ ਦੇ ਸੰਪਰਕ ਵਿਚ ਆਏਗੀ। ਹੁਣ ਉਸਦਾ ਇਹ ਸੰਬੰਧ ਅੰਦਰੂਨੀ ਹੈ ਜੋ ਉਸ ਵਸਤੂ ਦੇ ਸਰੂਪ ਨੂੰ ਬਣਾ ਕੇ ਮਾਨਸਿਕ ਕਰ ਦੇਂਦਾ ਹੈ। ਗਿਆਨ ਦਾ ਢੰਗ ਮਾਨਸਿਕ ਹੈ ਤੇ ਇਸ ਵਿਚ ਵਸਤੂ ਅਤੇ ਮਨ ਦਾ ਸੰਬੰਧ ਜੁੜਦਾ ਹੈ। ਮਨ ਦੇ ਇਸ ਸੰਬੰਧ ਦੇ ਬਾਹਰ ਵਸਤੂ ਦੇ ਢਾਂਚੇ ਨੂੰ ਜਾਨਣਾ ਅਸੰਭਵ ਹੈ। ਗਿਆਨ ਵਿਗਿਆਨਕ ਢੰਗ ਨਾਲ ਵਸਤੂ ਨੂੰ ਮਾਨਸਿਕ ਬਣਾ ਲੈਂਦਾ ਹੈ ਕਿਉਂਕਿ ਉਹ ਮਾਨਸਿਕ ਸੰਬੰਧ ਨਾਲ ਜੁੜਦਾ ਹੈ। ਜੋ ਕੁਝ ਮਨ ਨਾਲ ਸੰਬੰਧਤ ਹੈ, ਉਹ ਮਾਨਸਿਕ ਤੇ ਮਾਨਸਿਕ ਸੰਬੰਧਾਂ ਬਿਨਾਂ ਕੁਝ ਨਹੀਂ। ਜੇ ਗਿਆਨ ਦੇ ਬਾਹਰ ਕੋਈ ਵੱਖਰੀ ਦੁਨੀਆਂ ਹੈ ਤਾਂ ਉਹ ਵੀ ਮਾਨਸਿਕ ਹੋਣੀ ਚਾਹੀਦੀ ਹੈ, ਨਹੀਂ ਤਾਂ ਮਨ ਉਸਨੂੰ ਸਮਝ ਕਿਵੇਂ ਸਕਦਾ ਹੈ। ਜੇ ਗਿਆਨ ਸੰਭਵ ਹੋਵੇ ਤਾਂ ਇਹ ਸਿੱਧ ਹੁੰਦਾ ਹੈ ਕਿ ਦੁਨੀਆਂ ਮਾਨਸਿਕ ਹੈ।

## 2. ਕੁਦਰਤ ਦੀ ਇਕਰੂਪਤਾ ਉਤੇ ਆਧਾਰਿਤ ਦਲੀਲ

ਕੁਦਰਤ ਅਤੇ ਦੁਨੀਆਂ ਦੇ ਪ੍ਰਬੰਧ ਦੇ ਨਿਰੀਖਣ ਤੋਂ ਪਤਾ ਲੱਗਦਾ ਹੈ ਕਿ ਇਸ ਵਿਚ ਵਸਤਾ ਇਕ ਰੂਪ ਹਨ ਇਸ ਗੱਲ ਦੀ ਵਿਆਖਿਆ ਕੁਦਰਤ ਦਾ ਇਕਰੂਪਤਾ ਦਾ ਨਿਯਮ ਹੀ ਕਰਦਾ ਹੈ ਹੁਣ ਜੇ ਇਸ ਨਿਯਮ ਦੇ ਆਧਾਰ ਤੇ ਦਲੀਲ ਦਿੱਤੀ ਜਾਵੇ ਤਾਂ ਇਸਦਾ ਰੂਪ ਇਹ ਹੋਵੇਗਾ ਕਿ ਜੋ ਕੁਝ ਮਨ ਪ੍ਰਤੱਖ ਵੇਖਦਾ ਹੈ, ਉਹ ਗਿਆਨ ਦਾ ਹਿੱਸਾ ਬਣ ਕੇ ਮਾਨਸਿਕ ਹੈ ਪ੍ਰੰਤੂ ਜੇ ਗਿਆਨ ਦੀ ਪ੍ਰਣਾਲੀ ਦੇ ਬਾਹਰ ਦੁਨੀਆਂ ਹੈ, ਉਹ ਵੀ ਕਿਸੇ ਮੁਤਾਬਿਕ ਹੋਣੀ ਵਧੇਰੇ ਉਚਿਤ ਹੈ ਬਜਾਏ ਇਸਦੇ ਕਿ ਉਹ ਮਾਨਸਿਕ ਨਾ ਹੁੰਦਾ ਜੋ ਅਨੁਭਵ ਕੀਤਾ ਜਾਂਦਾ ਹੈ, ਉਹ ਮਾਨਸਿਕ ਹੈ। ਜੋ ਅਨੁਭਵ ਨਹੀਂ ਕੀਤਾ ਜਾ ਰਿਹਾ, ਉਹ ਦੀ ਮਾਨਸਿਕ ਹੋਣਾ ਚਾਹੀਦਾ ਹੈ। ਇਹ ਵਿਚਾਰ ਕੁਦਰਤ ਦੀ ਇਕਰੂਪਤਾ ਦੇ ਨਿਯਮ ਅਨੁਸਾਰ ਹੈ। ਇਥੇ ਭਾਰਤ ਦਾ ਪ੍ਰਸਿਧ ਦਾਰਸ਼ਨਿਕ ਸੰਕਰਚਾਰੀਆ ਇਸ ਤਰ੍ਹਾਂ ਦਲੀਲ ਦੇਂਦਾ ਹੈ ਕਿ ਮਨ ਦੁਨੀਆਂ ਨੂੰ ਜਾਣ ਸਕਦਾ ਹੈ ਅਨੁਭਵ ਕਰ ਸਕਦਾ ਹੈ ਤੇ ਅਜਿਹੇ ਕੰਮ ਵਿਚ ਸਾਰੀ ਦੁਨੀਆਂ ਮਨ ਦੀ ਬਣ ਜਾਂਦੀ ਹੈ ਤੇ ਉਹ ਮਨ ਦੇ ਨਿਯਮ ਅਧੀਨ ਹੋ ਜਾਂਦੀ ਹੈ।

## 3. ਵਿਕਾਸਵਾਦੀ ਦਲੀਲ

ਦੁਨੀਆਂ ਵਿੱਚ ਸਭ ਵਸਤਾਂ ਉਚ-ਨੀਚ ਪੱਥਰਾਂ ਤੇ ਸਥਿਤ ਨਜ਼ਰ ਆਉਂਦੀਆਂ ਹਨ ਜਿਵੇਂ ਸਥਿਰ ਬੂਟੇ, ਪਸ਼ੂ ਤੇ ਮਨੁੱਖ ਤੇ ਇੰਝ ਦਿਖਾਈ ਦੇਂਦਾ ਹੈ ਕਿ ਇਹ ਵਿਕਾਸ ਦਾ ਫਲ ਹੈ ਤੇ ਇਹ ਵਿਕਾਸ ਸਿਥਰ ਤੋਂ ਚੇਤਨ ਵੱਲ ਚਲਦਾ ਹੈ। ਇਕ ਤਾਂ ਵਿਕਾਸਵਾਦੀ ਪੱਧਰ ਚੇਤਨ ਨੂੰ ਸਭ ਤੋਂ ਉਤਲਾ ਤੱਤ ਸਿੱਧ ਕਰਦੇ ਹਨ ਤੇ ਦੂਸਰੇ ਇਸ ਵਿਕਾਸ ਦੇ ਢੰਗ ਦੀ ਦਿਸ਼ਾ ਚੇਤਨ ਤੱਤ ਨੂੰ ਵੱਧ ਤੋਂ ਵੱਧ ਪ੍ਰਗਟ ਕਰਨ ਦੀ ਹੈ ਜੋ ਇਹ ਸਿੱਧ ਕਰਦੀ ਹੈ ਕਿ ਵਿਕਾਸ ਇਕ ਵਿਸ਼ੇਸ਼ ਉਦੇਸ਼ ਅਨੁਸਾਰ ਚਲ ਰਿਹਾ ਹੈ। ਇਸ ਉਦੇਸ਼ ਦੀ ਵਿਆਖਿਆ ਕੇਵਲ ਇਕ ਚੁਸਤ ਮਨ ਹੀ ਕਰ ਸਕਦਾ ਹੈ। ਇਸ ਲਈ ਸਾਰੀ ਦੁਨੀਆਂ ਉਸ ਮਨ ਦਾ ਪ੍ਰਗਟਾਵਾ ਹੈ। ਸਭ ਕੁਝ ਅਸਲ ਵਿਚ ਚੇਤਨ ਤੱਤ ਹੈ, ਤਾਂ ਹੀ ਉਨ੍ਹਾਂ ਦੇ ਵਿਕਾਸ ਨਾਲ ਹੌਲੀ ਹੌਲੀ ਚੇਤਨ ਤੱਤ ਪ੍ਰਗਟ ਹੋ ਸਕਦਾ ਹੇ।

## 4. ਭੌਤਿਕ ਪਦਾਰਥ ਦੇ ਅਸਲ ਰੂਪ ਤੇ ਆਧਾਰਤ ਦਲੀਲ

ਜੇ ਆਦਰਸ਼ਵਾਦੀ ਦੀ ਇਹ ਗੱਲ ਗਲਤ ਹੈ ਕਿ ਸਭ ਕੁਝ ਮਾਨਸਿਕ ਤੱਤ ਹੀ ਹਨ ਤਾ ਸਭ ਕੁਝ ਭੌਤਿਕ ਤੱਤ ਮੰਨ ਲਿਆ ਜਾਵੇ ਪ੍ਰੰਤੂ ਇਹ ਭੌਤਿਕ ਪਦਾਰਥ ਕੀ ਹੈ? ਭੌਤਿਕ ਪਦਾਰਥ ਦਾ ਅੰਤਮ ਵਿਸ਼ਲੇਸ਼ਣ ਕਰਨ ਤੇ ਇਹ ਅਧਿਆਤਮਕ ਤੱਤ ਵਰਗਾ ਨਿਕਲਦਾ ਹੈ ਜਿਵੇਂ ਪ੍ਰਸਿੱਧ ਵਿਦਵਾਨ ਐਡਿੰਗਟਨ ਲਿਖਦੇ ਹਨ ਕਿ,"Matter in its last analysis turns out to be such as something special or consciousness"

ਭੌਤਿਕ ਵਿਗਿਆਨ ਨੇ ਪ੍ਰਮਾਣ ਨੂੰ ਤੋੜਿਆ ਹੈ ਤੇ ਇਲੈਕਟਰਾਨ ਵਰਗੇ ਅੰਸ਼ ਪ੍ਰਾਪਤ ਕੀਤੇ ਹਨ ਇਹ ਇਲੈਕਟਰਾਨ (Electron) ਬਿਜਲੀ ਦੀ ਇਕ ਲਹਿਰ ਮਾਤਰ ਹੀ ਹੈ, ਇਸ ਲਈ ਪਦਾਰਥ ਦਾ ਢਾਂਚਾ ਸ਼ਕਤੀ ਜਾਂ ਚੇਤਨ ਤੱਤ ਨੇੜੇ ਆਉਂਦੀ ਹੈ।

## 5. ਕਦਰਾਂ ਤੇ ਆਧਾਰਤ ਦਲੀਲ

ਮਨੁੱਖ ਦੇ ਜੀਵਨ ਨਾਲ ਕੁਝ ਆਦਰਸ਼, ਉਮੰਗਾਂ ਤੇ ਕਦਰਾਂ ਸੰਬੰਧਤ ਹਨ, ਜਿਨ੍ਹਾਂ ਬਿਨਾਂ ਉਸਦੇ ਜੀਵਨ ਦਾ ਅਰਥ ਨਹੀਂ ਰਹਿੰਦਾ ਤੇ ਉਹ ਆਦਰਸ਼ ਉਸ ਦੀਆਂ ਗੰਭੀਰ ਉਮੰਗਾਂ ਨੂੰ ਪੂਰਾ ਕਰਦੇ ਹਨ ਪ੍ਰੰਤੂ ਇਨ੍ਹਾਂ ਕਦਰਾਂ ਦਾ ਅਸਲੀਅਤ ਨਾਲ ਕੀ ਸੰਬੰਧ ਹੈ। ਜੋ ਇਨ੍ਹਾਂ ਨੂੰ ਕਲਪਨਾ ਕਿਹਾ ਜਾਏ ਤਾਂ ਮਨੁੱਖ ਦਾ ਧਰਮ, ਨੀਤੀ ਆਦਿ ਨਿਰਾਰਥਕ ਬਣ ਜਾਂਦੇ ਹਨ ਹੁਣ ਇਹ ਆਦਰਸ਼ਵਾਦ ਦੀ ਹੀ ਹੈ ਜੋ ਮਨੁੱਖੀ ਕਦਰਾਂ ਨੂੰ ਅਸਲੀਅਤ ਨਾਲ ਜੋੜਦਾ ਹੈ ਤੇ ਉਨ੍ਹਾਂ ਨੂੰ ਵਸਤੂ-ਪੂਰਕ ਤੇ ਅਸਲ ਸਿੱਧ ਕਰਦਾ ਹੈ। ਮਨੁੱਖ ਦੇ ਇਨ੍ਹਾਂ ਆਦਰਸ਼ਾਂ ਅਤੇ ਕਦਰਾਂ ਦੀ ਚੇਤਨਾ ਇਹ ਸਿੱਧ ਕਰਦੀ ਹੈ ਕਿ ਦੁਨੀਆਂ ਵੀ ਮਨ ਤੇ ਉਸਦੀ ਕਦਰ ਉਤੇ ਖੜੀ ਹੈ ਅਤੇ ਅਸਲੀਅਤ ਕਦਰ ਉਤੇ ਆਧਾਰਤ ਹੈ। ਅਦਰਸ਼ਵਾਦੀ ਕਦਰਾਂ ਨੂੰ ਹੀ ਅਸਲੀਅਤ ਮੰਨਦਾ ਹੈ ਜਿਵੇਂ ਪਲੈਟੋ ਦੇ ਵਿਚਾਰ ਹੀ ਅਸਲ ਹਨ।

## 1.2.10 ਵਸਤੂਨਿਸ਼ਠ ਆਦਰਸ਼ਵਾਦ ਦੀਆਂ ਕਿਸਮਾਂ

### 1. ਅਨੇਕਤੱਤਵਾਦੀ ਆਦਰਸ਼ਵਾਦ

ਜੋ ਦੁਨੀਆਂ ਦੀ ਵਿਆਖਿਆ ਅਨੇਕ ਅਧਿਆਤਮਕ ਤੱਤਾਂ ਰਾਹੀਂ ਕਰਦਾ ਹੈ, ਉਹ ਅਨੇਕ ਹੈ।

### 2. ਇਕਤੱਤਵਾਦੀ ਆਦਰਸ਼ਵਾਦ ਜਾਂ ਪਰਮਵਾਦ

ਜੋ ਦੁਨੀਆਂ ਦੀ ਵਿਆਖਿਆ ਕੇਵਲ ਇਕ ਹੀ ਸ਼ੁਧ ਅਧਿਆਤਮਕ ਤੱਤ ਰਾਹੀ ਕਰਦਾ ਹੈ, ਉਹ ਇਕਤੱਤਵਾਦੀ ਆਦਰਸ਼ਵਾਦੀ ਹੈ ਜਿਸਨੂੰ ਪਰਮਵਾਦ ਜਾਂ ਬ੍ਰਹਮਵਾਦ ਕਹਿੰਦੇ ਹਨ।

### ਅਨੇਕਤੱਤਵਾਦੀ ਆਦਰਸ਼ਵਾਦ

ਇਸ ਵਿਚ ਪਲੇਟੋ ਦੀ ਵਿਚਾਰਧਾਰਾ ਆਉਂਦੀ ਹੈ। ਪਲੈਟੋ ਦਾ ਆਦਰਸ਼ਵਾਦ ਉਸਦੇ ਵਿਚਾਰਾਂ ਦੇ ਸਿਧਾਂਤ ਉਤੇ ਨਿਰਭਰ ਹੈ। ਪਲੈਟੋ ਕਹਿੰਦਾ ਹੈ ਕਿ ਜੋ ਇੰਦਰੀ ਅਨੁਭਵ ਰਾਹੀਂ ਜਾਣਿਆ ਜਾਂਦਾ ਹੈ ਉਹ ਪਰਿਵਰਤਨਸ਼ੀਲ ਅਤੇ ਵਿਸ਼ੇਸ਼ ਹੈ। ਪ੍ਰੰਤੂ ਜੋ ਬੁੱਧੀ ਰਾਹੀ ਸਮਝਿਆ ਜਾਂਦਾ ਹੈ ਉਹ ਤੱਤ ਅਤੇ ਆਸ ਹੈ। ਉਹ ਇਸ ਵਿਚ ਆਦਰਸ਼ਾਂ ਨੂੰ ਰੱਖਦਾ ਹੈ। ਪਲੋਟੋ ਅਨੁਸਾਰ ਵਸਤਾਂ ਅਸਲੀਅਤ ਨਹੀਂ। ਇਹ ਤਾਂ ਆਪਣੇ ਤੱਤ ਦੀ ਨਕਲ ਹਨ। ਉਨ੍ਹਾਂ ਦਾ ਤੱਤ ਉਨ੍ਹਾਂ ਦਾ ਆਦਰਸ਼ ਹੈ ਜੋ ਉਨ੍ਹਾਂ ਦੀ ਪ੍ਰੀਭਾਸ਼ਾ ਕਰਦਾ ਹੈ ਜਿਵੇਂ ਇਹ ਮੇਜ਼, ਮੇਜ਼ ਦੇ ਵਿਚਾਰ ਜਾਂ ਆਦਰਸ਼ ਨੂੰ ਪ੍ਰਗਟ ਕਰਦਾ ਹੈ। ਉਹ ਉਸਦੇ ਸਰੂਪ ਨੂੰ ਉਨ੍ਹਾਂ ਪ੍ਰਗਟ ਕਰਦਾ ਹੈ ਜਿੰਨਾ ਉਹ ਉਸ ਆਦਰਸ਼ ਦੀ ਨਕਲ ਹੈ। ਹੁਣ ਹਰ ਇਕ ਤਰ੍ਹਾਂ ਦੀਆਂ ਵਸਤਾਂ ਦੇ ਆਦਰਸ਼ ਮਿਲਦੇ ਹਨ ਜੋ ਤੱਤ ਹਨ ਅਤੇ ਹਰ ਥਾਂ ਮਿਲਣ ਵਾਲੀਆਂ ਹਨ ਅਤੇ ਦੁਨੀਆਂ ਦੇ ਵਿਸ਼ੇਸ਼ਾਂ ਦੀ ਵਿਆਖਿਆ ਕਰਦੇ ਹਨ। ਵਿਸ਼ੇਸ਼ ਵਸਤਾਂ ਅਸਲੀਅਤ ਨਹੀਂ ਅਤੇ ਆਦਰਸ਼ ਜਾਂ ਵਿਚਾਰ ਅਸਲੀਅਤ ਹਨ। ਦੁਨੀਆਂ ਵਿੱਚ ਕਈ ਤੱਤ ਆਦਰਸ਼ ਦੇ ਰੂਪ ਵਿਚ ਹਨ, ਤਾਂ ਉਥੇ ਗੜਬੜ ਹੋਵੇਗੀ। ਪਲੈਟੋ ਕਹਿੰਦਾ ਕਿ ਸਾਰੇ ਆਦਰਸ਼ ਮੁੱਖ ਤੌਰ ਤੇ ਕਦਰਾਂ ਦੇ ਤਿੰਨ ਆਦਰਸ਼ਾਂ ਅਧੀਨ ਹਨ, ਉਹ ਹਨ :- ਸੱਚ ਦਾ ਆਦਰਸ਼, ਸੁੰਦਰਤਾ ਦਾ ਆਦਰਸ਼ ਤੇ ਭਲਾਈ ਦਾ ਆਦਰਸ਼। ਪ੍ਰੰਤੂ ਅੰਤ ਵਿਚ ਉਹ ਇਨ੍ਹਾਂ ਕਦਰਾਂ ਨੂੰ ਵੀ ਇਕ ਭਲਾਈ ਦੇ ਵਿਚਾਰ ਅਧੀਨ ਰੱਖਦਾ ਹੈ, ਇਸ ਤਰ੍ਹਾਂ ਪਲੈਟੋ ਅਸਲ ਵਿੱਚ ਵਿਚਾਰ ਜਾਂ ਆਦਰਸ਼ ਦੀ ਅਨੇਕਤਾ ਵਿਚ ਏਕਤਾ ਦਾ ਸੂਤਰ ਵੇਖ ਲੈਂਦਾ ਹੈ ਤਾਂ ਉਸਦਾ ਸਿਧਾਂਤ ਦੋਹਾਂ ਪਾਸੇ ਆ ਸਕਦਾ ਹੈ। ਪਰਮ ਆਦਰਸ਼ ਏਕਤਾ ਦੀ ਥਾਂ ਤੇ ਇਕਸੁਰਤਾ ਪੈਦਾ ਕਰ ਸਕਦਾ ਹੈ। ਅਨੇਕ-ਤੱਤਵਾਦੀਆਂ ਨੂੰ ਅਨੇਕਤਾ ਦੇ ਆਧਾਰ ਤੇ ਏਕਤਾ ਕਾਇਮ ਕਰਨੀ ਪਵੇਗੀ।

ਭਾਰਤੀ ਆਦਰਸ਼ਵਾਦੀ ਪ੍ਰੰਪਰਾ ਦੀ ਟੀਸੀ ਤੇ ਬੈਠਾ ਹੋਇਆ ਸ਼ੰਕਰਾਚਾਰੀਆ ਕੇਵਲ ਇਕ ਨੂੰ ਸੱਚ ਦੱਸਦਾ ਹੈ, ਅਨੇਕ ਨੂੰ ਝੂਠ ਦੱਸਦਾ ਹੈ। ਅਨੇਕ ਉਸ ਇਕ ਪਰਮ ਸਚਾਈ, ਵੱਖ-ਵੱਖ ਰੂਪਾਂ ਤੋਂ ਪ੍ਰਗਟ ਕਰਦੇ ਹਨ। ਉਹ ਪਰਮ ਹੋਂਦ ਸ਼ੁੱਧ ਤੇ ਚੇਤਨ ਹੈ ਅਤੇ ਉਸਦਾ ਸੱਚ ਮਨ ਆਨੰਦਿਤ ਹੈ। ਉਸਨੂੰ ਉਹ ਪ੍ਰਮਾਤਮਾ ਜਾ ਬ੍ਰਹਮਾਂ ਦਾ ਨਾਂ ਦੇਂਦਾ ਹੈ। ਉਹ ਆਤਮਾ ਦੀ ਹੋਂਦ ਨੂੰ ਸਿੱਧ ਕਰਦਾ ਹੈ ਜਿਵੇਂ ਡੇਕਾਰਟੇ ਨੇ ਕੀਤਾ ਸੀ ਕਿ ਹਰ ਇਕ ਗਿਆਨ ਸਿੱਧ ਕਰਨ ਦੇ ਢੰਗ ਵਿੱਚ, ਆਤਮਾ ਦੀ ਹੋਂਦ ਆਪਣੇ ਆਪ ਸਿੱਧ ਹੋ ਜਾਦੀ ਹੈ। ਆਤਮਾ ਇਕ ਅਜਿਹਾ ਸੱਚ ਹੈ ਇਸਨੂੰ ਕੋਈ ਝੁਠਲਾ ਨਹੀਂ ਸਕਦਾ।

## 1.2.11 ਵਸਤੂਪਰਕ ਆਦਰਸ਼ਵਾਦ ਦੀ ਆਲੋਚਨਾ

1. ਆਦਰਸ਼ਵਾਦੀਆਂ ਦਾ ਗਿਆਨ ਦਾ ਵਿਸ਼ਲੇਸ਼ਣ ਦਾ ਢੰਗ ਗਲਤ ਹੈ ਕਿਉਂਕਿ ਜਦ ਉਹ ਕਹਿੰਦੇ ਹਨ ਕਿ ਜਾਨਣ ਵਿੱਚ ਵਸਤੂ ਬਣਦੀ ਹੈ, ਗਿਆਨ ਇਕ ਉਸਾਰੂ ਢੰਗ ਹੈ। ਪਰ ਗਿਆਲ ਦੇ ਵਿਸ਼ਲੇਸ਼ਣ ਨਾਲ ਵਸਤੂ ਦੀ ਆਜ਼ਾਦ ਹੋਂਦ ਤੇ ਮਾਨਸਿਕ ਹੋਣ। ਦੋਵੇ ਕਿਸ ਤਰ੍ਹਾਂ ਸਿੱਧ ਹੋ ਸਕਦੀਆਂ ਹਨ। ਜੇ ਵਸਤੂ ਦੀ ਆਜ਼ਾਦ ਹੋਂਦ ਹੈ ਤਾਂ ਉਹ ਭੌਤਿਕ ਵੀ ਹੋ ਸਕਦੀ ਹੈ। ਆਦਰਸ਼ਵਾਦੀਆਂ ਦੀ ਦਲੀਲ ਗਲਤ ਹੈ ਜਿਸ ਦੇ ਆਧਾਰ ਤੇ ਉਹ ਸਿੱਧ ਤਾਂ ਕਰਦੇ ਹਨ ਕਿ ਜੇ ਗਿਆਨ ਦੀ ਦੁਨੀਆਂ ਮਾਨਸਿਕ ਹੈ ਤਾਂ ਅਗਿਆਨ ਵੀ ਮਾਨਸਿਕ ਹੋਵੇਗਾ ਕਿਉਂਕਿ ਨਹੀਂ ਤਾਂ ਗਿਆਨ ਅਸੰਭਵ ਹੈ ਪ੍ਰੰਤੂ ਯਥਾਰਥਵਾਦੀ ਇਹ ਸਪੱਸਟ ਕਰ ਚੁੱਕੇ ਹਨ ਕਿ ਗਿਆਨ ਦਾ ਸੰਬੰਧ ਵਸਤੂ ਤੇ ਸਰੂਪ ਅਤੇ ਹੋਂਦ ਨਾਲ ਕੋਈ ਸੰਬੰਧ ਨਹੀਂ ਰੱਖਦਾ। ਕੋਈ ਵਸਤੂ ਮਨ ਵਲੋਂ ਮੰਨੀ ਜਾਂਦੀ ਹੈ ਜਾਂ ਨਹੀਂ ਉਸ ਨਾਲ ਉਸਦੇ ਸਰੂਪ ਵਿੱਚ ਕੋਈ ਫਰਕ ਨਹੀਂ ਪੈਣਾ ਚਾਹੀਦਾ।

2. ਆਦਰਸ਼ਵਾਦੀਆਂ ਦਾ ਸਚਾਈ ਦਾ ਸਿਧਾਂਤ ਅਧੂਰਾ ਹੈ ਕਿਉਂਕਿ ਦੋ ਕਥਨ ਆਪਸ ਵਿੱਚ ਮਿਲਦੇ ਹਨ ਤਾਂ ਇਸਦਾ ਇਹ ਅਰਥ ਨਹੀਂ ਕਿ ਉਹ ਸੱਚ ਵੀ ਹੋਣਗੇ। ਜੇ ਉਹ ਤੱਥ ਦੇ ਅਨੁਕੂਲ ਨਹੀਂ ਹਨ ਉਨ੍ਹਾਂ ਵਿਚ ਕੇਵਲ ਮਿਲਦੀ ਜੁਲਦੀ ਸਚਾਈ ਹੋਵੇਗੀ ਵਸਤੂ ਵਾਲੀ ਨਹੀਂ। ਵਸਤੂ ਵਾਲੇ ਸੱਚ ਨੂੰ ਪਰਖਣ ਲਈ ਕਥਨ ਨੂੰ ਤੱਥ-ਅਨੁਕੂਲਤਾ ਸਿਧਾਂਤ ਦੀ ਕਸੌਟੀ ਉਤੇ ਵੀ ਸ਼ੁਧ ਹੋਣਾ ਚਾਹੀਦਾ ਹੈ। ਜਿਵੇਂ ਜੇ ਕੋਈ ਇਹ ਕਹੇ ਕਿ ਬਾਰਸ਼ ਹੋ ਰਹੀ ਹੈ ਤੇ ਬਾਹਰ ਪਾਣੀ ਹੈ। ਹੁਣ ਇਹ ਦੋਵੇਂ ਕਥਨ ਆਤਮ ਅਨੁਕੂਲ ਹਨ ਪ੍ਰੰਤੂ ਜੇ ਪਹਿਲਾਂ ਕਥਨ ਤੱਤ ਅਨੁਸਾਰ ਨਹੀਂ ਹੈ ਅਰਥਾਤ ਬਾਰਸ਼ ਨਹੀਂ ਹੋ ਰਹੀ ਤਾਂ ਦੋਵੇਂ ਕਿਸ ਤਰ੍ਹਾਂ ਠੀਕ ਹੋ ਸਕਦੇ ਹਨ।

3. ਆਦਰਸ਼ਵਾਦੀ ਦਾ ਅੰਦਰੂਨੀ ਸੰਬੰਧਾਂ ਦਾ ਸਿਧਾਂਤ ਗਲਤ ਹੈ। ਇਸ ਵਿੱਚ ਸ਼ਕ ਨਹੀਂ ਕਿ ਸੰਬੰਧ ਵਸਤੂ ਵਿੱਚ ਮਹੱਤਵ ਰੱਖਦੇ ਹਨ ਪ੍ਰੰਤੂ ਕੁਝ ਅਜਿਹੇ ਹਨ ਜੋ ਉਸਦੇ ਸਰੂਪ ਨੂੰ ਬਣਾਉਂਦੇ ਹਨ ਪ੍ਰੰਤੂ ਕੁਝ ਅਜਿਹੇ ਵੀ ਹਨ ਜਿਨ੍ਹਾਂ ਦਾ ਉਸਦੇ ਸਰੂਪ ਨਾਲ ਕੋਈ ਸੰਬੰਧ ਨਹੀਂ ਹੈ। ਉਨ੍ਹਾਂ ਨੂੰ ਬਾਹਰੀ ਸੰਬੰਧ ਕਹਿਣਾ ਚਾਹੀਦਾ ਹੈ ਜਿਵੇਂ ਅਚਾਨਕ ਸੰਬੰਧ ਵਸਤੂ ਦੇ ਸਰੂਪ ਤੇ ਕੋਈ ਅਸਰ ਨਹੀਂ ਪਾ ਸਕਦੇ। ਇਕ ਪੁਸਤਕ ਮੇਜ਼ ਤੇ ਪਈ ਹੈ ਜਾਂ ਉਹ ਅਲਮਾਰੀ ਵਿੱਚ ਪਈ ਹੈ। ਇਸਦਾ ਉਸਦੇ ਵਿਸ਼ੇ ਜਾ ਲੇਖ ਤੇ ਕੋਈ ਅਸਰ ਨਹੀਂ ਪਏਗਾ। ਇਸ ਸੰਬੰਧ ਦੇ ਸਿਧਾਂਤ ਤੋਂ ਹੀ ਆਦਰਸ਼ਵਾਦੀ ਗਿਆਨ ਦਾ ਗਲਤ ਵਿਸ਼ਲੇਸ਼ਣ ਕਰਦੇ ਹਨ ਕਿ ਗਿਆਨ ਮਨ ਨੂੰ ਵਸਤੂ ਨਾਲ ਜੋੜਦਾ ਹੈ ਪ੍ਰੰਤੂ ਇਹ ਅਚਾਨਕ ਸੰਪਰਕ ਹੈ ਅਤੇ ਇਹ ਵਸਤੂ ਦੇ ਸਰੂਪ, ਹੋਂਦ, ਗੁਣਾਂ ਤੇ ਕੋਈ ਅਸਰ ਨਹੀਂ ਪੈਂਦਾ।

4. ਆਦਰਸ਼ਵਾਦੀ ਦੁਨੀਆਂ ਵਿੱਚ ਦੇ ਵੱਖ-ਵੱਖ ਤਰ੍ਹਾਂ ਦੇ ਪ੍ਰਤੱਖ ਤੱਤਾਂ ਨੂੰ ਕੇਵਲ ਇਕ ਅਧਿਆਤਮਕ ਤੱਤ ਰਾਹੀ ਵਿਆਖਿਆ ਕਰਨ ਵਿੱਚ ਗਲਤ ਦਲੀਲ ਦਾ ਸਹਾਰਾ ਲੈਂਦੇ ਹਨ। ਉਹ ਕਹਿੰਦੇ ਹਨ ਜੇ ਕੁਝ ਜਾਣਿਆ ਗਿਆ ਹੈ ਉਹ ਮਾਨਸਿਕ ਹੈ ਤਾਂ ਜੋ ਕੁਝ ਗਿਆਨ ਦੇ ਬਾਹਰ ਹੈ ਉਹ ਵੀ ਮਾਨਸਿਕ ਹੋਵੇਗਾ ਇਸਦੀ ਬਜਾਏ ਇਹ ਕਹਿਣਾ ਵਧੇਰੇ ਉਚਿਤ ਲੱਗਦਾ ਹੈ ਕਿ ਜੋ ਕੁਝ ਜਾਣਿਆ ਜਾਂਦਾ ਹੈ ਉਹ ਤਾਂ ਮਾਨਸਿਕ ਹੈ ਤੇ ਜੋ ਕੁਝ ਜਾਣਿਆ ਨਹੀਂ ਜਾਂਦਾ, ਉਹ ਮਾਨਸਿਕ ਨਹੀਂ ਹੈ। ਕਿਉਂਕਿ ਜੇ ਉਹ ਮਾਨਸਿਕ ਹੁੰਦਾ ਤਾਂ ਉਹ ਵੀ ਜਾਣਿਆ ਜਾਣਾ। ਆਦਰਸ਼ਵਾਦੀ ਦੀ ਕ੍ਰਿਆ ਦਾ ਅੱਧਾ ਵਿਸ਼ਲੇਸ਼ਣ ਗਲਤ ਦੱਸਿਆ ਹੈ। ਸ਼ੰਕਰਚਾਰੀਆ ਦਾ ਇਹ ਕਹਿਣਾ ਹੈ ਕਿ ਜੋ ਕੁਝ ਜਾਣਿਆ ਜਾਂਦਾ ਹੈ

ਮਨ ਦਾ ਹੋ ਜਾਂਦਾ ਹੈ। ਪ੍ਰੰਤੂ ਉਹ ਮਾਨਸਿਕ ਤੱਤ ਦਾ ਕਿਵੇਂ ਬਣ ਜਾਂਦਾ ਹੈ ਕਿਉਂਕਿ ਭੌਤਿਕ ਵਸਤੂ ਵੀ ਮਨ ਨਾਲ ਸੰਬੰਧ ਜੋੜ ਸਕਦੀ ਹੈ ਉਸਦੇ ਉਦੇਸ਼ ਦਾ ਸਾਧਨ ਬਣ ਸਕਦੀ ਹੈ ਪ੍ਰੰਤੂ ਉਹ ਮਾਨਸਿਕ ਨਹੀਂ ਬਣ ਜਾਂਦੀ।

**5**. ਆਦਰਸ਼ਵਾਦੀ ਪਰਮ ਹੋਂਦ ਬਾਰੇ ਆਪਣੇ ਆਪ ਵਿੱਚ ਮਤਭੇਦ ਰੱਖਦੇ ਹਨ। ਕੁਝ ਕਹਿੰਦੇ ਹਨ ਕਿ ਅੰਤਮ ਰੂਪ ਤੋਂ ਤੱਤ ਇਕ ਹੈ ਪ੍ਰੰਤੂ ਕੁਝ ਕਹਿੰਦੇ ਹਨ ਕਿ ਇਹ ਅਨੇਕ ਵੀ ਹੋ ਸਕਦੇ ਹਲ ਕੋਈ ਕੇਵਲ ਦੋ ਨੂੰ ਹੀ ਅਸਲੀਅਤ ਮੰਨਦਾ ਹੈ। ਹੁਣ ਜੇ ਇਕ-ਵਾਦ ਨੂੰ ਸਚ ਮੰਨ ਲਈਏ ਤਾਂ ਨਾ ਕੇਵਲ ਅਨੇਕਵਾਦ ਗਲਤ ਸਿੱਧ ਹੁੰਦਾ ਹੈ ਸਗੋਂ ਪ੍ਰਤੱਖ ਅਨੇਕਤਾ ਦੀ ਵਿਆਖਿਆ ਕਰਨੀ ਅਸੰਭਵ ਹੋ ਜਾਂਦੀ ਹੈ ਸ਼ੰਕਰਾਚਾਰੀਆ ਅਨੇਕਤਾ ਨੂੰ ਝੂਠ ਜਾ ਭਰਮੀ ਕਹਿ ਕੇ ਅਦ੍ਵੈਤ ਨੂੰ ਸਿਧ ਕਰਦਾ ਹੈ ਪ੍ਰੰਤੂ ਸਾਮਰਾਜ ਦੀ ਸ਼ਕਤੀਸ਼ਾਲੀ ਦਲੀਲ ਇਹ ਹੈ ਕਿ ਏਕਤਾ ਦੇ ਬਿਨਾ ਅਨੇਕਤਾ ਨਹੀਂ ਤਾਂ ਅਨੇਕਤਾ ਬਿਨਾਂ ਇਕਵਾਦ ਦਾ ਭਾਵ ਵੀ ਸਮਝ ਵਿਚ ਨਹੀਂ ਆ ਸਕਦਾ। ਸ਼ੁੱਧ ਇਕਵਾਦ ਤੇ ਵਿਚਾਰ ਨਹੀਂ ਹੋ ਸਕਦਾ। ਇਨ੍ਹਾਂ ਆਪਸੀ ਵਿਵਾਦਾਂ ਤੇ ਬਹਿਸਾਂ ਤੇ ਇਹ ਪ੍ਰਤੀਤ ਹੁੰਦਾ ਹੈ ਕਿ ਸ਼ਾਇਦ ਆਦਰਸ਼ਵਾਦੀ ਵਿਅਰਥ ਹੀ ਕਾਲਪਨਿਕ ਸਮੱਸਿਆਵਾਂ ਨੂੰ ਹਲ ਕਰਨ ਵਿਚ ਲੱਗੇ ਹੋਏ ਹਨ ਤੇ ਉਨ੍ਹਾਂ ਦਾ ਅਸਲੀ ਜੀਵਨ ਨਾਲ ਕੋਈ ਸੰਬੰਧ ਨਹੀਂ ਹੈ। ਇਹੋ ਗੱਲ ਯਥਾਰਥਵਾਦੀ ਕਹਿੰਦੇ ਹਨ ਕਿ ਆਦਰਸ਼ਵਾਦੀਆਂ ਦੇ ਦਰਸ਼ਨ ਦਾ ਮਨੁੱਖ ਦੇ ਸੰਘਰਸ਼ ਤੇ ਪ੍ਰਗਤੀ ਤੇ ਵਿਸ਼ੇਸ਼ ਅਸਰ ਨਹੀਂ ਪੈਂਦਾ ਤੇ ਇਸ ਲਈ ਉਨ੍ਹਾਂ ਦੇ ਸੱਚ ਦੇ ਸਿਧਾਂਤ ਅਨੁਸਾਰ ਉਹ ਨਿਰਾਰਥਕ ਪ੍ਰਣਾਲੀਆਂ ਹਨ।

**6**. ਮੂਲ ਵਿਗਿਆਨ ਦੇ ਖੇਤਰ ਵਿੱਚ ਆਦਰਸ਼ਵਾਦੀ ਆਪਣੀ ਪ੍ਰਭੂਸੱਤਾ ਕਾਇਮ ਰੱਖਣਾ ਚਾਹੁੰਦੇ ਹਨ ਕਿਉਂਕਿ ਉਹ ਕਦਰਾਂ ਨੂੰ ਵਸਤੂਆਂ ਦੇ ਆਧਾਰ ਤੇ ਸਿੱਧ ਕਰਦੇ ਹਨ ਪ੍ਰੰਤੂ ਇਸ ਖੇਤਰ ਵਿੱਚ ਵੀ ਉਨ੍ਹਾਂ ਦੇ ਲਈ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਦਰਸ਼ਵਾਦੀ ਕਦਰ ਤੇ ਅਸਲੀਅਤ ਦੀ ਪਛਾਣ ਨੂੰ ਮੰਨਦੇ ਹਨ। ਜੇ ਕਦਰ ਹੀ ਅਸਲੀਅਤ ਹੈ ਤਾਂ ਪਾਪ ਦੀ ਕੀ ਸਥਿਤੀ ਹੋਵੇਗੀ? ਕੀ ਪਾਪ ਅਸਲੀਅਤ ਨਹੀਂ? ਜੇ ਨਹੀਂ ਤਾਂ ਨੈਤਿਕ ਸੰਘਰਸ਼ ਵਿਅਰਥ ਹੈ ਤੇ ਜੇ ਪਾਪ ਅਸਲੀਅਤ ਹੈ ਤਾਂ ਉਹ ਵੀ ਅੰਤਮ ਹੋਵੇਗਾ। ਉਸਨੂੰ ਦੂਰ ਕਰਨ ਦਾ ਯਤਨ ਅਸਫਲ ਹੋਵੇਗਾ। ਇਸੇ ਤਰ੍ਹਾਂ ਦੂਸਰੀਆਂ ਕਦਰਾਂ ਨੂੰ ਅਸਲੀਅਤ ਦਾ ਆਧਾਰ ਬਣਾਉਣ ਤੇ ਸਮੱਸਿਆ ਪੇਸ਼ ਹੁੰਦੀ ਹੈ ਜੇ ਪਰਮ ਹੋਂਦ ਸੁੰਦਰ ਵੀ ਹੈ ਤਾਂ ਕਰੂਪਤਾ ਕਿਥੋਂ ਆਈ। ਆਦਰਸ਼ਵਾਦੀ ਕਹਿੰਦੇ ਹਨ ਕਿ ਉਹ ਆਪਣੇ ਮੁੱਲ ਵਿਗਿਆਨ ਰਾਹੀਂ ਧਰਮ ਦੀ ਸੇਵਾ ਕਰਦੇ ਹਨ ਪ੍ਰੰਤੂ ਉਨ੍ਹਾਂ ਦੀ ਪਰਮ ਹੋਂਦ ਧਰਮ ਦਾ ਰੱਬ ਨਹੀਂ ਬਣ ਸਕਦਾ ਕਿਉਂਕਿ ਪਰਮ ਹੋਂਦ ਕੋਈ ਦਿਆਲੂ ਵਿਅਕਤਿਤਵ ਨਹੀਂ ਹੈ। ਇਸ ਤਰ੍ਹਾਂ ਆਦਰਸ਼ਵਾਦੀਆਂ ਨੇ ਰੱਬ ਨੂੰ ਬ੍ਰਹਮਾ ਬਣਾ ਕੇ ਧਾਰਮਕ ਸ਼ਰਧਾ ਨੂੰ ਨਸ਼ਟ ਕਰ ਦਿੱਤਾ ਹੈ। ਕਦਰਾਂ ਦੇ ਆਧਾਰ ਤੇ ਕੀਤਾ ਗਿਆ ਦਰਸ਼ਨ ਇਨ੍ਹਾਂ ਦਾ ਸਭ ਤੋਂ ਵੱਡਾ ਹਥਿਆਰ ਸੀ ਜੋ ਨਸ਼ਟ ਹੁੰਦਾ ਦਿਖਾਈ ਦੇ ਰਿਹਾ ਸੀ।

## 1.2.12 ਸਿੱਟਾ

ਆਦਰਸ਼ਵਾਦ ਦਰਸ਼ਨ ਦੀਆਂ ਅਨੇਕ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਾਡੀ ਸਹਾਇਤਾ ਕਰਦਾ ਆਇਆ ਹੈ। ਪੁਰਾਤਨ ਕਾਲ ਤੇ ਦਾਰਸ਼ਨਿਕ ਇਸਦੇ ਸਿਧਾਂਤਾਂ ਅਨੁਸਾਰ ਸੋਚਦੇ ਆਏ ਹਨ। ਉਨ੍ਹਾਂ ਦੀਆਂ ਦਲੀਲਾ ਪੂਰੀ ਤਰ੍ਹਾਂ ਗਲਤ ਨਹੀਂ ਹਨ ਜਿਵੇਂ ਯਥਾਰਥਵਾਦੀ ਕਹਿੰਦੇ ਹਨ ਤੇ ਨਾ ਹੀ ਬਕਵਾਸ ਹਨ ਜਿਵੇਂ ਅਨੁਭਵਵਾਦੀ ਹਨ। ਆਦਰਸ਼ਵਾਦ ਦੀ ਤਾਕਤ ਮਨੁੱਖ ਦੇ ਵਿਅਕਤਿਤਵ ਤੇ ਹੋਂਦ ਨੂੰ ਸਭ ਤੋਂ ਵੱਧ ਮਹੱਤਵ ਦੇਂਦਾ ਹੈ ਤੇ ਉਸਦੀ ਆਤਮਾ ਅਨੁਸਾਰ ਸਾਰੀ ਦੁਨੀਆਂ ਨੂੰ ਅਧਿਆਤਮਕ ਬਣਾ ਦੇਂਦੀ ਹੈ। ਆਦਰਸ਼ਵਾਦ ਮਨੁੱਖ ਦੀਆਂ ਕਦਰਾਂ ਨੂੰ ਅਸਲ ਸਿੱਧ ਕਰਕੇ ਉਸਦੀਆ ਉਮੰਗਾਂ ਤੇ ਅੰਦਰੂਨੀ ਇੱਛਾਵਾਂ ਨੂੰ ਪੂਰਾ ਕਰਨ ਲਈ ਦ੍ਰਿਸ਼ਟੀਕੋਣ ਪ੍ਰਦਾਨ ਕਰਦਾ ਹੈ। ਜੇ ਮਨੁੱਖ ਦੇ ਆਦਰਸ਼ ਅਸਲੀਅਤ ਹਨ ਤਾਂ ਮਨੁੱਖ ਨੂੰ ਨੈਤਿਕ ਸੰਘਰਸ਼ ਵਿੱਚ ਉਤਸ਼ਾਹ ਪ੍ਰਾਪਤ ਹੁੰਦਾ ਹੈ ਇਸ ਤਰ੍ਹਾਂ ਆਦਰਸ਼ਵਾਦ ਮਨੁੱਖਤਾ ਦੀਆਂ ਕਈ ਅੰਤਰ-ਦ੍ਰਿਸ਼ਟੀਆਂ ਦੇ ਅਨੁਕੂਲ ਹਨ।

### 1.2.13 ਛੋਟੇ ਪ੍ਰਸ਼ਨ

**1** ਵਿਚਾਰਵਾਦ ਦੀਆਂ ਕਿਸਮਾਂ

**2**. ਆਤਮਗਤ ਵਿਚਾਰਵਾਦ ਦੇ ਮੁੱਖ ਸਿਧਾਂਤ

**3**. ਆਤਮਗਤ ਵਿਚਾਰਵਾਦ

### ਵੱਡੇ ਪ੍ਰਸ਼ਨ

**1**. ਆਤਮਗਤ ਵਿਚਾਰਵਾਦ ਕੀ ਹੈ? ਵਿਸਥਾਰਪੂਰਵਕ ਲਿਖੋ।

**2**. ਵਸਤੂਪੂਰਕ ਆਦਰਸ਼ਵਾਦ ਉਤੇ ਨੋਟ ਲਿਖੋ।

### 1.2.14 ਵਧੇਰੇ ਜਾਣਕਾਰੀ ਲਈ ਪਾਠ ਪੁਸਤਕਾਂ ਦੀ ਸੂਚੀ


| | | | |
|---|---|---|---|
| 1. | BERKELEY, GEORGE | : | A Treatise concerning the Principles of Human Knowledge. Ed. by Colin M. Turbanye. New York : Liberal Arts Press, 1957. |
| 2. | EWING A.C. IDEALISM | : | A Critical Survey. 3rd ed : New York : Humaitie Press 1961. |
| 3. | HOCKING, WILLIAM E | : | Types of Philosophy 3rd ed : New York Scribnan's 1958. |
| 4. | WARNOCK, G.J. BERKDEY | : | London : Penguin, 1953. (Also Baston, Houghton Mifflin, 1962) |

ਪਾਠ ਨੰ. 1.3 ਲੇਖਕ : ਪ੍ਰੋ.ਜੀ.ਐਸ.ਸੰਧੂ

# ਪਦਾਰਥਵਾਦ : ਯਾਂਤਰਿਕ ਅਤੇ ਦਵੰਦਾਤਮਕ

**ਬਣਤਰ**

1.3.1 ਜਾਣ-ਪਹਿਚਾਣ
1.3.2 ਭੌਤਿਕਵਾਦ ਦੇ ਤਿੰਨ ਵੱਡੇ ਸਿਧਾਂਤ
1.3.3 ਭੌਤਿਕਵਾਦ ਅਰਥ ਅਤੇ ਪਰਿਭਾਸ਼ਾ
1.3.4 ਭੌਤਿਕਵਾਦ ਦੀਆਂ ਵਿਸ਼ੇਸ਼ਤਾਵਾਂ
1.3.5 ਭੌਤਿਕਵਾਦ ਦੀ ਯੁਕਤੀਆਂ
1.3.6 ਭੌਤਿਕਵਾਦ ਦੇ ਗੁਣ
1.3.7 ਦੰਵਦਾਤਮਕ ਭੌਤਿਕਵਾਦ
1.3.8 ਦਵੰਦਾਤਮਕ ਭੌਤਿਕਵਾਦ ਦੀਆਂ ਵਿਸ਼ੇਸ਼ਤਾਵਾਂ
1.3.9 ਦਵੰਦਾਤਮਕ ਭੌਤਿਕਵਾਦ ਦੇ ਦੋਸ਼
1.3.10 ਆਪਣੇ ਗਿਆਨ ਦੀ ਪਰਖ ਕਰੋ

## 1.3.1 ਜਾਣ-ਪਹਿਚਾਣ

ਭੌਤਿਕਵਾਦ ਇਕ ਅਜਿਹਾ ਦਾਰਸ਼ਨਿਕ ਸਿਧਾਂਤ ਹੈ ਜਿਸਦੇ ਅਨੁਸਾਰ ਪਦਾਰਥ ਹੀ ਪਰਮ ਤੱਤ ਹੈ ਤੇ ਸਭ ਕੁਝ ਪਦਾਰਥ ਤੋਂ ਬਣਿਆ ਹੋਇਆ ਹੈ। ਅਸਲ ਵਿੱਚ ਭੌਤਿਕਵਾਦ ਵਿਚਾਰਵਾਦ ਦੇ ਵਿਰੁੱਧ ਇਕ ਪ੍ਰਤੀਕ੍ਰਿਆ ਹੈ। ਵਿਚਾਰਵਾਦ ਇਹ ਮੰਨਦਾ ਹੈ ਕਿ ਵਸਤੂ ਦੀ ਕੋਈ ਹੋਂਦ ਨਹੀਂ। ਇਸ ਤੋਂ ਉਲਟ ਭੌਤਿਕਵਾਦ ਵਸਤੂ ਨੂੰ ਹੀ ਅਧਿਕ ਮਹੱਤਵਪੂਰਨ ਮੰਨਦਾ ਹੈ। ਇਸ ਦੇ ਅਨੁਸਾਰ ਵਸਤੂ ਹੀ ਮੂਲ ਵਾਸਤਵਿਕਤਾ ਹੈ ਤੇ ਮਨ ਵਸਤੂ ਤੋਂ ਹੀ ਬਣਿਆ ਹੈ। ਜਿਸ ਵਸਤੂ ਦੀ ਹੋਂਦ ਹੈ, ਉਸਦਾ ਸਵਰੂਪ ਭੌਤਿਕ ਹੀ ਹੈ। ਭੌਤਿਕਵਾਦ ਪਦਾਰਥ ਨੂੰ ਸੰਸਾਰ ਅਤੇ ਜੀਵਨ ਦਾ ਆਧਾਰ ਮੰਨਦਾ ਹੈ। ਆਦਰਸ਼ਵਾਦ ਦੇ ਉਲਟ ਭੌਤਿਕਵਾਦ ਸੰਸਾਰ ਦੇ ਅੰਦਰ ਪਦਾਰਥ ਨੂੰ ਕੁਦਰਤੀ ਸਮਝਦਾ ਹੈ ਉਸੇ ਪਦਾਰਥ ਤੋਂ ਜੀਵਨ ਤੇ ਮਨ ਉਤਪੰਨ ਹੋ ਜਾਂਦੇ ਹਨ ਇਸ ਲਈ ਭੌਤਿਕਵਾਦ ਸਦਾ ਜੀਵਨ ਵਿਚ ਇਹੋ ਉਪਦੇਸ਼ ਦੇਵੇਗਾ : ਖਾਓ ਪੀਓ ਤੇ ਲਵੋ ਆਨੰਦ। ਦੂਸਰੇ ਪਾਸੇ ਆਦਰਸ਼ਵਾਦ ਸੰਸਾਰ ਨੂੰ ਸਮਝਣ ਲਈ ਮਨ ਸ਼ਬਦ ਦਾ ਪ੍ਰਯੋਗ ਕਰਨਾ ਉਚਿਤ ਸਮਝਦਾ ਹੈ।

ਭੌਤਿਕਵਾਦ ਦੇ ਅਨੁਸਾਰ ਸਾਰੇ ਸੰਸਾਰ ਵਿੱਚ ਜੋ ਕੁਝ ਹੈ ਉਹ ਭੌਤਿਕ ਪਦਾਰਥ ਹੀ ਹੈ। ਆਤਮਾ ਤੇ ਮਨ ਦੀ ਕੋਈ ਸੁਤੰਤਰ ਹੋਂਦ ਨਹੀਂ ਹੈ। ਜੋ ਕੁਝ ਵੀ ਸੰਸਾਰ ਵਿਚ ਹੈ, ਉਹ ਅਸਲ ਵਿੱਚ ਭੌਤਿਕ ਹੈ। ਭੌਤਿਕ ਕੁਦਰਤੀ ਪ੍ਰਮਾਣੂਆਂ

ਨਾਲ ਬਣੀ ਹੈ ਜਿਨ੍ਹਾਂ ਦੀ ਅਸੀਂ ਸੁਤੰਤਰ ਰੂਪ ਨਾਲ ਖੋਜ ਕਰ ਸਕਦੇ ਹਾਂ। ਭੋਤਿਕਵਾਦ ਦੇ ਅਨੁਸਾਰ ਜੀਵਨ ਪਰਮਾਤਮਾ ਦੀ ਇੱਛਾ ਦਾ ਨਤੀਜਾ ਨਹੀਂ ਹੈ। ਜੀਵਨ ਭੋਤਿਕ ਨਿਯਮਾਂ ਦਾ ਨਤੀਜਾ ਹੈ। ਮਨ ਦੀ ਆਪਣੀ ਕੋਈ ਸੁਤੰਤਰ ਸ਼ਕਤੀ ਨਹੀਂ ਹੈ। ਇਸ ਸਰੀਰ ਦੇ ਪਿਛੇ ਕੋਈ ਆਤਮਾ ਨਹੀਂ ਹੈ। ਵਿਅਕਤੀਤਵ ਦਾ ਸੰਗਠਨ ਅਸਥਿਰ ਹੈ ਤੇ ਇਹ ਪ੍ਰਮਾਣੂਆਂ ਦਾ ਨਤੀਜਾ ਹੈ। ਮਨ ਦੀ ਉਤਪਤੀ ਦਿਮਾਗ ਤੋਂ ਹੋਈ ਹੈ।

ਭੌਤਿਕਵਾਦ, ਭੌਤਿਕ ਪਦਾਰਥ ਤੇ ਪ੍ਰਮਾਣੂਆਂ ਦੀ ਕਲਪਨਾ ਕਰਕੇ ਇਸਦੇ ਗੁਣਾਂ ਦੀ ਅਗਲੀ ਰੂਪ ਰੇਖਾ ਦੱਸਦਾ ਹੈ। ਇਸ ਭੋਤਿਕ ਪਦਾਰਥ ਦੇ ਦੋ ਗੁਣ ਹਨ :- (1) ਫੈਲਾਉ (2) ਕਿਸੇ ਇਕ ਵਸਤੂ ਦਾ ਦੂਸਰੇ ਵਿੱਚ ਦਖਲ ਨਾ ਦੇਣਾ।

ਇਹ ਭੋਤਿਕ ਤੱਤਵ ਗਤੀ ਵਿੱਚ ਆਉਂਦੀ ਹੈ। ਫਿਰ ਸੰਸਾਰ ਇਸ ਵਸਤੂ ਵਿੱਚ ਅਤੇ ਉਸਦੀ ਗਤੀ ਨਾਲ ਹੀ ਸਮਝਿਆ ਜਾ ਸਕਦਾ ਹੈ। ਜੀਵਨ ਤੇ ਮਨ ਇਸੇ ਭੌਤਿਕ ਤੱਤਾਂ ਤੋਂ ਹੀ ਪੈਦਾ ਹੋ ਜਾਂਦੇ ਹਨ। ਇਹੀ ਭੌਤਿਕਵਾਦ ਅੱਗੇ ਚਲ ਕੇ ਸਾਡੇ ਜੀਵਨ ਵਿਚ ਨੀਤੀ ਸ਼ਾਸ਼ਤਰ ਤੇ ਧਰਮ ਦੇ ਵੀ ਮੂਲ ਵਿੱਚ ਜੋ ਕਾਰਨ ਹਨ ਉਨ੍ਹਾਂ ਨੂੰ ਦੱਸਦਾ ਹੈ ਨੈਤਿਕ ਜੀਵਨ ਮੂਲ ਝੁਕਾਅ ਦੇ ਕਾਰਨ ਹੈ। ਇਹ ਮੂਲ ਝੁਕਾਅ ਵੰਸ਼ ਪ੍ਰੰਪਰਾਗਤ ਹਨ। ਮਾਤਾ ਆਪਣੇ ਬੱਚੇ ਦਾ ਪਾਲਣ ਪੋਸ਼ਣ ਝੁਕਾਅ ਦੇ ਕਾਰਣ ਹੀ ਕਰਦੀ ਹੈ ਤੇ ਇਹ ਗੁਣ ਵੰਸ਼ ਪੰਪਰਾਗਤ ਹੈ ਇਹ ਤਾਂ ਕੇਵਲ ਮਨੁੱਖ ਦੇ ਮਨ ਦੀ ਉਪਜ ਹੈ। ਭੌਤਿਕ ਸ਼ਾਸ਼ਤਰ ਹੀ ਜੀਵਨ ਦਾ ਮੂਲ ਸਾਰ ਹੈ ਨਾਂ ਕਿ ਜੀਵਨ ਵਿਗਿਆਨ।

**1.3.2** ਭੌਤਿਕਵਾਦ ਤਿੰਨ ਵੱਡੇ ਸਿਧਾਂਤਾਂ ਵਿੱਚ ਲਿਖਿਆ ਜਾ ਸਕਦਾ ਹੈ।

**1**. ਸਭ ਵਸਤੂਆਂ ਜਿਨ੍ਹਾਂ ਵਿੱਚ ਮਨ, ਜੀਵਨ ਤੇ ਚੇਤਨਾ ਵੀ ਆ ਜਾਂਦੇ ਹਨ, ਕੇਵਲ ਭੌਤਿਕ ਪਦਾਰਥ ਜਾ ਸ਼ਕਤੀ ਦਾ ਹੀ ਦੂਸਰਾ ਰੂਪ ਹਨ।

**2**. ਜੋ ਕੁਝ ਹੋ ਰਿਹਾ ਹੈ, ਉਸ ਸਭ ਵਿਸ਼ੇਸ਼ ਨਿਯਮਾਂ ਦੇ ਅਧੀਨ ਹੋ ਰਿਹਾ ਹੈ।

**3**. ਕਿਸੇ ਪਰਮਾਤਮਾ ਜਾਂ ਅਧਿਆਪਮਕ ਹੋਂਦ ਦੀ ਜ਼ਰੂਰੀ ਨਹੀਂ ਹੈ। ਇਸ ਲਈ ਇਹ ਕਿਹਾ ਜਾਂਦਾ ਹੈ- Operation of these atoms is mechanical ਭੌਤਿਕਵਾਦ ਇਕ ਪੁਰਾਣਾ ਸਿਧਾਂਤ ਹੈ। ਇਸਦੀ ਉਤਪਤੀ ਦਰਸ਼ਨ ਦੀ ਉਤਪਤੀ ਦੇ ਨਾਲ ਹੀ ਹੋਈ ਹੈ। ਪ੍ਰਾਚੀਨ ਕਾਲ ਵਿੱਚ ਯੂਨਾਨ ਵਿੱਚ ਡੈਮੋਕ੍ਰਾਈਟਸ ਅਤੇ ਉਸਦੇ ਗੁਰੂ ਲੂਸੀਪਸ ਨੇ ਭੌਤਿਕਵਾਦ ਦਾ ਸਮਰਥਨ ਕੀਤਾ, ਇਸਦੇ ਇਲਾਵਾ ਥੇਲਜ਼ ਤੇ ਏਪੀਕਿਊਰਿਸ ਆਦਿ ਨੇ ਵੀ ਇਸ ਵਿਚਾਰਧਾਰਾ ਦਾ ਸਮਰਥਨ ਕੀਤਾ। ਆਧੁਨਿਕ ਯੁੱਗ ਵਿੱਚ ਹਾਬਸ, ਜਾਨ ਟੋਲੈਂਡ ਹੇਕੇਲ ਤੇ ਕਾਰਲ ਮਾਰਕਸ ਨੇ ਇਸ ਸਿਧਾਂਤ ਉੱਤੇ ਜ਼ੋਰ ਦਿੱਤਾ।

### 1.3.3 ਭੌਤਿਕਵਾਦ ਦਾ ਅਰਥ ਤੇ ਪਰਿਭਾਸ਼ਾ

ਭੌਤਿਕਵਾਦ ਇਕ ਇਸ ਤਰ੍ਹਾਂ ਦਾ ਸਿਧਾਂਤ ਹੈ ਜਿਸਦੇ ਅਨੁਸਾਰ ਭੌਤਿਕ ਪਦਾਰਥ ਹੀ ਪਰਮ ਤੱਤ ਹੈ ਤੇ ਸਭ ਕੁਝ ਭੋਤਿਕ ਪਦਾਰਥਾਂ ਤੋਂ ਬਣਿਆ ਹੈ। ਸਾਰੀਆਂ ਵਸਤੂਆਂ, ਜੀਵਿਤ ਪ੍ਰਾਣੀ ਤੇ ਮਨੁੱਖ ਕਿਸੀ ਭੋਤਿਕ ਪਦਾਰਥ ਤੋਂ ਬਣੇ ਹਨ। ਭੌਤਿਕ ਪਦਾਰਥ ਤੋਂ ਅਲਗ ਕੋਈ ਤੱਤ ਨਹੀਂ ਹੋ ਸਕਦਾ। ਭੌਤਿਕ ਮਨ ਤੇ ਆਤਮਾ ਆਦਿ ਨੂੰ ਸਵੀਕਾਰ ਨਹੀਂ ਕਰਦਾ

Prof. Titus said,"Materialists deny thd existence of any spiriual or divine power." According to Karl Marx," The World is a hard tangible material objective reality that man con Know."

Prof. Patrick said." Materialism consider things to be primary, abiding and enduring."

Bahm said, "Materialism believes in the ultimate reality of the matter."

### 1.3.4 ਭੌਤਿਕਵਾਦ ਦੀਆਂ ਵਿਸ਼ੇਸ਼ਤਾਵਾਂ

### 1. ਪਦਾਰਥ ਅੰਤਿਮ ਸੱਤਾ ਹੈ

ਦਰਸ਼ਨ ਵਿੱਚ ਪਦਾਰਥ ਦੀ ਸਮੱਸਿਆ ਬਹੁਤ ਪੁਰਾਣੀ ਹੈ। ਇਸ ਸੰਸਾਰ ਦੀ ਅੰਤਮ ਵਾਸਤਵਿਕਤਾ ਨੇ ਪਦਾਰਥ ਦਾ ਖੰਡਨ ਕੀਤਾ ਜਾਂਦਾ ਹੈ। ਇਹ ਉਹ ਹੈ ਜੋ ਸਦਾ ਚਲਦੀ ਹੈ, ਸਪੱਸ਼ਟ ਹੈ ਤੇ ਜਿਸ ਉਪਰ ਬਾਕੀ ਸਾਰੇ ਸੰਸਾਰ ਦੀਆਂ ਵਸਤੂਆਂ ਨਿਰਭਰ ਹਨ। ਕੁਝ ਲੋਕ ਇਸਨੂੰ ਆਤਮਾ, ਕੁਝ ਪਰਮਾਤਮਾ, ਕੁਝ ਵਿਚਾਰ ਤੇ ਕੁਝ ਈਸ਼ਵਰ ਮੰਨਦੇ ਹਨ। ਪਰ ਭੌਤਿਕਵਾਦ ਵਿੱਚ ਪਦਾਰਥ ਜਾਂ ਵਸਤੂ ਨੂੰ ਹੀ ਸਭ ਕੁਝ ਮੰਨਿਆ ਜਾਂਦਾ ਹੈ। ਇਹ ਪ੍ਰਸਿੱਧ ਦਾਰਸ਼ਨਿਕ Atomists ਸਨ। ਉਨ੍ਹਾਂ ਦੇ ਅਣੂਆਂ (Atoms) ਨੂੰ ਹਰ ਵਸਤੂ ਦਾ ਮੂਲ ਕਾਰਨ ਮੰਨਿਆ। ਇਸ ਤਰ੍ਹਾਂ ਆਧੁਨਿਕ ਯੁਗ ਵਿੱਚ ਵੀ ਬਹੁਤ ਸਾਰੇ ਭੌਤਿਕਵਾਦੀ ਮੱਤ ਲਏ ਗਏ ਹਨ। ਇਨ੍ਹਾਂ ਸਭਨਾਂ ਵਿੱਚ ਵਸਤੂ ਨੂੰ ਕਿਸੇ ਵੀ ਰੂਪ ਵਿੱਚ ਸੰਸਾਰ ਦੀ ਅੰਤਮ ਵਾਸਤਵਿਕਤਾ ਮੰਨਿਆ ਗਿਆ ਹੈ।

### 2. ਗੁਣਾਤਮਕ ਅੰਤਰ ਦਾ ਅਭਾਵ

ਭੌਤਿਕਵਾਦੀ ਵੱਖ-ਵੱਖ ਵਸਤੂਆਂ ਵਿੱਚ ਗੁਣਾਤਮਕ ਅੰਤਰ ਨੂੰ ਸਵੀਕਾਰ ਨਹੀਂ ਕਰਦੇ। ਇਨ੍ਹਾਂ ਦਾ ਵਿਚਾਰ ਹੈ ਕਿ ਵੱਖ-ਵੱਖ ਵਸਤੂਆਂ ਵਿੱਚ ਵਿਖਾਈ ਦੇਣ ਵਾਲਾ ਅੰਤਰ ਕੇਵਲ ਮਾਤਰਾ ਦਾ ਹੈ। ਸਾਰੀਆਂ ਵਸਤੂਆਂ ਸਮਾਨ ਰੂਪ ਤੋਂ ਅਣੂਆਂ ਤੋਂ ਬਣੀਆ ਹੋਈਆਂ ਹਨ ਤੇ ਉਨ੍ਹਾਂ ਵਿੱਚ ਅੰਤਰ ਦਾ ਕਾਰਣ ਵੀ ਇਹ ਪ੍ਰਮਾਣੂ ਹਨ।

### 3. ਅਮਰੂਤ ਵਿਚਾਰਾਂ ਤੇ ਚੇਤਨਾ ਦੀ ਵਿਆਖਿਆ ਕਰਨ ਵਿੱਚ ਅਸਫਲ

ਭੌਤਿਕਵਾਦ ਅਮਰੂਤ ਵਿਚਾਰਾਂ ਤੇ ਚੇਤਨਾ ਦੀ ਵਿਆਖਿਆ ਕਰਨ ਵਿੱਚ ਅਸਫਲ ਰਿਹਾ ਹੈ। ਜੇਕਰ ਸਭ ਕੁਝ ਯਾਂਤ੍ਰਿਕ ਨਿਯਮਾਂ ਦੇ ਅਨੁਸਾਰ ਵਾਪਰਦਾ ਹੈ ਤਾਂ ਫਿਰ ਵਫਾਦਾਰੀ, ਹਮਦਰਦੀ, ਪਿਆਰ ਤੇ ਇਮਾਨਦਾਰੀ ਵਰਗੇ ਅਮੂਰਤ ਵਿਚਾਰ ਤੇ ਭਾਵਨਾਵਾਂ ਕਿਵੇਂ ਪੈਦਾ ਹੁੰਦੀਆਂ ਹਨ। ਭੌਤਿਕਵਾਦੀਆਂ ਕੋਲ ਇਸ ਦਾ ਕੋਈ ਉਤਰ ਨਹੀਂ ਹੈ।

### 4. ਜੀਵਨ ਦੀ ਧਾਰਨਾ

ਭੌਤਿਕਵਾਦੀਆਂ ਦੇ ਅਨੁਸਾਰ ਸਾਰੇ ਜੀਵਤ ਪ੍ਰਾਣੀ ਭੌਤਿਕ ਪ੍ਰਮਾਣੂਆਂ ਤੋਂ ਹੀ ਬਣੇ ਹਨ। ਇਸਦੀ ਉਤਪਤੀ ਜੈਵਿਕ ਅਤੇ ਰਸਾਇਣਿਕ ਪ੍ਰਕ੍ਰਿਆ ਦੇ ਕਾਰਣ ਹੁੰਦੀ ਹੈ। ਭੌਤਿਕਵਾਦੀ ਇਸ ਧਾਰਮਿਕ ਸਿਧਾਂਤ ਨੂੰ ਸਵੀਕਾਰ ਨਹੀਂ ਕਰਦੇ ਕਿ ਰਚਨਾ ਵਿਸ਼ੇਸ਼ ਰੂਪ ਤੋਂ ਪਰਮਾਤਮਾ ਨੇ ਕੀਤੀ ਹੈ ਤੇ ਜੀਵਨ ਦੀ ਪ੍ਰਕ੍ਰਿਆ ਅਣੂ ਅਤੇ ਊਰਜਾ ਦੇ ਸੰਯੋਗ ਤੋਂ ਚਲ ਰਹੀ ਹੈ।

Prof. Titus said. "The world is governed by strict mechanical forces and laws."

### 5. ਅਵਿਗਿਆਨਿਕ

ਭੌਤਿਕਵਾਦੀਆਂ ਨੇ ਆਪਣੇ ਸਿਧਾਂਤ ਦਾ ਵਿਕਾਸ ਕਰਨ ਲਈ ਕੇਵਲ ਭੌਤਿਕ ਵਿਗਿਆਨਾਂ ਦਾ ਸਹਾਰਾ ਲਿਆ ਕਿ ਸੰਸਾਰ ਦੀਆਂ ਸਾਰੀਆਂ ਘਟਨਾਵਾਂ ਭੌਤਿਕ ਨਿਯਮਾਂ ਅਨੁਸਾਰ ਹੁੰਦੀਆਂ ਹਨ, ਭੌਤਿਕਵਾਦੀਆਂ ਨੇ ਮਨੋਵਿਗਿਆਨਕ ਅਤੇ ਸਮਾਜਿਕ ਵਿਗਿਆਨਾਂ ਦੀ ਅਵਹੇਲਨਾ ਕੀਤੀ ਹੈ। ਸੁੰਦਰਤਾ ਸ਼ਾਸ਼ਤਰ, ਅਰਥ-ਸ਼ਾਸ਼ਤਰ ਅਤੇ ਮਨੋਵਿਗਿਆਨ ਆਦਿ ਵਿਗਿਆਨਾਂ ਵਿੱਚ ਯੰਤਰਵਾਦੀ ਵਿਆਖਿਆ ਅਸਿੱਧ ਹੋ ਚੁੱਕੀ ਹੈ।

### 6. ਵਿਕਾਸਵਾਦ ਦੁਆਰਾ ਖੰਡਨ

ਭੌਤਿਕਵਾਦੀਆਂ ਨੇ ਵਿਕਾਸਵਾਦ ਨਾਲ ਆਪਣੇ ਪੱਖ ਦਾ ਸਮਰਥ ਕੀਤਾ ਹੈ ਪ੍ਰੰਤੂ ਜੇ ਦੇਖਿਆ ਜਾਏ ਤਾਂ ਵਿਕਾਸਵਾਦ

ਦੁਆਰਾ ਭੌਤਿਕਵਾਦ ਦਾ ਖੰਡਨ ਹੁੰਦਾ ਹੈ ਕਿਉਂਕਿ ਭੌਤਿਕਵਾਦੀਆਂ ਦੇ ਅਨੁਸਾਰ ਭੌਤਿਕ ਪਦਾਰਥ ਅਨਾਦਿ ਅਤੇ ਨਿਰਪੇਖ ਹੈ ਅਤੇ ਉਸ ਵਿਚ ਕਿਸੇ ਪ੍ਰਕਾਰ ਦਾ ਵਿਕਾਸ ਨਹੀਂ ਹੁੰਦਾ। ਇਸ ਲਈ ਭੌਤਿਕਵਾਦ ਵਿਕਾਸ ਦੇ ਵਿਰੁੱਧ ਹੈ।

## 7. ਯੰਤਰਵਾਦ ਅਤੇ ਨਿਸ਼ਚਿਤਵਾਵਾਦ

ਵਿਵਹਾਰ ਦੀ ਵਿਆਖਿਆ ਦੇ ਸੰਬੰਧ ਵਿੱਚ ਭੌਤਿਕਵਾਦੀ ਯੰਤਰਵਾਦ ਵਿੱਚ ਵਿਸ਼ਵਾਸ ਕਰਦੇ ਹਨ। ਉਹ ਇੱਛਾ ਦੀ ਸੁਤੰਤਰਤਾ ਦੇ ਵਿਚਾਰ ਨੂੰ ਸਵੀਕਾਰ ਨਹੀਂ ਕਰਦੇ। ਵਾਟਸਨ ਦਾ ਵਿਚਾਰ ਹੈ ਕਿ ਮਨੁੱਖ ਜਿਸ ਤਰ੍ਹਾਂ ਦਾ ਵੀ ਵਿਵਹਾਰ ਕਰਦਾ ਹੈ ਉਹ ਪਹਿਲਾਂ ਤੋਂ ਹੀ ਉਸਦੇ ਵਾਤਾਵਰਨ ਤੋਂ ਨਿਸ਼ਚਿਤ ਹੁੰਦਾ ਹੈ। ਸਾਡੀ ਹਰ ਕਿਰਿਆ ਕੇਵਲ ਬਾਹਰੀ ਉਤੇਜਕ ਦੇ ਪ੍ਰਤੀ ਪ੍ਰਤੀਕਿਰਿਆ ਹੁੰਦੀ ਹੈ। ਇਸ ਪ੍ਰਕਾਰ ਭੌਤਿਕਵਾਦੀ ਨਿਸ਼ਚਿਤਤਾਵਾਦ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਵਿਕਾਸ ਦੇ ਪਿਛੇ ਕਿਸੀ ਉਦੇਸ਼ ਨੂੰ ਸਵੀਕਾਰ ਨਹੀਂ ਕਰਦੇ।

## 8. ਜੀਵਨ ਤੇ ਸ਼ਕਤੀ ਦਾ ਧਾਰਨਾ

ਜੀਵਨ ਤੇ ਸ਼ਕਤੀ ਦੀ ਧਾਰਨਾ ਬਾਰੇ ਭੌਤਿਕਵਾਦੀਆਂ ਦੇ ਅਲਗ-ਅਲਗ ਵਿਚਾਰ ਹਨ। ਆਦਰਸ਼ਵਾਦ ਮਨੁੱਖ ਨੂੰ ਇਕ ਆਤਮਾ ਕਹਿੰਦਾ ਹੈ। ਸਰੀਰ ਸੱਤ ਨਹੀਂ, ਇਹ ਨਾਸ਼ਵਾਨ ਹੈ। ਆਤਮਾ ਸਦਾ ਰਹਿੰਦੀ ਹੈ। ਇਸਦਾ ਨਾਸ਼ ਨਹੀਂ ਹੁੰਦਾ। ਇਸ ਲਈ ਵਾਸਤਵਿਕ ਜੀਵਨ ਆਤਮਕ ਜਾਂ ਅਧਿਆਤਮਕ ਜੀਵਨ ਹੈ। ਭੌਤਿਕਵਾਦ ਵਿੱਚ ਕੇਵਲ ਸਰੀਰ ਨੂੰ ਹੀ ਵਾਸਤਵਿਕ ਮੰਨਿਆ ਜਾਂਦਾ ਹੈ। ਆਤਮਾ ਪ੍ਰਮਾਤਮਾ ਵਿੱਚ ਕੋਈ ਵਿਸ਼ਵਾਸ ਨਹੀਂ। ਇਸ ਵਿਚਾਰ ਵਾਲੇ ਮੰਨਦੇ ਹਨ ਕਿ ਜਦ ਪੰਜ ਭੂਤ ਭਾਵ ਪਾਣੀ, ਹਵਾ, ਅੱਗ, ਧਰਤੀ ਤੇ ਅਕਾਸ਼ ਇਕੱਠੇ ਹੁੰਦੇ ਹਨ ਤਾਂ ਜੀਵਨ ਬਣ ਜਾਂਦਾ ਹੈ ਤੇ ਜਦ ਇਹ ਅਲੱਗ ਹੁੰਦੇ ਹਨ ਤਾਂ ਮੌਤ ਹੋ ਜਾਂਦੀ ਹੈ। ਇਸ ਬਾਰੇ ਇਕ ਪ੍ਰਸਿਧ ਕਵਿ ਪੰਡਤ ਬ੍ਰਿਜ ਨਰਾਇਣ ਚਕਬਸਤ ਲਖਨਵੀ ਨੇ ਕਿਹਾ ਹੈ :-

ਜ਼ਿੰਦਗੀ ਕਿਆ ਹੈ ਅਨਾਸਰ ਮੇਂ ਜਹੂਰੇ ਤਰਤੀਬ।
ਮੌਤ ਕਿਯਾ ਹੈ ਇਨਹੀ ਅਜਜਾ ਸੇ ਪਰੇਸ਼ਾਂ ਹੋਨਾ।।

ਭੌਤਿਕਵਾਦ ਕਹਿੰਦੇ ਹਨ ਕਿ ਜੀਵਨ ਪਦਾਰਥ ਤੋਂ ਬਣਿਆ ਹੈ।

## 9. ਸ਼ਕਤੀ ਸੰਰਖਿਅਣ ਦਾ ਸਿਧਾਂਤ

ਭੌਤਿਕਵਾਦ ਮੰਨਦੇ ਹਨ ਕਿ ਸੰਸਾਰ ਵਿੱਚ ਸ਼ਕਤੀ ਤੇ ਵਸਤੂ ਦੀ ਮਾਤਰਾ ਜ਼ਰੂਰੀ ਹੈ। ਇਸੇ ਤਰ੍ਹਾਂ ਸ਼ਕਤੀ ਦੀ ਮਾਤਰਾ ਵੀ ਸੀਮਤ ਹੈ। ਸੰਸਾਰ ਦੇ ਜੀਵਨ ਦਾ ਕਾਰੋਬਾਰ ਚਲਾਉਣ ਲਈ ਪਦਾਰਥ ਤੋਂ ਸ਼ਕਤੀ ਦੀ ਜ਼ਰੂਰਤ ਨਹੀਂ। ਭੌਤਿਕਵਾਦ ਵਾਲੇ F=MXA ਦੇ ਫਾਰਮੂਲੇ ਵਿੱਚ ਵਿਸ਼ਵਾਸ ਰੱਖਦੇ ਹਨ। ਇਸ ਦਾ ਅਰਥ ਇਹ ਹੈ ਕਿ ਸ਼ਕਤੀ ਨੂੰ Mass ਅਤੇ Acceleration ਨਾਲ ਉਤਪੰਨ ਕੀਤਾ ਜਾਂਦਾ ਹੈ। ਸੋ ਉਸ ਨੂੰ ਕਿਸੇ ਵੀ ਬਾਹਰੀ ਸ਼ਕਤੀ ਦਾ ਸਹਾਰਾ ਨਹੀਂ ਲੈਣਾ ਪੈਂਦਾ।

## 10. ਪਦਾਰਥੀ ਸੱਤਾ ਮਾਨਸਿਕ ਸ਼ਕਤੀ ਤੋਂ ਉਪਰ ਹੈ

ਭੌਤਿਕਵਾਦੀ ਮੰਨਦੇ ਹਨ ਕਿ ਮਨ ਜਾਂ ਇਸ ਦੀਆਂ ਕਿਰਿਆਵਾਂ ਬਾਅਦ ਵਿੱਚ ਆਉਂਦੀਆਂ ਹਨ, ਪਹਿਲਾਂ ਪਦਾਰਥ ਤੇ ਆਉਂਦੀਆਂ ਹਨ। ਇਸ ਵਿਚਾਰ ਵਿਚ ਮਨ ਨੂੰ ਇਕ ਪ੍ਰਕਾਰ ਦਾ ਸੂਖਮ ਪਦਾਰਥ ਮੰਨਿਆ ਜਾਂਦਾ ਹੈ ਸੋ ਸਪੱਸ਼ਟ ਹੈ ਕਿ ਮਨ ਇਕ ਤਰ੍ਹਾਂ ਦਾ ਪਦਾਰਥ ਹੀ ਹੈ ਇਸ ਲਈ ਇਸ ਦੀ ਸ਼ਕਤੀ ਪਦਾਰਥ ਦੀ ਸ਼ਕਤੀ ਹੈ।

## 11. ਪਦਾਰਥੀ ਵਸਤਾਂ ਜਾ ਵਿਚਾਰ

ਦਰਸ਼ਨ ਦੇ ਖੇਤਰ ਵਿੱਚ ਬਹੁਤ ਵੱਡੀ ਸਿਧਾਂਤਕ ਲੜਾਈ ਚਲਦੀ ਰਹੀ ਹੈ ਕਿ ਵਿਚਾਰ ਸੱਚ ਹਨ ਜਾਂ ਵਸਤੂਆਂ।

ਭੌਤਿਕਵਾਦ ਵਿੱਚ ਇਸ ਗੱਲ ਨੂੰ ਸਿੱਧ ਕੀਤਾ ਜਾਂਦਾ ਹੈ ਕਿ ਵਸਤੂਆਂ ਹੀ ਆਰੰਭਕ ਅਤੇ ਅੰਤਮ ਸੱਚ ਹਨ? ਪਹਿਲੇ ਮਨੁੱਖ ਬਾਦ ਵਿੱਚ ਵਿਚਾਰ ਹਨ। ਜਦਾ ਤੱਕ ਸੰਸਾਰ ਵਿੱਚ ਵੱਖ-ਵੱਖ ਵਸਤੂਆਂ ਨਹੀਂ ਹੋਣਗੀਆਂ ਵਿਚਾਰ ਕਿਥੋਂ ਪੈਦਾ ਹੋਣਗੇ। ਭੌਤਿਕਵਾਦੀ ਕਹਿੰਦੇ ਹਨ ਕਿ ਸਾਨੂੰ ਦੇਖਣਾ ਚਾਹੀਦਾ ਹੈ ਕਿ ਕੁਰਸੀ ਦਾ ਵਿਚਾਰ ਕਿਵੇਂ ਬਣਿਆਂ? ਸਭ ਤੋਂ ਪਹਿਲਾਂ ਕੁਰਸੀ ਨਾਮ ਦੀ ਵਸਤੂ ਸੰਸਾਰ ਵਿੱਚ ਸੀ, ਤਾਂ ਹੀ ਉਸਦਾ ਵਿਚਾਰ ਬਣਿਆ। ਬਾਦ ਵਿੱਚ ਕੁਰਸੀ ਰਹੇ ਜਾਂ ਨਾਂ ਰਹੇ ਪਰ ਸ਼ੁਰੂ ਵਿੱਚ ਕੁਰਸੀ ਦਾ ਹੋਣਾ ਜ਼ਰੂਰੀ ਹੈ।

### 12. ਭੌਤਿਕ ਪਦਾਰਥ ਦਾ ਅਗਿਆਤ ਸਰੂਪ

ਭੌਤਿਕਵਾਦੀ ਮੰਨਦੇ ਹਨ ਕਿ ਭੌਤਿਕ ਪਦਾਰਥ ਦਾ ਅਗਿਆਤ ਸਰੂਪ ਅਨੁਭਵ ਦਾ ਵਿਸ਼ਾ ਹੈ ਪ੍ਰੰਤੂ ਭੌਤਿਕੀ ਖੋਜਾਂ ਨੇ ਭੋਤਿਕ ਪਦਾਰਥਾਂ ਦੇ ਸਰੂਪ ਨੂੰ ਭੇਦਮਈ ਬਣਾ ਦਿੱਤਾ ਹੇ ਤੇ ਹੁਣ ਇਹ ਨਹੀਂ ਕਿਹਾ ਜਾ ਸਕਦਾ ਕਿ ਭੌਤਿਕ ਪਦਾਰਥ ਦਾ ਸਰੂਪ ਕੀ ਹੈ? ਹੁਣ ਭੌਤਿਕ ਪਦਾਰਥ ਨੂੰ ਊਰਜਾ ਵਿੱਚ ਤੇ ਊਰਜਾ ਨੂੰ ਭੌਤਿਕ ਪਦਾਰਥ ਵਿੱਚ ਬਦਲਿਆ ਜਾ ਸਕਦਾ ਹੈ। ਹੁਣ ਇਹ ਕਹਿਣਾ ਕਠਿਨ ਹੈ ਕਿ ਮੂਲ ਤੱਤ ਭੌਤਿਕ ਪਦਾਰਥ ਹੈ ਜਾਂ ਊਰਜਾ।

### 13. ਸੁਖਵਾਦ ਵਿੱਚ ਵਿਸ਼ਵਾਸ

ਨੈਤਿਕ ਖੇਤਰ ਵਿੱਚ ਭੌਤਿਕਵਾਦੀ ਦੇ ਸਿਧਾਂਤ ਨੂੰ ਸਵੀਕਾਰ ਕਰਦੇ ਹਨ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਅਸੀਂ ਸੁਖ ਪ੍ਰਾਪਤ ਕਰਨ ਤੇ ਦੁੱਖਾਂ ਤੋਂ ਛੁਟਕਾਰਾ ਪਾਉਣ ਦਾ ਯਤਨ ਕਰਦੇ ਹਾਂ। ਇਸ ਮਨੋਵਿਗਿਆਨਕ ਤੱਤ ਤੋਂ ਭੌਤਿਕਵਾਦੀ ਇਸ ਨੈਤਿਕ ਨਤੀਜੇ ਤੇ ਪਹੁੰਚੇ ਹਨ ਕਿ ਸਾਨੂੰ ਸੁੱਖ ਪ੍ਰਾਪਤ ਕਰਨਾ ਚਾਹੀਦਾ ਹੈ ਅਤੇ ਦੁਖਾਂ ਤੋਂ ਬਚਣਾ ਚਾਹੀਦਾ ਹੈ।

### 14. ਪਰਮਾਤਮਾ ਦੀ ਜਗ੍ਹਾ ਤੇ ਭੌਤਿਕ ਪਦਾਰਥ ਦੀ ਸਥਾਪਨਾ

ਭੌਤਿਕਵਾਦੀ ਨਾਸਤਿਕ ਵਿਚਾਰਕ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਪਰਮਾਤਮਾ ਦੀ ਧਾਰਨਾ ਮਨੁੱਖ ਦੇ ਮਨ ਦੀ ਉਪਜ ਹੈ। ਇਸ ਸੰਸਾਰ ਦੀ ਰਚਨਾ ਦੀ ਵਿਆਖਿਆ ਕਰਨ ਲਈ ਪ੍ਰਮਾਤਮਾ ਦੀ ਕੋਈ ਜ਼ਰੂਰਤ ਨਹੀਂ ਕਿਉਂਕਿ ਇਹ ਵਿਆਖਿਆ ਭੌਤਿਕ ਨਿਯਮ ਦੇ ਆਧਾਰ ਤੇ ਹੀ ਕੀਤੀ ਜਾ ਸਕਦੀ ਹੈ ਸੋ ਸੰਸਾਰ ਦਾ ਰਚਨਹਾਰਾ ਪ੍ਰਮਾਤਮਾ ਨਹੀਂ ਵਸਤੂ ਹੈ।

ਅੰਤ ਵਿੱਚ ਵਸਤੂ ਅਨਾਦਿ, ਸਰਵ ਵਿਆਪਕ, ਸਰਵ ਸ਼ਕਤੀਮਾਨ ਪਰਮਸ਼ੁੱਭ ਹੈ। ਇਹ ਹੀ ਸਤਿਅਮ, ਸ਼ਿਵਮ ਤੇ ਸੁੰਦਰਮ ਹੈ। ਭੌਤਿਕਵਾਦ ਹਰ ਪ੍ਰਕਾਰ ਦੇ ਦਵੈਤ ਤੋਂ ਸੁਤੰਤਰ ਹੈ। ਇਸਦੇ ਸਿਧਾਂਤ ਨੂੰ ਸਮਝਣਾ ਬਹੁਤ ਅਸਾਨ ਹੈ।

## 1.3.5 ਭੌਤਿਕਵਾਦ ਦੇ ਸਮਰਥਨ ਵਿੱਚ ਪ੍ਰਮੁੱਖ ਯੁਕਤੀਆਂ

### 1. ਸਾਦੀ ਤੋਂ ਸਾਦੀ ਵਿਆਖਿਆ

ਸਰਲ ਤੋਂ ਸਰਲ ਵਿਆਖਿਆ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਹੀ ਸਰਵਉੱਚ ਹੁੰਦੀ ਹੈ। ਸਰਲ ਤੋਂ ਸਰਲ ਵਿਆਖਿਆ ਵਿੱਚ ਕਿਸੇ ਵੀ ਅਜਿਹੀ ਵਸਤੂ ਦਾ ਸਹਾਰਾ ਨਹੀਂ ਲਿਆ ਜਾਂਦਾ ਜੋ ਗਿਆਤ ਨਾ ਹੋਵੇ।

### 2. ਪ੍ਰਤਖੀਕਰਣ ਦੀ ਯੁਕਤੀ

ਜੋ ਚਾਰੇ ਪਾਸੇ ਵਿਖਾਈ ਦੇਂਦਾ ਹੈ ਉਹ ਭੌਤਿਕ ਪਦਾਰਥ ਦੇ ਕਾਰਣ ਹੀ ਹੈ। ਸਧਾਰਨ ਅਨੁਭਵ ਭੌਤਿਕ ਪਦਾਰਥ ਦੀ ਹੋਂਦ ਸਿੱਧ ਕਰਦਾ ਹੈ।

### 3. ਜੀਵਿਕ ਵਿਗਿਆਨ ਦੁਆਰਾ ਸਮਰਥਨ

ਜੀਵ ਰਸਾਇਣ ਵਿਗਿਆਨ ਨਾਲ ਇਸ ਗੱਲ ਦਾ ਸਮਰਥਨ ਹੁੰਦਾ ਹੈ ਕਿ ਜੀਵਨ ਰਸਾਇਣਿਕ ਕ੍ਰਿਆਵਾਂ ਦਾ ਹੀ ਇਕ ਰੂਪ ਹੈ। ਪ੍ਰਾਣੀਆਂ ਦੀ ਸਰੀਰ ਰਚਨਾ ਦੇ ਤੁਲਨਾਤਮਕ ਅਧਿਐਨ ਨਾਲ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ

ਕਲਪਨਾ, ਯਾਦ, ਵਿਚਾਰ ਆਦਿ ਮਾਨਸਿਕ ਕ੍ਰਿਆਵਾਂ ਵਿਕਸਤ ਦਿਮਾਗ ਨਾਲ ਜੁੜੀਆਂ ਹੁੰਦੀਆਂ ਹਨ। ਦਿਮਾਗ ਤੋਂ ਅਲਗ ਮਨ ਦੀ ਕਲਪਨਾ ਨਿਰਾਧਾਰ ਹੈ ਤੇ ਜੋ ਵੀ ਮਾਨਸਿਕ ਕ੍ਰਿਆਵਾਂ ਹੁੰਦੀਆਂ ਹਨ ਉਨ੍ਹਾਂ ਦਾ ਆਧਾਰ ਦਿਮਾਗ ਹੈ ਜੋ ਭੌਤਿਕ ਪਦਾਰਥ ਹੈ।

### 4. ਵਿਕਾਸਵਾਦ ਦੁਆਰਾ ਸਮਰਥਨ

ਜੀਵ ਦੀ ਉਤਪਤੀ ਭੌਤਿਕ ਪਦਾਰਥਾਂ ਤੋਂ ਹੋਈ ਹੈ। ਪੂਰਵ ਇਤਿਹਾਸਕ ਕਾਲ ਵਿੱਚ ਜੀਵਨ ਦੀ ਉਤਪਤੀ ਤੋਂ ਪਹਿਲਾਂ ਕੇਵਲ ਭੌਤਿਕ ਵਸਤਾਂ ਹੀ ਸਨ। ਇਸ ਵਿਕਾਸਵਾਦੀ ਵਿਆਖਿਆ ਤੋਂ ਭੌਤਿਕਵਾਦੀ ਦਰਸ਼ਨ ਦਾ ਸਮਰਥਨ ਹੁੰਦਾ ਹੈ।

### 5. ਮਨੋਵਿਗਿਆਨ ਦੁਆਰਾ ਸਮਰਥਨ

ਭੋਤਿਕ ਤੇ ਨਸ਼ੀਲੀਆਂ ਵਸਤਾਂ ਯਾਦ, ਕਲਪਨਾ, ਪ੍ਰਤੱਖ ਆਦਿ ਮਾਨਸਿਕ ਕ੍ਰਿਆਵਾਂ ਉਤੇ ਪ੍ਰਭਾਵ ਪੈਂਦਾ ਹੈ। ਮਾਨਸਿਕ ਕ੍ਰਿਆਵਾਂ ਅਸਲ ਵਿੱਚ ਭੌਤਿਕ ਹੀ ਹਨ। ਬੁਢਾਪੇ ਵਿੱਚ ਸਰੀਰ ਕਮਜ਼ੋਰ ਹੋਣ ਦੇ ਨਾਲ ਯਾਦ, ਕਲਪਨਾ, ਪ੍ਰਤਖੀਕਰਨ ਦੀ ਸ਼ਕਤੀ ਵੀ ਕਮਜ਼ੋਰ ਹੋ ਜਾਂਦੀ ਹੈ।

### 6. ਭੌਤਿਕ ਵਿਗਿਆਨ ਦੁਆਰਾ ਸਮਰਥਨ

ਭੌਤਿਕੀ ਤੇ ਰਸਾਇਣ ਸ਼ਾਸ਼ਤਰ ਭੌਤਿਕ ਪਦਾਰਥਾਂ ਨੂੰ ਮੰਨ ਕੇ ਚਲਦੇ ਹਨ। ਇਨ੍ਹਾਂ ਦੀ ਖੋਜ ਨਾਲ ਭੌਤਿਕ ਪਦਾਰਥ ਦੀ ਪੁਸ਼ਟੀ ਹੁੰਦੀ ਹੈ।

### 7. ਸ਼ਕਤੀ ਦੇ ਸੰਰਖਣ ਦੇ ਸਿਧਾਂਤ ਦੁਆਰਾ ਸਮਰਥਨ

ਭੌਤਿਕ ਸੰਸਾਰ ਵਿੱਚ ਸ਼ਕਤੀ ਦੇ ਸੰਰਖਣ ਦੇ ਸਿਧਾਂਤ ਦੁਆਰਾ ਸਮਰਥਨ ਸ਼ਕਤੀ ਹੀ ਮਾਤਰਾ ਸਥਿਰ ਰਹਿੰਦੀ ਹੈ। ਅਨੇਕ ਪ੍ਰਕਾਰ ਦੇ ਭੌਤਿਕ ਪਰਿਵਰਤਨ ਸ਼ਕਤੀ ਦੇ ਰੂਪ ਵਿੱਚ ਪਰਿਵਰਤਨ ਹੁੰਦੇ ਹਨ। ਉਨ੍ਹਾਂ ਵਿੱਚ ਸ਼ਕਤੀ ਦੀ ਮਾਤਰਾ ਘੱਟ ਜਾਂ ਅਧਿਕ ਨਹੀਂ ਹੁੰਦੀ। ਇਸ ਸਿਧਾਂਤ ਅਨੁਸਾਰ ਮਾਨਸਿਕ ਸ਼ਕਤੀਆਂ ਨੂੰ ਸਰੀਰਕ ਕ੍ਰਿਆਵਾਂ ਤੋਂ ਅਲੱਗ ਨਹੀਂ ਮੰਨਣਾ ਚਾਹੀਦਾ।

### 8. ਸਾਈਬਰਨੇਟਿਕਸ ਦੁਆਰਾ ਸਮਰਥਨ

ਇਹ ਮਸ਼ੀਨਾਂ ਬਾਰੇ ਸਿਧਾਂਤ ਹੈ। ਇਸ ਸਿਧਾਂਤ ਤੋਂ ਸਪੱਸ਼ਟ ਹੈ ਕਿ ਬਹੁਤ ਸਾਰੇ ਗੁਣ ਜੋ ਮਨ ਅਥਵਾ ਆਤਮਾ ਵਿੱਚ ਹੀ ਮੰਨੇ ਜਾਦੇ ਹਨ, ਮਸ਼ੀਨਾਂ ਵਿੱਚ ਪਾਏ ਜਾਂਦੇ ਹਨ। ਸੂਚਨਾ ਪ੍ਰਾਪਤ ਕਰਨ ਤੇ ਉਸਦਾ ਅਰਥ ਲਗਾਉਣ, ਜੀਵਨ ਸਮੱਸਿਆਵਾਂ ਨੂੰ ਹਲ ਕਰਨ, ਥਕਾਨ ਦਾ ਅਨੁਭਵ ਕਰਨ ਦੀਆਂ ਵਿਸ਼ੇਸ਼ਤਾਈਆਂ ਮਸ਼ੀਨਾਂ ਵਿੱਚ ਵੇਖਣ ਵਿਚ ਆਉਂਦੀਆਂ ਹਨ।

## 1.3.6 ਭੌਤਿਕਵਾਦ ਦੇ ਗੁਣ

### 1. ਭੌਤਿਕਵਾਦ ਸਰਲ ਹੈ

ਸੰਸਾਰ ਤੇ ਉਸਦੇ ਹਿੱਸਿਆਂ ਵਿੱਚ ਕਈ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਹਨ ਜੋ ਮਨੁੱਖ ਨੂੰ ਸਦੀਆਂ ਤੋਂ ਡਰਾਉਂਦੀਆਂ ਆ ਰਹੀਆਂ ਹਨ ਤੇ ਹਲ ਹੋਣ ਦਾ ਨਾਂ ਵੀ ਨਹੀਂ ਲੈਂਦੀਆਂ ਹਨ ਪ੍ਰੰਤੂ ਯੰਤਰੀ ਭੌਤਿਕਵਾਦ ਉਸਨੂੰ ਸਫਲਤਾ ਨਾਲ ਹਲ ਕਰ ਦੇਂਦਾ ਹੈ। ਭੌਤਿਕ ਨਿਯਮ ਜੋ ਵਿਗਿਆਨਾਂ ਤੋਂ ਮਿਲਦਾ ਹਨ। ਸਭ ਘਟਨਾਵਾਂ ਦੀ ਵਿਆਖਿਆ ਕਰਦੇ ਹਨ ਭਾਵ ਇਕ ਹੀ ਭੌਤਿਕ ਪਦਾਰਥ ਹੈ ਤੇ ਉਹ ਕਈ ਰੂਪ ਧਾਰਨ ਕਰ ਲੈਂਦਾ ਹੈ।

### 2. ਭੌਤਿਕ ਵਸਤਾਂ ਤੇ ਜੀਵਨ

ਲਗਪਗ ਸਾਰੇ ਮਨੱਖਾਂ ਦਾ ਜ਼ਿਆਦਾ ਸਮਾਂ ਭੌਤਿਕ ਵਸਤਾਂ ਤੇ ਜੀਨਵ ਦੇ ਨਾਲ ਹੀ ਬੀਤਦਾ ਹੈ। ਜੋ ਦਰਸ਼ਨ ਇਨ੍ਹਾਂ ਭੌਤਿਕ ਵਸਤਾਂ ਨੂੰ ਵਾਸਤਵਿਕ ਕਹਿੰਦਾ ਹੈ, ਲੋਕਾਂ ਨੂੰ ਆਕਰਸ਼ਕ ਕਰਦਾ ਹੈ। ਭੋਜਨ ਤੇ ਉਨ੍ਹਾਂ ਦੀ ਜੀਵਨ ਲਈ

ਨਿਰੰਤਰ ਲੋੜ ਤੋਂ ਪ੍ਰਭਾਵਤ ਹੁੰਦਾ ਹੈ। ਇਸ ਲਈ ਇਹ ਆਸਾਨੀ ਨਾਲ ਵਿਸ਼ਵਾਸ ਹੋ ਜਾਂਦਾ ਹੈ ਕਿ ਕੇਵਲ ਭੌਤਿਕ ਵਸਤਾਂ ਹੀ ਜੀਵਨ ਦੀਆਂ ਅਸਲੀ ਵਸਤਾਂ ਹਨ ਜੋ ਵਸਤਾਂ ਭੌਤਿਕ ਨਹੀਂ ਹਨ ਉਨ੍ਹਾਂ ਨੂੰ ਕਲਪਨਾ ਦੀਆਂ ਵਸਤਾਂ ਸਮਝਿਆ ਜਾਂਦਾ ਹੈ।

### 3. ਯੰਤ੍ਰਿਕ ਕਾਰਜ ਕਾਰਨ

ਅੱਜ ਦਾ ਯੁੱਧ ਯੰਤ੍ਰਿਕ ਯੁੱਧ ਹੈ। ਹਰੇਕ ਵਸਤੂ ਕਾਰਜ ਕਾਰਨ ਦੇ ਰੂਪ ਵਿੱਚ ਠੀਕ ਸਮਝੀ ਜਾਂਦੀ ਹੈ। ਇਸ ਲਈ ਭੌਤਿਕਵਾਦ ਠੀਕ ਤੇ ਆਦਰਸ਼ਕ ਲਗਦਾ ਹੈ।

### 4. ਬੁੱਧੀ ਅਨੁਕੂਲ

ਯੰਤ੍ਰਿਕ ਭੌਤਿਕਵਾਦ ਬੁੱਧੀ ਦੇ ਰੂਪ ਵਿੱਚ ਠੀਕ ਸਮਝੀ ਜਾਂਦੀ ਹੈ ਇਸ ਲਈ ਭੌਤਿਕਵਾਦ ਨੂੰ ਸਮਝਣਾ ਆਸਾਨ ਹੁੰਦਾ ਹੈ।

### 5. ਸਰੀਰ ਸ਼ਾਸ਼ਤਰੀ ਵਿਆਖਿਆ

ਸਰੀਰਕ ਕ੍ਰਿਆਵਾਂ ਦੀ ਸਰੀਰ ਸ਼ਾਸ਼ਤਰੀ ਪਰਿਭਾਸ਼ਾ ਜ਼ਿਆਦਾ ਆਸਾਨ ਤੇ ਸਰਲ ਲਗਦੀ ਹੈ। ਸਰੀਰ ਸ਼ਾਸ਼ਤਰੀ ਵਿਆਖਿਆ ਭੌਤਿਕ ਵਿਆਖਿਆ ਹੈ ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਆਧੁਨਿਕ ਮਨੋਵਿਗਿਆਨ ਨੇ ਵੀ ਮਾਨਸਿਕ ਕ੍ਰਿਆਵਾਂ ਨੂੰ ਸਮਝਣ ਲਈ ਸਰੀਰ ਸ਼ਾਸ਼ਤਰ ਦੀ ਸਹਾਇਤਾ ਲਈ ਹੈ।

### 6. ਨੈਤਿਕ ਜ਼ਿੰਮੇਵਾਰੀਆਂ ਤੋਂ ਮੁਕਤੀ

ਆਦਰਸ਼ਵਾਦ ਅਨੁਸਾਰ ਮਨੁੱਖ ਦੀ ਜ਼ਿੰਮੇਵਾਰੀ ਹੈ ਕਿ ਉਹ ਜੀਵਨ ਦੀਆਂ ਉੱਚ ਕਦਰਾਂ ਨੂੰ ਪ੍ਰਾਪਤ ਕਰੇ ਪ੍ਰੰਤੂ ਭੌਤਿਕਵਾਦ ਨੇ ਉਨ੍ਹਾਂ ਕਦਰਾਂ ਨੂੰ ਖਿਆਲੀ ਦੱਸਿਆ ਹੈ ਤੇ ਜੋ ਉਨੱਤੀ ਹੋ ਸਕਦੀ ਹੈ ਉਹ ਵਿਗਿਆਨਕ ਨਿਯਮਾਂ ਰਾਹੀਂ ਹੁੰਦੀ ਹੈ।

### 7. ਇਹ ਵਿਗਿਆਨਕ ਦ੍ਰਿਸ਼ਟੀਕੋਣ ਤੇ ਉਨਤੀ ਨਾਲ ਸੰਬੰਧਤ ਹੈ

ਕਿਉਂਕਿ ਇਹ ਦਰਸ਼ਨ ਵਿਗਿਆਨਕ ਢੰਗ ਤੇ ਨਿਰਭਰ ਹੈ ਤੇ ਵਿਗਿਆਨ ਨੇ ਬੜੀ ਉਨੱਤੀ ਕੀਤੀ ਹੈ, ਇਸ ਲਈ ਮਨੁਖਤਾ ਯੰਤਰੀ ਭੌਤਿਕਵਾਦ ਦੀ ਸਚਾਈ ਵਿੱਚ ਵਿਸ਼ਵਾਸ ਰੱਖਦੀ ਹੈ। ਜੇ ਵਿਗਿਆਨ ਜੀਵਨ, ਮਨ ਆਦਿ ਸਭ ਦੀ ਸਮਰਥ ਵਿਆਖਿਆ ਕਰਦਾ ਹੈ ਤਾਂ ਭੌਤਿਕਵਾਦ ਠੀਕ ਹੈ।

## ਭੌਤਿਕਵਾਦ ਦੇ ਵਿਵਹਾਰਿਕ ਪਰਿਣਾਮ

1. ਪਰਲੋਕ ਨਹੀਂ

   ਭੌਤਿਕ ਸੰਸਾਰ ਅਸਲੀ ਸੰਸਾਰ ਹੈ ਇਸ ਦੇ ਇਲਾਵਾ ਕੋਈ ਸੰਸਾਰ ਨਹੀਂ। ਪਰਲੋਕ ਕਾਲਪਨਿਕ ਹੈ।

2. ਪੁਨਰਜਨਮ ਨਹੀਂ

   ਅਮਰ ਤੇ ਅਜਰ ਆਤਮਾ ਨਹੀਂ ਹੈ। ਮੌਤ ਜਨਮ ਦਾ ਅੰਤਮ ਪੜਾਅ ਹੈ। ਇਸ ਲਈ ਮਰਨ ਬਾਦ ਪੁਨਰ ਜਨਮ ਨਹੀਂ ਹੁੰਦਾ।

3. ਚਮਤਕਾਰ ਨਹੀਂ

   ਦੇਵੀ ਦੇਵਤਿਆਂ ਦੀ ਪੂਜਾ ਕਰਕੇ ਸੁਖ ਪ੍ਰਾਪਤ ਕਰਨਾ ਖੁਦ ਨੂੰ ਧੋਖਾ ਦੇਣਾ ਹੈ।

4. ਅਲੋਕਿਕ ਸ਼ਕਤੀ ਨਹੀਂ

   ਪਰਮਾਤਮਾ ਕੋਈ ਆਲੋਕਿਕ ਚੇਤਨ ਸ਼ਕਤੀ ਨਹੀਂ ਹੈ।

5. ਸੰਕਲਪ ਦੀ ਸੁਤੰਤਰਤਾ ਨਹੀਂ

ਜਿਵੇਂ ਤਾਰਿਆਂ ਦੀ ਗਤੀ ਤੇ ਧਰਤੀ ਦਾ ਘੁੰਮਣਾ ਕੁਦਰਤ ਦੇ ਅਧੀਨ ਹੈ ਉਸੇ ਤਰ੍ਹਾਂ ਸੰਕਲਪ ਵੀ ਕੁਦਰਤ ਦੇ ਨਿਯਮਾਂ ਦੇ ਅਧੀਨ ਹੈ। ਇਸ ਕਰੇ ਸੰਕਲਪ ਦੀ ਸੁਤੰਤਰਤਾ ਨਹੀਂ ਹੈ।

### 1.3.7 ਭੌਤਿਕਵਾਦ ਦੀਆਂ ਸੀਮਾਵਾਂ ਜਾਂ ਔਗੁਣ ਜਾਂ ਆਲੋਚਨਾ

1. ਸਾਡਾ ਵਿਸ਼ਵਾਸ ਧਰਮ, ਮੁਲ ਤੇ ਨੈਤਿਕਤਾ ਦੇ ਪ੍ਰਤੀ ਖਤਮ ਹੋਇਆ ਹੈ

ਜਦ ਵਾਸਤਵਿਕ ਸਾਰ ਭੌਤਿਕ ਦ੍ਰਵ ਹੀ ਹੈ ਤਾਂ ਮੁਲ, ਧਰਮ ਅਤੇ ਨੀਤੀ ਮਹੱਤਵਪੂਰਨ ਨਹੀਂ ਰਹਿੰਦੇ ਤੇ ਸਾਡੀ ਇਨ੍ਹਾਂ ਬਾਰੇ ਸ਼ਰਧਾ ਮਿੱਟ ਗਈ ਹੈ।

### 2. ਯੰਤਰੀ ਭੌਤਿਕਵਾਦੀਆਂ ਦੇ ਵਿਚਾਰਾਂ ਵਿੱਚ ਫਰਕ ਹੈ

ਇਸ ਤੋਂ ਇਹ ਦ੍ਰਿਸ਼ਟੀਕੋਣ ਪ੍ਰਭਾਵਸ਼ਾਲੀ ਨਹੀਂ ਰਿਹਾ ਉਨ੍ਹਾਂ ਦੇ ਭੋਤਿਕ ਪਦਾਰਥ ਦਾ ਮੌਲਿਕ ਸਰੂਪ ਤੇ ਹੀ ਮਤਭੇਦ ਹੈ। ਕੋਈ ਇਸਨੂੰ ਤਿੰਨ ਵੱਖ ਸਿਧਾਂਤਾਂ ਤੇ ਸਮਝਦਾ ਹੈ ਜਿਵੇਂ ਭੌਤਿਕ ਕਣ, ਥਾਂ ਤੇ ਚਾਲ ਨੂੰ, ਕੋਈ ਚਾਲ ਨੂੰ ਚੋਥਾ ਤੱਤ ਗਿਣਦਾ ਹੈ ਕੋਈ ਚਾਲ ਨੂੰ ਭੌਤਿਕ ਕਣ ਵਿੱਚ ਛੁਪੀ ਹੋਈ ਮੰਨਦਾ ਤੇ ਕੋਈ ਚਾਲ ਨੂੰ ਦੋ ਕਣਾਂ ਦੀ ਖਿੱਚ ਤੇ ਨਿਰਭਰ ਕਰਦਾ ਹੈ। ਕਦੀ ਭੌਤਿਕ ਯਥਾਰਥ ਨੂੰ ਠੋਸ ਘਟਣ ਵਾਲਾ ਮੰਨਦੇ ਹਨ, ਅੱਜ ਇਸਦਾ ਸਰੂਪ ਊਰਜਾ ਦੱਸਿਆ ਜਾਂਦਾ ਹੈ। ਪਹਿਲਾਂ ਚਾਲ ਨੂੰ ਦੋ ਕਣਾਂ ਦੇ ਸੰਬੰਧ ਤੇ ਨਿਰਭਰ ਦੱਸਿਆ ਜਾਂਦਾ ਸੀ, ਅਜ ਖੇਤਰ ਦੀ ਧਾਰਨਾਂ ਨੇ ਇਸ ਨੂੰ ਗਲਤ ਸਿੱਧ ਕਰ ਦਿੱਤਾ ਹੈ। ਨਿਊਟਨ ਦੀ ਭੌਤਿਕੀ ਮਹਾਨ ਗੁਰੂਤਵ ਆਕਰਸ਼ਣ ਦਾ ਨਿਯਮ ਵੀ ਆਈਨਸਟਾਈਨ ਦੇ ਸਿਧਾਂਤ ਦੇ ਭਾਰ ਹੇਠਾਂ ਨਸ਼ਟ ਹੁੰਦਾ ਦਿਖਾਈ ਦਿੰਦਾ ਹੈ। ਇੰਨ੍ਹਾਂ ਮਤ ਭੇਦਾਂ ਨੇ ਯੰਤਰੀ ਭੌਤਿਕਵਾਦ ਨੂੰ ਕਮਜ਼ੋਰ ਬਣਾ ਦਿੱਤਾ ਤੇ ਲੋਕ ਇਸਨੂੰ ਸ਼ੱਕ ਦੀ ਨਜ਼ਰ ਨਾਲ ਦੇਖਣ ਲੱਗ ਪਏ ਹਨ।

### 3. ਸੁਖਵਾਦ ਤੇ ਨਾਸਤਿਕਤਾ ਨੂੰ ਬੜਾਵਾ

ਭੌਤਿਕਵਾਦ ਸੁਖਵਾਦ ਤੇ ਨਾਸਤਿਕਤਾ ਨੂੰ ਉਤਸ਼ਾਹ ਕਰਦਾ ਹੈ। ਭੌਤਿਕਵਾਦੀ ਜੀਵਨ ਵਿੱਚ ਭੌਤਿਕ ਸੁੱਖਾਂ ਦਾ ਆਨੰਦ ਪ੍ਰਾਪਤ ਕਰਨਾ ਹੀ ਆਪਣਾ ਨਿਸ਼ਾਨਾ ਮੰਨਦੇ ਹਨ ਇਹ ਸਰੀਰਕ ਤੇ ਆਰਥਕ ਮੁੱਲਾਂ ਨੂੰ ਮਹੱਤਵਪੂਰਨ ਮੰਨ ਕੇ ਨੈਤਿਕ, ਸੁੰਦਰਾਤਮਕ, ਸਮਾਜਿਕ ਤੇ ਅਧਿਆਤਮਕ ਮੁਲਾਂ ਨੂੰ ਨਜ਼ਰ ਅੰਦਾਜ਼ ਕਰਦੇ ਹਨ।

### 4. ਇਹ ਮਨ ਦੀ ਵਿਆਖਿਆ ਕਰਨ ਵਿੱਚ ਅਸਫਲ ਹੈ

ਸੋ ਉਹ ਮਨ ਨੂੰ ਇਕ ਉਪ ਪਦਾਰਥ ਮੰਨ ਕੇ ਚਲਦਾ ਹੈ ਇਹ ਮਨ ਦੀ ਕਲਪਨਾ ਤੇ ਵਿਚਾਰ ਕਰਨ ਦੀ ਸ਼ਕਤੀ ਦੀ ਅਵਹੇਲਣਾ ਕਰਦੀ ਹੈ।

### 5. ਜੀਵਨ ਦੀ ਵਿਆਖਿਆ ਕਰਨ ਵਿਚ ਅਸਫਲ

ਭੌਤਿਕਵਾਦੀ ਜੀਵਨ ਨੂੰ ਭੌਤਿਕ ਸ਼ਕਤੀਆਂ ਤੋਂ ਉਤਪੰਨ ਹੋਇਆ ਮੰਨਦੇ ਹਨ। ਵਾਸਤਵ ਵਿੱਚ 'ਜੀਵਨ' ਵਰਗੀ ਸ਼ਕਤੀ ਦੇ ਉਤਪਨ ਹੋਣ ਦਾ ਭੇਦ ਯਾਂਤ੍ਰਿਕ ਨਿਯਮਾਂ ਤੇ ਭੌਤਿਕ ਪਦਾਰਥਾਂ ਦੀ ਸਹਾਇਤਾ ਨਾਲ ਜਾਨਣਾ ਕਠਿਨ ਹੈ। ਦੂਸਰੇ, ਨਿਰਜੀਵ ਤੇ ਸਜੀਵ ਵਿੱਚ ਕੇਵਲ ਮਾਤਰਾ ਦਾ ਅੰਤਰ ਨਹੀਂ ਹੈ ਪ੍ਰੰਤੂ ਗੁਣਾਤਮਕ ਅੰਤਰਣੀ ਹੈ। ਭੌਤਿਕਵਾਦੀ ਨਿਰਜੀਵ ਤੇ ਸੰਜੀਵ ਦੇ ਇਸ ਅੰਤਰ ਨੂੰ ਨਹੀਂ ਸਮਝ ਸਕਿਆ।

### 6. ਇਹ ਅਮਰੂਤ ਵਿਚਾਰ ਤੇ ਚੇਤਨਾ ਦੀ ਵਿਆਖਿਆ ਕਰਨ ਵਿਚ ਅਸਫ਼ਲ ਹੈ।

ਅਮਰੂਤ ਵਿਚਾਰ ਜਿਸ ਨੂੰ ਅਸੀਂ ਕੇਵਲ ਮਹਿਸੂਸ ਕਰਦੇ ਹਾਂ, ਪਕੜ ਨਹੀਂ ਸਕਦੇ ਤੇ ਚੇਤਨਾ ਦੀ ਵਿਆਖਿਆ ਕਰਨ ਵਿੱਚ ਸਫ਼ਲ ਨਹੀਂ ਹੋਇਆ ਹੈ ਜਦੋਂ ਕਿ ਸਭ ਕੁਝ ਯੰਤਰਵਾਦੀ ਨਿਯਮਾਂ ਦੇ ਅਨੁਸਾਰ ਵਾਪਰ ਰਿਹਾ ਹੈ ਤਾਂ ਫਿਰ ਸਾਡੇ ਮਨ ਵਿੱਚ ਦਯਾ, ਪ੍ਰੇਮ, ਨਫ਼ਰਤ ਤੇ ਹਮਦਰਦੀ ਜਿਹੀਆਂ ਭਾਵਨਾਵਾਂ ਕਿਵੇਂ ਪੈਦਾ ਹੁੰਦੀਆਂ ਹਨ, ਭੌਤਿਕਵਾਦ

ਇਸਨੂੰ ਸਪੱਸ਼ਟ ਨਹੀਂ ਕਰ ਸਕਿਆ।

### 7. ਏਕਤਾ ਤੇ ਅਨੇਕਤਾ ਦੀ ਕਿਵੇਂ ਵਿਆਖਿਆ ਕੀਤੀ ਜਾਵੇ

ਇਹ ਉਹ ਸੰਸਾਰ ਹੈ ਉਹ ਨਿਯਮਾਂ ਨਾਲ ਪੂਰਨ ਹੈ ਇਹ ਜੋ ਦਿਨ ਰਾਤ ਤੇ ਰੁੱਤਾਂ ਹਨ ਇਹ ਨਿਯਮਾਂ ਦਾ ਸੰਕੇਤ ਕਰਨ ਵਾਲੀਆਂ ਹਨ ਪਰ ਭੌਤਿਕਵਾਦ ਦਾ ਤਾਂ ਇਹੀ ਵਿਸ਼ਵਾਸ ਹੈ ਕਿ ਸਾਰਾ ਸੰਸਾਰ ਕੁਦਰਤੀ ਤੌਰ ਤੇ ਪ੍ਰਮਾਣੂਆਂ ਦਾ ਖੇਲ ਹੈ।

### 8. ਦਵੰਦਾਤਮਕ ਭੌਤਿਕਵਾਦ ਗਲਤ ਹੈ

ਸਾਡੇ ਸੰਸਾਰ ਦੀਆਂ ਘਟਨਾਵਾਂ ਵਿੱਚ ਭੌਤਿਕ ਸ਼ਕਤੀਆਂ ਨੂੰ ਹੀ ਦੇਖਦੇ ਰਹਿਣਾ ਉਚਿਤ ਨਹੀਂ। ਮਨੁੱਖ ਦੇ ਜੀਵਨ ਵਿੱਚ ਅਨੇਕ ਉਦੇਸ਼ ਤੇ ਇੱਛਾਵਾਂ ਉਠਦੀਆਂ ਹਨ ਜਿਨ੍ਹਾਂ ਨੂੰ ਮਨੁੱਖ ਪੂਰਾ ਕਰਨਾ ਚਾਹੁੰਦਾ ਹੈ। ਮਨੋਵਿਗਿਆਨ ਦੀਆਂ ਨਵੀਆਂ ਖੋਜਾ ਨੇ ਇਸ ਸਚਾਈ ਨੂੰ ਸਾਡੇ ਸਾਹਮਣੇ ਰਖਿਆ ਹੈ।

### 9. ਭੌਤਿਕ ਪਦਾਰਥ ਦਾ ਅਗਿਆਤ ਸਰੂਪ

ਭੌਤਿਕ ਪਦਾਰਥ ਅਨੁਭਵ ਦਾ ਵਿਸ਼ਾ ਹੈ। ਪਰ ਭੌਤਿਕ ਦੀਆਂ ਖੋਜਾਂ ਨੇ ਭੌਤਿਕ ਪਦਾਰਥ ਦੇ ਸਰੂਪ ਨੂੰ ਭੇਤਮਈ ਬਣਾ ਦਿੱਤਾ ਹੈ ਤੇ ਹੁਣ ਇਹ ਨਹੀਂ ਕਿਹਾ ਜਾ ਸਕਦਾ ਕਿ ਭੌਤਿਕ ਪਦਾਰਥ ਦਾ ਸਰੂਪ ਕੀ ਹੈ। ਹੁਣ ਭੌਤਿਕ ਪਦਾਰਥ ਨੂੰ ਊਰਜਾ ਵਿੱਚ ਅਤੇ ਊਰਜਾ ਨੂੰ ਭੌਤਿਕ ਪਦਾਰਥ ਵਿੱਚ ਬਦਲਿਆ ਜਾ ਸਕਦਾ ਹੈ। ਇਸ ਲਈ ਹੁਣ ਇਹ ਕਹਿਣਾ ਕਠਿਨ ਹੈ ਕਿ ਮੂਲ-ਤੱਤ ਭੌਤਿਕ ਪਦਾਰਥ ਹੋ ਜਾਂ ਊਰਜਾ।

### 10. ਯੰਤਰੀ ਭੌਤਿਕਵਾਦ ਗੈਰ-ਵਿਗਿਆਨਕ ਹੈ

ਦੁਨੀਆਂ ਵਿੱਚ ਸਾਰੀਆਂ ਘਟਨਾਵਾਂ ਨਿਯਮਾਂ ਅਨੁਸਾਰ ਹੁੰਦੀਆਂ ਹਨ, ਉਹ ਨਿਯਮ ਭੌਤਿਕ ਵਿਗਿਆਨ ਦੇ ਹਨ, ਪ੍ਰੰਤੂ ਇਨ੍ਹਾਂ ਤੋਂ ਇਲਾਵਾ ਜੀਵ ਵਿਗਿਆਨ, ਮਨੋਵਿਗਿਆਨ ਤੇ ਸਮਾਜ ਵਿਗਿਆਨ ਵੀ ਹਨ। ਇਨ੍ਹਾਂ ਦੇ ਨਿਯਮਾਂ ਦੀ ਵਿਆਖਿਆ ਵਿੱਚ ਕਿਉਂ ਨਹੀਂ ਵਰਤੋਂ ਕੀਤੀ ਜਾਂਦੀ। ਜੇ ਭੌਤਿਕਵਾਦ ਯੰਤਰੀ ਨਿਯਮਾਂ ਨੂੰ ਵਰਤੇ ਤਾਂ ਉਹ ਭੌਤਿਕ ਨਹੀਂ ਰਹਿੰਦਾ ਤੇ ਨਾ ਕਰੇ ਤਾਂ ਉਹ ਵਿਗਿਆਨਕ ਨਹੀਂ ਰਹਿੰਦਾ। ਮਨੋਵਿਗਿਆਨ ਤੇ ਸਮਾਜ ਸ਼ਾਸ਼ਤਰ ਦੇ ਨਿਯਮ ਇਸ ਨੂੰ ਯਤਰੀ ਨਹੀਂ ਬਣਨ ਦੇਂਦੇ।

### 11. ਦਿਮਾਗ ਤੇ ਮਨ ਵਿਚ ਅੰਤਰ ਕਰਨ ਵਿੱਚ ਅਸਮਰਥ

ਉਨ੍ਹਾਂ ਨੇ ਕੇਵਲ ਇਹ ਕਿਹਾ ਕਿ ਜਿਸ ਤਰ੍ਹਾਂ ਭੌਤਿਕ ਊਰਜਾ, ਬਿਜਲੀ ਦੀ ਸ਼ਕਤੀ ਜਾਂ ਯਾਤਰਿਕ ਊਰਜਾ ਵਿੱਚ ਤਬਦੀਲ ਹੋ ਜਾਂਦੀ ਹੈ। ਉਸੇ ਤਰ੍ਹਾਂ ਦਿਮਾਗ ਦੀ ਗਤੀ ਮਾਨਸਿਕ ਊਰਜਾ ਵਿੱਚ ਬਦਲ ਜਾਂਦੀ ਹੈ। ਪ੍ਰੰਤੂ ਇਹ ਦਲੀਲ ਉਚਿਤ ਨਹੀਂ ਤੇ ਊਰਜਾ ਦੇ ਤਬਦੀਲ ਹੋਣ ਦੇ ਨਿਯਮਾਂ ਦੇ ਅਨੁਸਾਰ ਗਲਤ ਹੈ। ਇਸ ਲਈ ਭੌਤਿਕਵਾਦ ਆਪਣੇ ਨਤੀਜਿਆਂ ਵਿੱਚ ਆਤਮ ਵਿਰੋਧੀ ਵੀ ਹੈ।

### 12. ਇਹ ਗੁਣਾਂ ਦੀ ਵਿਆਖਿਆ ਕਰਨ ਵਿੱਚ ਅਸਫਲ ਹੈ

ਭੌਤਿਕਵਾਦ ਗਤੀਸ਼ੀਲ ਭੌਤਿਕ ਪਦਾਰਥਾਂ ਨੂੰ ਹੀ ਸਵੀਕਾਰ ਕਰਦਾ ਹੈ। ਇਹ ਭੌਤਿਕ ਪਦਾਰਥਾਂ ਦੀ ਪ੍ਰਮੁੱਖ ਵਿਸ਼ੇਸ਼ਤਾ ਸਥਾਨ ਘੇਰਨਾ ਮੰਨਦਾ ਹੈ ਪ੍ਰੰਤੂ ਗਤੀ ਕਰਦੇ ਸਮੇਂ ਜਿਸ ਪਦਾਰਥ ਵਿਚ ਰੰਗ ਰੂਪ ਕੋਮਲਤਾ ਕਠੋਰਤਾ ਆਦਿ ਗੁਣ ਨਹੀਂ ਹਨ ਉਸਤੋਂ ਬਣੀ ਵਸਤੂਆਂ ਵਿਚ ਇਹ ਗੁਣ ਕਿਥੋਂ ਆਏ ?

### 13. ਵਿਕਾਸਵਾਦ ਦੁਆਰਾ ਖੰਡਨ

ਭਾਵੇਂ ਭੌਤਿਕਵਾਦੀਆਂ ਨੇ ਵਿਕਾਸਵਾਦ ਨਾਲ ਆਪਣੇ ਪੱਖ ਦਾ ਸਮਰਥਨ ਕੀਤਾ ਹੈ ਪ੍ਰੰਤੂ ਜੇਕਰ ਚੰਗੀ ਤਰ੍ਹਾਂ ਵੇਖਿਆ

ਜਾਵੇ ਤਾਂ ਵਿਕਾਸਵਾਦ ਦੁਆਰਾ ਭੌਤਿਕਵਾਦ ਦਾ ਖੰਡਨ ਹੁੰਦਾ ਹੈ ਕਿਉਂਕਿ ਭੌਤਿਕਵਾਦੀਆਂ ਅਨੁਸਾਰ ਭੌਤਿਕ ਪਦਾਰਥ ਅਨਾਦਿ ਹੈ। ਨਿਰਪੇਖ ਹੈ ਅਤੇ ਉਸ ਵਿਚ ਕਿਸੇ ਪ੍ਰਕਾਰ ਦਾ ਵਿਕਾਸ ਨਹੀਂ ਹੁੰਦਾ ਇਸ ਲਈ ਭੌਤਿਕਵਾਦ ਵਿਕਾਸ ਦੇ ਵਿਰੁੱਧ ਹੈ।

### 14. ਇਹ ਸੰਸਾਰ ਦੀ ਵਿਆਖਿਆ ਕਰਨ ਵਿਚ ਅਸਫ਼ਲ ਹੈ

ਭੌਤਿਕਵਾਦੀ ਮੰਨਦੇ ਹਨ ਕਿ ਸੰਸਾਰ ਆਕਸਮਿਕ ਤੌਰ ਤੇ ਅਣੂਆਂ ਦਾ ਖੇਲ ਹੈ ਪ੍ਰੰਤੂ ਇਸ ਸੰਸਾਰ ਦੀਆਂ ਸਾਰੀਆਂ ਘਟਨਾਵਾਂ, ਪ੍ਰਕ੍ਰਿਤੀ ਦੇ ਸਾਰੇ ਤੱਤ ਤੇ ਪਦਾਰਥ ਕਿਸੀ ਵਿਸ਼ੇਸ਼ ਸ਼ਕਤੀ ਦੀ ਤਰਫ ਸੰਕਤ ਕਰਦੇ ਹਨ ਜੋ ਭੌਤਿਕ ਨਾ ਹੋ ਕੇ ਅਭੌਤਿਕ ਹੈ।

### 15. ਮਾਨਵ ਦੇ ਆਤਮ ਗੌਰਵ ਦੀ ਵਿਆਖਿਆ ਕਰਨ ਵਿਚ ਅਸਮਰਥ

ਮਾਨਵ ਇਹ ਅਨੁਭਵ ਕਰਦਾ ਹੈ ਕਿ ਉਹ ਇਕ ਮਸ਼ੀਨ ਨਹੀਂ, ਉਸ ਵਿਚ ਸੁਤੰਤਰਤਾ ਦਾ ਗੁਣ ਹੈ ਤੇ ਇਹ ਗੁਣ ਆਤਮ ਗੋਰਵ ਦਾ ਆਧਾਰ ਹੈ ਪ੍ਰੰਤੂ ਭੌਤਿਕਵਾਦ ਵਿਚ ਸੁਤੰਤਰ ਲਈ ਕੋਈ ਥਾਂ ਨਹੀਂ ਹੈ।

### 16. ਭੌਤਿਕਵਾਦ ਦੀ ਵਿਆਖਿਆ ਵਿਚ ਅਤਿਅੰਤ ਘਟਾਉਣ ਦਾ ਦੋਸ਼ ਨਿਮਨੀਕਰਣ

ਇਹ ਹਰ ਘਟਨਾ ਦੀ ਵਿਆਖਿਆ ਭੌਤਿਕ ਤੇ ਯਾਂਤ੍ਰਿਕ ਆਧਾਰ ਤੇ ਕਰਦਾ ਹੈ ਜੋ ਨਹੀਂ ਹੋ ਸਕਦੀ। ਜੀਵਨ, ਮਨ ਤੇ ਸਮਾਜ ਆਦਿ ਨੂੰ ਭੌਤਿਕ ਸਿਧਾਂਤਾਂ ਵਿਚ ਬਦਲਣ ਤੋਂ ਇਕ ਦਲੀਲ ਦੋਸ਼ ਪੈਦਾ ਹੁੰਦਾ ਹੈ ਇਕ ਸਾਂਝੀ ਵਸਤੂ ਵਿਚ ਕੁਝ ਗੁਣ ਹੈ, ਜਦੋਂ ਉਸਨੂੰ ਹਿਸਿਆਂ ਵਿਚ ਵੰਡ ਦੇਂਦੇ ਹਨ ਤਾਂ ਉਹ ਗੁਣ ਨਸ਼ਟ ਹੋ ਜਾਂਦਾ ਹੈ। ਜਿਵੇਂ ਸਰੀਰ ਵਿਚ ਜੀਵਨ ਹੈ, ਪ੍ਰੰਤੂ ਇਸ ਦੀ ਵਿਆਖਿਆ ਪ੍ਰਮਾਣੂਆਂ ਰਾਹੀਂ ਕਰਦੇ। ਪ੍ਰੰਤੂ ਪ੍ਰਮਾਣ ਵਿਚ ਜੀਵਨ ਨਹੀਂ ਹੈ। ਹੁਣ ਅਜੀਵਣ, ਜੀਵਨ ਦੀ ਵਿਆਖਿਆ ਕਿਵੇਂ ਕਰ ਸਕਦਾ ਹੈ। ਇਸ ਤਰ੍ਹਾਂ ਕੇਵਲ ਭੌਤਿਕ ਤੱਤ ਮਾਨਸਿਕ ਢੰਗਾਂ ਦੀ ਵਿਆਖਿਆ ਕਿਵੇਂ ਕਰ ਸਕਦੇ ਹਨ। ਕਿਹਾ ਜਾਂਦਾ ਹੈ ਕਿ ਮਾਨਸਿਕ ਕਿਰਿਆ ਦਿਮਾਗ ਵਿਚ ਬਿਜਲੀ ਦੀਆਂ ਲਹਿਰਾਂ ਹਨ, ਪ੍ਰੰਤੂ ਇਹ ਲਹਿਰਾਂ ਵਿਚਾਰ ਕਰਦੀਆਂ, ਮਹਿਸੂਸ ਕਰਦੀਆਂ ਤੇ ਫੈਸਲਾ ਕਰਦੀਆਂ ਹਨ। ਇਨ੍ਹਾਂ ਦੀ ਵਿਆਖਿਆ ਭੌਤਿਕ ਢੰਗ ਨਾਲ ਨਹੀਂ ਹੋ ਸਕਦੀ। ਭੌਤਿਕਵਾਦ ਦੇ ਪ੍ਰਭਾਵ ਅਧੀਨ ਅਮਰੀਕੀ ਵਿਵਹਾਰਵਾਦੀਆਂ ਨੇ ਸੋਚਨ ਦੀ ਕ੍ਰਿਆ ਵੀ ਇਕ ਤਰ੍ਹਾਂ ਨਾਲ ਸਰੀਰਕ ਵਿਵਹਾਰ ਬਣ ਜਾਏ ਤੇ ਉਸਦੇ ਪ੍ਰਤੱਖ ਦੇ ਨਿਯਮ ਲਾਗੂ ਕੀਤੇ ਜਾ ਸਕਣ ਪ੍ਰੰਤੂ ਉਨ੍ਹਾਂ ਦੀ ਇਹ ਗੱਲ ਹੀ ਗਲਤ ਸਿੱਧ ਹੋਈ ਹੈ ਕਿਉਂਕਿ ਕਈ ਵਾਰ ਬੋਲਦੇ ਸਮੇਂ ਸਾਡੇ ਦਿਮਾਗ ਵਿਚ ਕੋਈ ਵਿਚਾਰ ਨਹੀਂ ਹੁੰਦਾ ਤੇ ਕਈ ਵਾਰ ਸੋਚਦੇ ਸਮੇਂ ਸਾਡੇ ਸਰੀਰ ਵਿਚ ਕੋਈ ਹਰਕਤ ਨਹੀਂ ਹੁੰਦੀ। ਯੰਤਰਾਂ ਰਾਹੀਂ ਵੀ ਇਸ ਦਾਅਵੇ ਦੇ ਪੱਖ ਵਿਚ ਕੋਈ ਸਬੂਤ ਨਹੀਂ ਮਿਲਿਆ। ਇਸ ਤਰ੍ਹਾਂ ਭੌਤਿਕਵਾਦ ਸਭ ਤਰ੍ਹਾਂ ਦੀਆਂ ਵਸਤਾਂ ਦੀ ਵਿਆਖਿਆ ਕਰਨ ਵਿਚ ਦਾਅਵੇ ਦੇ ਪੱਖ ਵਿਚ ਕੋਈ ਸਬੂਤ ਨਹੀਂ ਮਿਲਿਆ। ਇਸ ਤਰ੍ਹਾਂ ਭੌਤਿਕਵਾਦ ਸਭ ਤਰ੍ਹਾਂ ਦੀਆਂ ਵਸਤਾਂ ਦੀ ਵਿਆਖਿਆ ਕਰਨ ਵਿਚ ਬੁਰੀ ਤਰ੍ਹਾਂ ਅਸਫ਼ਲ ਰਿਹਾ ਹੈ ਤੇ ਸਭ ਤਰ੍ਹਾਂ ਦੀਆਂ ਵਸਤਾਂ ਨੂੰ ਘਸੀਟ ਕੇ ਭੌਤਿਕ ਨਿਯਮਾਂ ਅਧੀਨ ਕਰਨ ਨਾਲ ਅਤਿਅੰਤ ਘਟਾਉਣ ਦਾ ਦੋਸ਼ ਪੈਦਾ ਹੁੰਦਾ ਹੈ।

### 17. ਯੰਤਰੀ ਭੌਤਿਕਵਾਦ ਯੰਤਰੀ ਘੱਟ ਤੇ ਬੁੱਧੀਵਾਦੀ ਵਧੇਰੇ ਹੈ

ਇਹ ਕਹਿੰਦਾ ਹੈ ਕਿ ਦੁਨੀਆ ਵਿਚ ਸਾਰੀਆਂ ਘਟਨਾਵਾਂ ਨਿਯਮਾਂ ਅਨੁਸਾਰ ਹੁੰਦੀਆਂ ਹਨ, ਉਹ ਨਿਯਮ ਭੌਤਿਕ ਵਿਗਿਆਨਾਂ ਦੇ ਹਨ, ਪ੍ਰੰਤੂ ਇਨ੍ਹਾਂ ਦੇ ਇਲਾਵਾ ਜੀਵਨ, ਮਨੋਵਿਗਿਆਨਿਕ ਤੇ ਸਮਾਜ ਵਿਗਿਆਨ ਵੀ ਹਨ। ਇਨ੍ਹਾਂ ਨਿਯਮਾਂ ਦੀ ਵਿਆਖਿਆ ਵਿਚ ਕਿਉਂ ਨਹੀਂ ਵਰਤੋਂ ਕੀਤੀ ਜਾਂਦੀ ਹੈ। ਜੋ ਭੌਤਿਕਵਾਦ ਯੰਤਰੀ ਨਿਯਮਾਂ ਨੂੰ ਵਰਤੇ ਤਾਂ ਉਹ ਭੌਤਿਕ ਨਹੀਂ ਰਹਿੰਦਾ ਤੇ ਨਾ ਕਰੇ ਤਾਂ ਉਹ ਵਿਗਿਆਨਕ ਨਹੀਂ ਰਹਿੰਦਾ। ਮਨੋਵਿਗਿਆਨਕ ਤੇ ਸਮਾਜ ਸ਼ਾਸ਼ਤਰਾਂ ਦੇ ਨਿਯਮ ਇਸਨੂੰ ਯੰਤਰੀ ਨਹੀਂ ਬਣਨ ਦੇਂਦੇ।

## 18. ਯੰਤਰੀ ਭੌਤਿਕਵਾਦ ਨਵੀਂ ਖੋਜ ਅਨੁਸਾਰ ਯੰਤਰੀ ਨਹੀਂ ਰਿਹਾ

ਇਸ ਗੱਲ ਦਾ ਸਬੂਤ ਸਾਨੂੰ ਪਰਮਾਣੂ ਵਿਚ ਇਕ ਇਲੈਕਟ੍ਰਾਨ ਦੇ ਵਿਵਹਾਰ ਤੋਂ ਮਿਲਦਾ ਹੈ ਜੋ ਇਕ ਸਮੇਂ ਤੇ ਇਕ ਥਾਂ ਤੇ ਹੈ ਤੇ ਦੂਸਰੇ ਪਲ ਵਿਚ ਉਹ ਦੂਜੀ ਥਾਂ ਤੇ ਵਿਚਲੀ ਥਾਂ ਤੋਂ ਉਹ ਕਿਵੇਂ ਲੰਘਦਾ ਹੈ, ਕਿਥੇ ਹੁੰਦਾ ਹੈ ਜਾਂ ਨਹੀਂ ਹੁੰਦਾ। ਇਸਦਾ ਪਤਾ ਨਹੀਂ ਲੱਗਦਾ। ਇਹ ਇਕ ਪ੍ਰਮਾਣੂ ਤੋਂ ਦੂਜੇ ਪ੍ਰਮਾਣੂ ਵਿਚ ਜਾ ਮਿਲਦਾ ਹੈ। ਪ੍ਰੰਤੂ ਇਕ ਪ੍ਰਮਾਣੂ ਵਿਚ ਕਈ ਇਲੈਕਟਰਾਨ ਹਨ, ਉਨ੍ਹਾਂ ਵਿਚੋਂ ਕਿਹੜਾ ਬਾਹਰ ਆਏਗਾ ? ਇਹ ਕਿਸੇ ਨਿਯਮ ਰਾਹੀਂ ਨਿਸ਼ਚਿਤ ਨਹੀਂ ਹੈ। ਜੋ ਇਲੈਕਟਰਾਨ ਦਾ ਵਿਵਹਾਰ ਨਿਸ਼ਚਿਤ ਨਹੀਂ ਉਥੇ ਅਜ਼ਾਦੀ ਸੰਭਵ ਹੈ ਜਿਸਨੂੰ ਸੰਜੋਗ ਕਹਿੰਦੇ ਹਨ ਤਾਂ ਸਾਰਾ ਸੰਸਾਰ ਕਿਵੇਂ ਮਸ਼ੀਨ ਵਾਂਗ ਨਿਯਮਿਤ ਹੋ ਸਕਦਾ ਹੈ।

ਸਿੱਟੇ ਵਿਚ ਅਸੀਂ ਕਹਿ ਸਕਦੇ ਹਾਂ ਕਿ ਭੌਤਿਕਵਾਦ ਅੱਜ ਦੇ ਯੁਗ ਦਾ ਇਕ ਮਹੱਤਵਪੂਰਨ ਸਿਧਾਂਤ ਹੈ। ਪ੍ਰੰਤੂ ਇਸਦਾ ਸਭ ਤੋਂ ਵੱਡਾ ਦੋਸ਼ ਇਹ ਹੈ ਕਿ ਇਹ ਇਕ ਪੱਖੀ ਸਿਧਾਂਤ ਹੈ। ਇਹ ਵਸਤੂ ਨੂੰ ਜਰੂਰਤ ਤੋਂ ਜ਼ਿਆਦਾ ਮਹੱਤਵ ਦਿੰਦਾ ਹੈ ਤੇ ਮਾਨਸਿਕ ਤੇ ਅਧਿਆਤਮਕ ਪਹਿਲੂਆਂ ਦੀ ਬਿਲਕੁਲ ਉਲੰਘਣਾ ਕਰ ਦਿੰਦਾ ਹੈ।

## 1.3.8 ਦਵੰਦਾਤਮਕ ਭੌਤਿਕਵਾਦ (Dialectical Materialism)

ਭੌਤਿਕਵਾਦ ਦਾ ਇਕ ਆਧੁਨਿਕ ਰੂਪ ਦਵੰਦਾਤਮਕ ਭੌਤਿਕਵਾਦ ਹੈ। ਭੌਤਿਕ ਦਵੰਦਾਤਮਕ ਮਾਰਕਸ ਦਾ ਮੂਲ ਸਿਧਾਂਤ ਹੈ ਜਿਸ ਉਤੇ ਕਾਰਲ ਮਾਰਕਸ ਦਾ ਪੂਰਨ ਰਾਜਨੀਤਕ ਦਰਸ਼ਨ ਅਧਾਰਿਤ ਹੈ।

ਦਵੰਦਾਤਮਕ ਸ਼ਬਦ ਦਾ ਅਰਥ 'ਵਾਦ ਵਿਵਾਦ' ਹੈ। ਕ੍ਰਿਉਹੁੰਡ ਦੇ ਅਨੁਸਾਰ 'ਦਵੰਦਵਾਦ' ਨੂੰ ਵਾਦ ਵਿਵਾਦ ਦੀ ਇਕ ਅਜਿਹੀ ਕਲਾ ਕਹਿ ਸਕਦੇ ਹਾਂ ਜਿਸ ਵਿਚ ਵਿਰੋਧੀ ਪੱਖਾਂ ਦੀਆਂ ਦਲੀਲਾਂ ਤੇ ਫਰਕਾਂ ਨੂੰ ਪ੍ਰਗਟ ਕਰਦੇ ਹੋਏ ਸਚਾਈ ਤੇ ਪਹੁੰਚਿਆ ਜਾ ਸਕਦਾ ਹੈ।

ਕਾਰਲ ਮਾਰਕਸ ਦਵੰਦਾਤਮਕ ਪ੍ਰਣਾਲੀ ਦਾ ਜਨਮ ਦਾਤਾ ਨਹੀਂ ਸਗੋਂ ਉਸਨੇ ਇਹ ਵਿਚਾਰ ਜਰਮਨ ਵਿਦਵਾਨ ਹੀਗਲ ਤੋਂ ਲਏ ਅਤੇ ਲੋੜ ਅਨੁਸਾਰ ਉਸ ਵਿਚ ਸੋਧ ਕੀਤੀ। ਹੀਗਲ ਅਨੁਸਾਰ ਸਮਾਜ ਦੇ ਸਾਰੇ ਵਿਕਾਸ ਕ੍ਰਮ ਪਿਛੇ ਵਿਚਾਰ ਇਕ ਸਰਵਸ਼੍ਰੇਸ਼ਠ ਚਾਲਕ ਸ਼ਕਤੀ ਹੈ ਜਦਕਿ ਮਾਰਕਸ ਅਨੁਸਾਰ ਪਦਾਰਥ ਹੀ ਇਕੋ ਇਕ ਹਕੀਕਤ ਹੈ ਤੇ ਸਾਰੇ ਪਰਿਵਰਤਨ ਲਈ ਜ਼ਿੰਮੇਵਾਰ ਹੈ। ਦਵੰਦਵਾਦੀ ਪ੍ਰਣਾਲੀ ਨੂੰ 'ਵਿਰੋਧ ਜਾਂ ਘੋਲ' ਵੀ ਕਿਹਾ ਜਾਂਦਾ ਹੈ। ਇਕ ਵਿਚਾਰ ਜਦੋਂ ਦੂਜੇ ਵਿਚਾਰ ਵਿਰੁੱਧ ਪ੍ਰਤੀਕ੍ਰਿਆ ਕਰਦਾ ਹੈ ਤਾਂ ਨਤੀਜੇ ਵਜੋਂ ਪਦਾਰਥ ਦਾ ਜਨਮ ਹੁੰਦਾ ਹੈ ਤੇ ਇਹ ਵਿਕਾਸ ਕ੍ਰਮ ਅੱਗੇ ਚਲਦਾ ਹੈ। ਇਹ ਅੰਤਰ ਵਿਰੋਧ ਦੋ ਪ੍ਰਕਾਰ ਦਾ ਹੈ ਅਰਥਾਤ ਇਕ ਵਾਦ ਤੇ ਦੂਜਾ ਪ੍ਰਤੀਵਾਦ। ਦੋਵਾਂ ਵਿਚ ਲਗਾਤਾਰ ਸੰਘਰਸ਼ ਚਲਦਾ ਰਹਿੰਦਾ ਹੈ ਇਸ ਤਰ੍ਹਾਂ ਨਵੀਂ ਚੀਜ਼ ਦਾ ਜਨਮ ਹੁੰਦਾ ਹੈ ਜਿਸਨੂੰ ਸੰਵਾਦ ਕਿਹਾ ਜਾਂਦਾ ਹੈ। ਸੰਵਾਦ ਫਿਰ ਵਾਦ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਵਾਦ ਪ੍ਰਤੀਵਾਦ ਤੇ ਸੰਵਾਦ ਦੀ ਇਹ ਪ੍ਰਕ੍ਰਿਆ ਲਗਾਤਾਰ ਚਲਦੀ ਰਹਿੰਦੀ ਹੈ।

ਮਾਰਕਸ ਦੇ ਇਸ ਦਵੰਦਵਾਦ ਨੂੰ ਏਂਗਲਸ ਨੇ ਕਣਕ ਦੇ ਦਾਣੇ ਦੀ ਉਦਾਹਰਣ ਦੇ ਕੇ ਸਪੱਸ਼ਟ ਕੀਤਾ ਹੈ ਉਸਨੇ ਕਿਹਾ ਹੈ ਕਿ ਜੇਕਰ ਇਕ ਕਣਕ ਦੇ ਦਾਣੇ ਨੂੰ ਧਰਤੀ ਵਿਚ ਬੀਜ ਦਿੱਤਾ ਜਾਵੇ ਤਾਂ ਗਰਮੀ ਤੇ ਨਮੀ ਕਾਰਨ ਦਾਣਾ ਫੁੱਟ ਜਾਵੇਗਾ ਤੇ ਅੰਕੁਰ ਦੇ ਰੂਪ ਵਿਚ ਉਸ ਵਿਚੋਂ ਇਕ ਨਵਾਂ ਪੌਦਾ ਨਿਕਲੇਗਾ ਜਿਸ ਉਤੇ ਅਨੇਕਾਂ ਕਣਕ ਦੇ ਦਾਣੇ ਲਗਣਗੇ। ਕਿਸਾਨ ਦੀ ਮਿਹਨਤ ਸਦਕਾ ਉਹ ਦਾਣੇ ਪਹਿਲੇ ਦਾਣੇ ਨਾਲੋਂ ਚੰਗੇ ਹੋ ਸਕਣਗੇ। ਏਂਗਲਸ ਅਨੁਸਾਰ ਬੀਜ ਵਾਦ ਸੀ, ਪੌਦਾ ਪ੍ਰਤੀਵਾਦ ਤੇ ਉਸਤੇ ਲੱਗਾ ਹੋਇਆ ਸਿੱਟਾ ਸੰਵਾਦ। ਇਸ ਪ੍ਰਕ੍ਰਿਆ ਅਨੁਸਾਰ ਹੀ ਸਮਾਜ ਵਿਚ ਵਿਕਾਸ ਹੁੰਦਾ ਹੈ। ਸੰਸਾਰ ਵਿਚ ਪਾਈ ਜਾਣ ਵਾਲੀ ਹਰ ਵਸਤੂ ਵਿਚ ਆਤਮ ਵਿਰੋਧ ਪਾਇਆ ਜਾਂਦਾ ਹੈ ਜਿਸ ਕਰਕੇ ਉਸ ਵਿਚ ਤਬਦੀਲੀ ਲਾਜ਼ਮੀ ਹੈ ਤੇ ਇਹ ਤਬਦੀਲੀ ਹੀ ਉੱਨਤੀ ਦਾ ਕਾਰਨ ਬਣਦੀ ਹੈ ਉਹ ਪ੍ਰਗਤੀ ਦੇ ਇਸ ਸਿਧਾਂਤ ਨੂੰ ਦਵੰਦਵਾਦ ਕਹਿੰਦਾ ਹੈ।

ਮਾਰਕਸ ਅਨੁਸਾਰ ਸਮਾਜ ਦੇ ਵਿਭਿੰਨ ਵਰਗਾਂ ਵਿਚਕਾਰ ਆਪਸੀ ਵਿਰੋਧ ਹੁੰਦਾ ਹੈ ਤੇ ਇਹ ਵਿਰੋਧ ਉਸ ਵੇਲੇ ਤੱਕ ਚਲਦਾ ਹੈ ਜਦ ਤੱਕ ਸਾਰੇ ਵਰਗ ਸਮਾਪਤ ਨਹੀਂ ਹੋ ਜਾਂਦੇ। ਦਵੰਦਾਤਮਕ ਭੌਤਿਕਵਾਦ ਦੇ ਕਾਰਲ ਮਾਰਕਸ ਦੇ ਇਲਾਵਾ ਦੂਸਰੇ ਪ੍ਰਸਿੱਧ ਦਾਰਸ਼ਨਿਕ ਫ੍ਰੈਡਰਿਕ ਏਗਲਜ਼ ਤੇ ਵਲਾਦੀਮੀਰ ਇਲੀਅਰ ਲੈਨਿਨ ਹਨ। ਮਾਰਕਸ, ਏਗਲਜ਼ ਤੇ ਲੈਨਿਨ ਦੇ ਵਿਚਾਰਾਂ ਨੂੰ ਮਾਰਕਸਵਾਦ ਕਿਹਾ ਜਾਂਦਾ ਹੈ। ਦਵੰਦਾਤਮਕ ਭੌਤਿਕਵਾਦ ਇਤਿਹਾਸ ਦੇ ਵਿਕਾਸ ਦੀ ਭੌਤਿਕ ਆਧਾਰ ਉਪਰ ਵਿਆਖਿਆ ਕਰਦਾ ਹੈ। ਇਸ ਲਈ ਇਸਨੂੰ ਇਤਿਹਾਸਕ ਭੌਤਿਕਵਾਦ ਵੀ ਕਿਹਾ ਜਾਂਦਾ ਹੈ। ਇਸਨੂੰ ਆਰਥਿਕ ਨਿਸ਼ਚਤਾਵਾਦ ਦਾ ਨਾਂ ਵੀ ਦਿੱਤਾ ਜਾਂਦਾ ਹੈ। ਦਵੰਦਾਤਮਕ ਭੌਤਿਕਵਾਦ ਨੂੰ ਸਮਝਣ ਲਈ 'ਦਵੰਦਾਤਮਕ' ਸ਼ਬਦ ਦੀ ਵਿਆਖਿਆ ਜ਼ਰੂਰੀ ਹੈ। ਦਵੰਦਾਤਮਕ ਜਗਤ-ਪ੍ਰਕ੍ਰਿਆ ਦਾ ਇਕ ਵਿਸ਼ੇਸ਼ ਸਿਧਾਂਤ ਹੈ। ਜਿਸਦੇ ਸਾਰੇ ਅੰਗ ਪ੍ਰਸਪਰ ਸਬੰਧਤ ਹਨ। ਸੰਸਾਰ ਪਰਿਵਰਤਨਸ਼ੀਲ, ਵਿਕਾਸਸ਼ੀਲ ਤੇ ਰੋਜ ਨਵਾਂ ਹੋਣ ਵਾਲਾ ਘਟਨਾ ਚੱਕਰ ਹੈ। ਉਸੇ ਦੀਆਂ ਤਬਦੀਲੀਆਂ ਅਸਲੀ ਹਨ ਅਤੇ ਉਨ੍ਹਾਂ ਨੂੰ ਭ੍ਰਮ ਦੀ ਆਵਰਿਤੀ ਮਾਤਰ ਨਹੀਂ ਮੰਨਿਆ ਜਾ ਸਕਦਾ। ਇਸਦੀ ਉਤਪਤੀ ਉਦਯੋਗਿਕ ਕ੍ਰਾਂਤੀ ਦੇ ਪਰਿਣਾਮ ਸਰੂਪ ਹੋਣ ਵਾਲੇ ਸਮਾਜਿਕ ਸੰਘਰਸ਼ ਦੇ ਕਾਰਣ ਹੋਈ।

ਦਵੰਦਵਾਦੀ ਭੌਤਿਕਵਾਦ ਨੂੰ ਸਮਝਣ ਲਈ ਹੀਗਲ ਨੂੰ ਸਮਝਣਾ ਜ਼ਰੂਰੀ ਹੈ। ਮਾਰਕਸ ਹੀਗਲ ਦਾ ਵਿਦਿਆਰਥੀ ਸੀ। ਹੀਗਲ ਆਦਰਸ਼ਵਾਦੀ ਸੀ। ਉਸਨੇ ਵਿਚਾਰ ਨੂੰ ਪ੍ਰਮੁੱਖ ਮੰਨਿਆ ਤੇ ਭੌਤਿਕ ਸੰਸਾਰ ਵਿਚ ਉਸਦੀ ਪਰਛਾਈ ਨੂੰ ਸਵੀਕਾਰ ਕੀਤਾ। ਉਸਨੇ ਵਿਚਾਰ ਦੀ ਜਗ੍ਹਾਂ ਤੇ ਭੌਤਿਕ ਪਦਾਰਥਾਂ ਨੂੰ ਹੀ ਜ਼ਰੂਰੀ ਮੰਨਿਆ ਤੇ ਭੌਤਿਕ ਪਦਾਰਥ ਦੀ ਪਰਿਭਾਸ਼ਾ ਆਰਥਿਕ ਦਿਸ਼ਾਵਾਂ ਦੇ ਰੂਪ ਵਿਚ ਹੀ ਕੀਤੀ ਅਤੇ ਇਹ ਦੱਸਿਆ ਕਿ ਉਤਪਾਦਨ ਦੇ ਪ੍ਰਕਾਰ ਤੋਂ ਹੀ ਉਸ ਸਮਾਜ ਦੀ ਸਾਰੀਆਂ ਸੰਸਥਾਵਾਂ ਦੀ ਉੱਨਤੀ ਹੁੰਦੀ ਹੈ। ਇਸ ਪ੍ਰਕਾਰ ਬਣੀਆਂ ਹੋਈਆਂ ਸੰਸਥਾਵਾਂ ਸਮਾਜ ਦੇ ਨੈਤਿਕ, ਧਾਰਮਿਕ ਅਤੇ ਦਾਰਸ਼ਨਿਕ ਵਿਚਾਰਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਤਰ੍ਹਾਂ ਮਾਰਕਸ ਦੇ ਵਿਚਾਰ ਵਿਚ ਹੋਣ ਵਾਲੇ ਦਵੰਦ ਜਾਂ ਵਿਕਾਸ ਨੂੰ ਭੌਤਿਕ ਪਦਾਰਥ ਦੇ ਦਵੰਦ ਵਿਚ ਬਦਲ ਦਿੱਤਾ ਜੋ ਵਾਦ ਪ੍ਰਤੀਵਾਦ ਤੇ ਸੰਵਾਦ, ਹੀਗਲ ਨੇ ਵਿਚਾਰ ਵਿਚ ਦੱਸਿਆ ਸੀ। ਉਹ ਹੀ ਹੁਣ ਭੌਤਿਕ ਪਦਾਰਥ ਵਿਚ ਹੋਣ ਲੱਗਾ। ਆਰਥਿਕ ਹਾਲਤਾਂ ਹੀ ਸਮਾਜਿਕ ਵਿਕਾਸ ਦਾ ਕਾਰਨ ਬਣੀਆਂ। ਮਾਰਕਸ ਦੇ ਅਨੁਸਾਰ ਹੀਗਲ ਦੀ ਇਹ ਗਲਤੀ ਸੀ ਕਿ ਉਸਨੇ ਦਵੰਦ ਦੇ ਵਿਚਾਰ ਨੂੰ ਭੇਦਮਈ ਬਣਾ ਦਿੱਤਾ ਸੀ। ਫਿਰ ਵੀ ਜੋ Dialectic ਯੂਨਾਨੀ ਦਾਰਸ਼ਨਿਕਾਂ ਦੇ ਹੱਥ ਵਿਚ ਉਤਪੰਨ ਹੋਇਆ ਉਸਨੂੰ ਖੁਲ੍ਹਾ ਰੂਪ ਹੀਗਲ ਵਿਚ ਹੀ ਮਿਲਿਆ ਸੀ ਤੇ ਉਸਨੂੰ ਸਪੱਸ਼ਟ ਵਿਕਸਤ ਰੂਪ ਮਾਰਕਸ ਨੇ ਦਿੱਤਾ।

### 1.3.8 ਦਵੰਦਾਤਮਕ ਭੌਤਿਕਵਾਦ ਦੀਆਂ ਵਿਸ਼ੇਸ਼ਤਾਵਾਂ

### 1. ਭੌਤਿਕ ਪਦਾਰਥ ਮੂਲ ਤੱਤ ਹੈ

ਸੰਸਾਰ ਦਾ ਮੌਲਿਕ ਤੱਤ ਪਦਾਰਥ ਹੀ ਹੈ ਨਾ ਕਿ ਮਨ ਜਾਂ ਵਿਚਾਰ। 'ਮਨ' ਤੇ ਬੁੱਧੀ ਭੌਤਿਕ ਪਦਾਰਥ ਤੋਂ ਉਤਪੰਨ ਹੋਏ ਹਨ, ਉਨ੍ਹਾਂ ਦੀ ਕੋਈ ਸੁਤੰਤਰ ਸੱਤਾ ਨਹੀਂ ਹੈ। ਸੰਸਾਰ ਦਾ ਵਿਕਾਸ ਭੌਤਿਕ ਕੁਦਰਤ ਦਾ ਵਿਕਾਸ ਹੈ। ਇਹ ਮਨ ਜਾਂ ਵਿਚਾਰ ਦਾ ਵਿਕਾਸ ਨਹੀਂ।

### 2. ਭੌਤਿਕ ਪਦਾਰਥ ਦਾ ਸਰੂਪ

ਲੈਨਿਨ ਦੇ ਅਨੁਸਾਰ, ''ਭੌਤਿਕ ਪਦਾਰਥ ਉਹ ਹੈ ਜੋ ਸਾਡੀਆਂ ਗਿਆਨ ਇੰਦਰੀਆਂ ਨੂੰ ਉਤੇਜਿਤ ਕਰਦਾ ਹੈ ਤੇ ਸੰਵੇਦਨਾਵਾਂ ਪੈਦਾ ਕਰਦਾ ਹੈ'', ਭੌਤਿਕ ਪਦਾਰਥ ਸਾਡੀ ਚੇਤਨਾ ਦੇ ਬਾਹਰ ਰਹਿੰਦਾ ਹੈ। ਪਦਾਰਥ ਦਾ ਰੂਪ ਸਦਾ ਸੰਰਚਨਾਤਮਕ ਇਕਾਈ ਦਾ ਹੁੰਦਾ ਹੈ।

ਸੰਰਚਨਾਤਮਕ ਇਕਾਈ ਕੀ ਹੈ ? ਜਿਸਦੀ ਰਚਨਾ ਵਿਚ ਕਈ ਤੱਤ ਹੋਣ ਅਤੇ ਇਹ ਤੱਤ ਪਰਸਪਰ ਕ੍ਰਿਆ ਪ੍ਰਤੀਕ੍ਰਿਆ ਦੁਆਰਾ ਜੁੜੇ ਹੋਏ ਹੋਣ। ਉਦਾਹਰਣ ਵਜੋਂ ਪ੍ਰਮਾਣੂ, ਇਲੈਕਟ੍ਰੋਨ, ਪ੍ਰੋਟੋਨ, ਨਿਊਟ੍ਰੋਨ ਤੱਤਾਂ ਦੀ ਇਕ ਸੰਰਚਨਾਤਮਕ ਇਕਾਈ ਹਨ।

## 3. ਭੌਤਿਕ ਪਦਾਰਥ ਦੀ ਹੋਂਦ ਦੇ ਆਮ ਆਕਾਰ

ਜਗ੍ਹਾ ਅਤੇ ਕਾਲ ਭੌਤਿਕ ਪਦਾਰਥ ਦੀ ਹੋਂਦ ਦੇ ਆਮ ਆਕਾਰ ਹਨ ਜੋ ਕੁਝ ਵੀ ਹੈ ਉਹ ਜਗ੍ਹਾ ਤੇ ਕਾਲ ਵਿਚ ਹੀ ਹੈ। ਭੌਤਿਕ ਪਦਾਰਥ ਦੇ ਬਿਨਾਂ ਵੀ ਜਗ੍ਹਾ ਖਾਲੀ ਅਤੇ ਕਾਲ ਕਦੇ ਨਹੀਂ ਰਹਿ ਸਕਦੇ। ਫੈਡਰਿਕ ਏਂਗਲਸ ਦੇ ਅਨੁਸਾਰ, ਜੋ ਵੀ ਕੁਝ ਹੈ ਉਸਦੇ ਮੂਲ ਆਧਾਰ ਹਨ ਸਥਾਨ ਤੇ ਕਾਲ। ਕਾਲ ਦੇ ਬਾਹਰ ਕਿਸੀ ਵਸਤੂ ਦਾ ਹੋਣਾ ਉਨਾ ਹੀ ਵਿਅਰਥ ਗੱਲ ਹੈ ਜਿੰਨੀ ਸਥਾਨ ਦੇ ਬਾਹਰ ਕਿਸੀ ਵਸਤੂ ਦਾ ਹੋਣਾ।

## 4. ਭੌਤਿਕ ਸ਼ਕਤੀਆਂ ਦਾ ਮਹੱਤਵ

ਭੌਤਿਕ ਪਦਾਰਥ ਹੀ ਸਮਾਜਿਕ ਤੇ ਰਾਜਨੀਤਕ ਸੰਸਥਾਵਾਂ ਨੂੰ ਨਿਰਧਾਰਤ ਕਰਦਾ ਹੈ। ਇਨ੍ਹਾਂ ਸੰਸਥਾਵਾਂ ਦਾ ਨੈਤਿਕ, ਧਾਰਮਿਕ ਤੇ ਦਾਰਸ਼ਨਿਕ ਧਾਰਨਾਵਾਂ ਉਪਰ ਪ੍ਰਭਾਵ ਪੈਂਦਾ ਹੈ। ਭੌਤਿਕ ਸ਼ਕਤੀਆਂ ਹੀ ਸਮਾਜ ਦੇ ਸਰੂਪ ਤੇ ਵਿਕਾਸ ਨੂੰ ਨਿਸ਼ਚਿਤ ਕਰਦੀਆਂ ਹਨ। ਇਹ ਵਿਕਾਸ ਜੈਵਿਕ, ਅਜੈਵਿਕ ਅਤੇ ਮਨੁਖੀ ਤਿੰਨ ਖੇਤਰਾਂ ਵਿਚ ਹੁੰਦਾ ਹੈ।

ਸਮਾਜ ਦੇ ਇਤਿਹਾਸਕ ਪਰਿਵਰਤਨ ਤੇ ਵਿਕਾਸ ਜੀਵਨ ਦੇ ਭੌਤਿਕ ਪੱਖਾਂ ਦਾ ਕਾਰਣ ਹੀ ਹੁੰਦੇ ਹਨ, ਇਸ ਲਈ ਇਤਿਹਾਸਕ ਦੀ ਕਿਸੇ ਵੀ ਅਵਸਥਾ ਦੇ ਨਿਰਣੇ ਵਿਚ ਆਰਥਿਕ ਉਤਪਾਦਨ ਦੇ ਸਾਧਨਾਂ ਦਾ ਬਹੁਤ ਵੱਡਾ ਹੱਥ ਹੈ। ਮਨੁੱਖ ਦਾ ਵਿਕਾਸ ਅਤੇ ਇਸ ਦੇ ਕੰਮ ਭੌਤਿਕ ਸਾਧਨਾਂ ਅਤੇ ਸਮਾਜ ਦੇ ਵਰਗਾਂ ਸਬੰਧਾਂ ਉੱਪਰ ਆਧਾਰਿਤ ਹਨ। ਮਨੁੱਖ ਜੀਵਨ ਵਿਚ ਉਸ ਸੀਮਾ ਤੱਕ ਪਰਿਵਰਤਨ ਕਰ ਸਕਦਾ ਹੈ ਜਿਸ ਸੀਮਾ ਤਕ ਉਸਦੀਆਂ ਭੌਤਿਕ ਦਿਸ਼ਾਵਾਂ ਕੰਟਰੋਲ ਵਿਚ ਹਨ। ਮਨੁੱਖ ਭੌਤਿਕ ਸਾਧਨਾਂ ਦਾ ਆਪਣੇ ਲਈ ਜ਼ਿਆਦਾ ਚੰਗੀ ਤਰ੍ਹਾਂ ਉਪਯੋਗ ਕਰ ਸਕਦਾ ਹੈ ਪਸ਼ੂ ਨਹੀਂ।

## 5. ਭੌਤਿਕ ਪਦਾਰਥ ਦੇ ਗੁਣ

1. **ਨਿਰਪੇਖਤਾ :–** ਭੌਤਿਕ ਪਦਾਰਥ ਨਿਰਪੇਖ ਹਨ। ਭੌਤਿਕ ਪਦਾਰਥ ਦੇ ਇਲਾਵਾ ਕੋਈ ਹੋਰ ਪਦਾਰਥ ਨਹੀਂ ਹੈ। ਮਨ, ਆਤਮਾ ਜਾਂ ਪਰਮਾਤਮਾ ਨਾ ਦਾ ਕੋਈ ਪਦਾਰਥ ਨਹੀਂ ਹੈ।
2. **ਗਤੀ :–** ਗਤੀ ਭੌਤਿਕ ਪਦਾਰਥ ਦਾ ਅੰਦਰੂਨੀ ਗੁਣ ਹੈ। ਫੈਡਰਿਕ ਦਾ ਕਥਨ ਹੈ ਗਤੀ ਦੇ ਬਿਨਾਂ ਭੌਤਿਕ ਪਦਾਰਥ ਕਿਤੇ ਵੀ ਕਦੇ ਨਹੀਂ ਹੋਇਆ ਹੈ ਤੇ ਨਾ ਹੋ ਸਕਦਾ ਹੈ ... ਗਤੀ ਦੇ ਬਿਨਾਂ ਵੀ ਭੌਤਿਕ ਪਦਾਰਥ ਦੀ ਕਲਪਨਾ ਕਰਨੀ ਉਨੀ ਹੀ ਅਸੰਭਵ ਹੈ ਜਿਤਨੀ ਕਿ ਭੌਤਿਕ ਪਦਾਰਥ ਦੇ ਬਿਨਾਂ ਗਤੀ ਦੀ। ਇਸ ਲਈ ਗਤੀ ਉਨੀ ਹੀ ਅਨੰਤ ਅਤੇ ਅਨਾਦਿ ਹੈ। ਜਿਤਨਾ ਖੁਦ ਭੌਤਿਕ ਪਦਾਰਥ। ''ਚੇਤਨਤਾ – ਚੇਤਨਤਾ ਭੌਤਿਕ ਪਦਾਰਥਾਂ ਉਪਰ ਅਧਾਰਤ ਹੈ। ਇਸ ਲਈ ਚੇਤਨਤਾ ਭੌਤਿਕ ਪਦਾਰਥਾਂ ਦਾ ਗੁਣ ਹੈ ਇਸ ਦਾ ਅਰਥ ਇਹ ਹੈ ਕਿ ਨਾ ਤਾ ਚੇਤਨਤਾ ਭੌਤਿਕ ਪਦਾਰਥ ਹੈ ਤੇ ਨਾ ਹੀ ਉਸ ਤੋਂ ਸੁਤੰਤਰ ਹੈ। ਕੁਝ ਭੌਤਿਕਵਾਦੀ ਚੇਤਨਤਾ ਨੂੰ ਭੌਤਿਕ ਪਦਾਰਥ ਨਹੀਂ ਮੰਨਦੇ ਹਨ।

## 6. ਸਮਾਜਿਕ ਪਰਿਵਰਤਨ ਦਾ ਦਰਸ਼ਨ

ਗਿਆਨ ਕੇਵਲ ਚਿੰਤਾਤਮਕ ਨਹੀਂ ਹੁੰਦਾ। ਇਹ ਲਾਜ਼ਮੀ ਤੌਰ ਤੇ ਕਿਰਿਆ ਦੇ ਨਾਲ ਜੁੜਿਆ ਹੋਇਆ ਹੁੰਦਾ ਹੈ। ਮਾਰਕਸ ਦੇ ਅਨੁਸਾਰ ਵਰਤਮਾਨ ਕਾਰਜ ਸੰਸਾਰ ਨੂੰ ਬਦਲਦਾ ਹੈ। ਇਸ ਕੰਮ ਵਿਚ ਸਾਮਵਾਦੀ ਹਿੰਸਾ ਦੀ ਵਰਤੋਂ ਕਰਨ ਤੋਂ ਨਹੀਂ ਝਿਜਕਦੇ। ਬਹੁਤ ਸਾਰੇ ਸਾਮਵਾਦੀਆਂ ਦਾ ਵਿਸ਼ਵਾਸ ਹੈ ਕਿ ਸਮਾਜ ਤੋਂ ਬੁਰਾਈਆਂ ਨੂੰ ਦੂਰ ਕਰਨ ਤੋਂ ਨਹੀਂ ਝਿਜਕਦੇ। ਬਹੁਤ ਸਾਰੇ ਸਾਮਵਾਦੀਆਂ ਦਾ ਵਿਸ਼ਵਾਸ ਹੈ ਕਿ ਸਮਾਜ ਤੋਂ ਬੁਰਾਈਆਂ ਨੂੰ ਦੂਰ ਕਰਨ ਲਈ ਹਿੰਸਾ ਜ਼ਰੂਰੀ ਹੈ। ਸਮਾਜ ਪਰਿਵਰਤਨਸ਼ੀਲ ਹੈ ਕਿਉਂਕਿ ਭੌਤਿਕ ਪਦਾਰਥ ਵਿਚ ਤਬਦੀਲੀ ਹੁੰਦੀ ਰਹਿੰਦੀ ਹੈ। ਇਸ

ਲਈ ਸਮਾਜ ਸਥਿਰ ਨਹੀਂ ਹੋ ਸਕਦਾ। ਪਰਿਵਰਤਨ ਵਿਕਾਸ ਦੀ ਪ੍ਰਕ੍ਰਿਆ ਹੈ। ਸਮਾਜ ਦੇ ਆਰਥਿਕ ਸੰਬੰਧਾਂ ਤੇ ਵਰਗ ਵਿਚ ਰੁਚੀਆਂ ਦੇ ਸੰਘਰਸ਼ ਦੇ ਕਾਰਣ ਕ੍ਰਾਂਤੀਕਾਰੀ ਤਬਦੀਲੀਆਂ ਹੁੰਦੀਆਂ ਹਨ। ਇਸ ਲਈ ਦਵੰਦਾਤਮਕ ਭੌਤਿਕਵਾਦ ਵਰਗ ਸੰਘਰਸ਼ ਤੇ ਕ੍ਰਾਂਤੀਕਾਰੀ ਕ੍ਰਿਆ ਲਈ ਆਧਾਰ ਪ੍ਰਦਾਨ ਕਰਦਾ ਹੈ।

### 7. ਕਿਰਤ ਦੀ ਧਾਰਨਾ

ਕਿਰਤ ਵਿਚਾਰਾਂ ਦਾ ਆਧਾਰ ਹੈ। ਵਿਚਾਰਾਂ ਦੇ ਰੂਪ ਵਿਚ ਸਮਾਜ ਤੇ ਸਭਿਆਚਾਰ ਦੀਆਂ ਜੋ ਗੱਲਾਂ ਚੇਤਨਾ ਵਿਚ ਝਲਕਦੀਆਂ ਹਨ ਉਹ ਵਾਸਤਵ ਵਿਚ ਕੰਮ ਦਾ ਹੀ ਰੂਪ ਹੁੰਦੀਆਂ ਹਨ। ਆਪਣੀ ਲੋੜ ਦੀ ਪੂਰਤੀ ਦੇ ਉਦੇਸ਼ ਨਾਲ ਆਪਣੇ ਵਾਤਾਵਰਨ ਨੂੰ ਬਦਲਣ ਲਈ ਮਨੁੱਖ ਜੋ ਕੰਮ ਕਰਦਾ ਹੈ। ਉਹ ਕਿਰਤ ਕਹਿਲਾਂਦਾ ਹੈ। ਸਮਾਜ ਦਾ ਜੋ ਵਰਗ ਕਿਰਤ ਉਤੇ ਰਾਜ ਕਰਦਾ ਹੈ। ਉਹ ਸਮਾਜ ਦੇ ਵਿਚਾਰ ਉਤੇ ਵੀ ਰਾਜ ਕਰਦਾ ਹੈ।

### 8. ਵਿਚਾਰ ਤੇ ਬਾਹਰੀ ਦੁਨੀਆਂ

ਵਿਚਾਰ ਮਾਨਵ ਚੇਤਨਤਾ ਵਿਚ ਬਾਹਰੀ ਦੁਨੀਆਂ ਦੇ ਪ੍ਰਤੀਬਿੰਬ ਹਨ। ਮਾਰਕਸਵਾਦੀਆਂ ਦਾ ਵਿਚਾਰ ਹੈ ਕਿ ਭੌਤਿਕ ਪ੍ਰਕ੍ਰਿਤੀ ਤੇ ਮਾਨਵ ਇਤਿਹਾਸ ਵਿਚਾਰਾਂ ਤੋਂ ਸੁਤੰਤਰ ਹਨ, ਪ੍ਰੰਤੂ ਸਾਡੇ ਮਨ ਦੇ ਸਾਰੇ ਵਿਚਾਰ ਬਾਹਰੀ ਸਮਾਜਿਕ ਦੁਨੀਆਂ ਦੀ ਹੀ ਛਾਇਆ ਹਨ ਜੋ ਕੁਝ ਬਾਹਰ ਸਮਾਜ ਵਿਚ ਅਤੇ ਸਮਾਜਿਕ ਸੰਬੰਧਾਂ ਵਿਚ ਬਣਦਾ ਵਿਗੜਦਾ ਹੈ ਉਹੀ ਵਿਚਾਰਾਂ ਦੇ ਰੂਪ ਵਿਚ ਚੇਤਨਾ ਵਿਚ ਝਲਕਦਾ ਹੈ।

### 9. ਕੁਦਰਤ ਪ੍ਰਕ੍ਰਿਆ ਦੇ ਰੂਪ ਵਿਚ

ਕੁਦਰਤ ਦੇ ਵਿਕਾਸ ਦੇ ਅਨੰਤ ਪੜਾਅ ਹਨ। ਹਰੇਕ ਪੜਾਅ ਸਾਪੇਖੀ ਹੈ ਤੇ ਕੋਈ ਵੀ ਪੜਾਅ ਅੰਤਮ ਨਹੀਂ। ਵਿਕਾਸ ਦੀ ਪ੍ਰਕ੍ਰਿਆ ਦਵੰਦਾਤਮਕ ਹੈ। ਵਿਕਾਸ ਦੇ ਤਿੰਨ ਖੇਤਰ ਹਨ (1) ਭੌਤਿਕ ਪ੍ਰਕ੍ਰਿਤੀ (2) ਮਾਨਵ ਸਮਾਜ (3) ਮਨ ਜਾਂ ਵਿਚਾਰ। ਵਿਕਾਸ ਦੀ ਪ੍ਰਕ੍ਰਿਆ ਪਹਿਲੇ ਬਾਹਰੀ ਫਿਰ ਕੁਦਰਤ ਤੇ ਸਮਾਜ ਵਿਚ ਹੁੰਦੀ ਹੈ ਅਤੇ ਫਿਰ ਉਸਦਾ ਰੂਪ ਵਿਚਾਰ ਵਿਚ ਝਲਕਦਾ ਹੈ। ਤਿੰਨ ਖੇਤਰਾਂ ਵਿਚ ਵਿਕਾਸ ਦਵੰਦਾਤਮਕ ਵਿਧੀ ਨਾਲ ਹੁੰਦਾ ਹੈ। ਇਸ ਲਈ ਮਾਰਕਸਵਾਦ ਦੇ ਦਵੰਦਵਾਦ ਨੂੰ ਭੌਤਿਕ ਦਵੰਦਵਾਦ ਵੀ ਕਿਹਾ ਜਾਂਦਾ ਹੈ।

### 10. ਕੁਦਰਤ ਪ੍ਰਕ੍ਰਿਆ ਦੇ ਰੂਪ ਵਿਚ

ਕੁਦਰਤ ਵਿਚ ਪ੍ਰਕ੍ਰਿਆ ਹੈ। ਇਹ ਪਹਿਲਾਂ ਤੋਂ ਬਣੀਆਂ ਵਸਤਾਂ ਦੀ ਵਿਵਸਥਾ ਜਾਂ ਏਕੀਕਰਣ ਨਹੀਂ ਹੈ ਇਹ ਅਨੰਤ ਸਥਾਨ ਤੇ ਅਨੰਤ ਕਾਲ ਦੋਨਾਂ ਵਿਚ ਆਪਣਾ ਇਤਿਹਾਸ ਰੱਖਦੀ ਹੈ।

### 11. ਉਤਪਾਦਨ ਸ਼ਕਤੀ

ਕਾਰਲ ਮਾਰਕਸ ਪਦਾਰਥ ਅਤੇ ਮਨ ਦੇ ਵਿਵਾਦ ਵਿਚ ਸਹੀ ਪਿਆ। ਉਹ ਚੋਣਾਂ ਨੂੰ ਮਹੱਤਵ ਦਿੰਦਾ ਹੈ। ਚਾਹੇ ਮਨ ਪਦਾਰਥ ਤੋਂ ਉਤਪੰਨ ਹੋਇਆ ਹੈ ਪ੍ਰੰਤੂ ਮਨ ਪਦਾਰਥ ਤੋਂ ਜ਼ਿਆਦਾ ਮਹੱਤਵਪੂਰਨ ਤੇ ਸਕ੍ਰਿਅ ਹੈ। ਮਨ ਵਿਚ ਭੌਤਿਕ ਤੱਤ ਅਤੇ ਮਾਨਸਿਕ ਤੱਤ ਦੇ ਇਲਾਵਾ ਇਕ ਉਤਪਾਦਨ ਸ਼ਕਤੀ ਜੋ ਕਿ ਅਸਲੀ ਹੈ ਤੇ ਦੋਨਾਂ ਨੂੰ ਮਿਲਾਂਦੀ ਹੈ। ਇਹ ਉਤਪਾਦਨ ਸ਼ਕਤੀ ਇਕ ਦਮ ਸਮਾਜਿਕ ਜੀਵਨ ਅਤੇ ਉਸਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਵਿਧੀਆਂ ਨਾਲ ਜੁੜੀ ਹੋਈ ਹੈ। ਉਦਾਹਰਣ ਦੇ ਤੌਰ ਤੇ ਖੇਤੀ ਉਦਯੋਗ ਆਦਿ ਵੱਖ-ਵੱਖ ਪ੍ਰਕਾਰ ਦੀਆਂ ਉਤਪਾਦਨ ਸ਼ਕਤੀਆਂ ਸਮਾਜ ਦੇ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ।

## 1.3.9 ਦਵੰਦਾਤਮਕ ਭੌਤਿਕਵਾਦ ਦੇ ਦੋਸ਼

### 1. ਦਵੰਦਾਤਮਕ ਭੌਤਿਕਵਾਦ ਦੀ ਅਸਪੱਸ਼ਟਤਾ

ਇਹ ਅਸਪਸ਼ਟ ਤੇ ਅਨਿਸ਼ਚਿਤ ਹੈ। ਮਾਰਕਸ ਕਦੇ ਤਾਂ ਭੌਤਿਕ ਪਦਾਰਥ ਨੂੰ ਪ੍ਰਮੁੱਖ ਸਮਝਦਾ ਹੈ ਕਦੇ ਮਨ ਇਸਤੋਂ

ਜ਼ਿਆਦਾ ਮਹੱਤਵ ਦਿੰਦਾ ਹੈ ਜਦ ਕਿ ਸਭ ਭੌਤਿਕਵਾਦੀ ਮਨ ਦੀ ਹੋਂਦ ਨੂੰ ਨਹੀਂ ਮੰਨਦੇ। ਕਦੇ ਉਹ ਪਦਾਰਥ ਤੇ ਮਨ ਦੇ ਵਿਵਾਦ ਨੂੰ ਫਜ਼ੂਲ ਸਮਝਦਾ ਹੈ, ਕਦੇ ਉਹ ਇਨ੍ਹਾਂ ਦੋਨਾਂ ਨੂੰ ਛੱਡ ਕੇ ਉਤਪਾਦਨ ਦੀ ਸ਼ਕਤੀ ਨੂੰ ਅਸਲੀ ਇਕਾਈ ਮੰਨਦਾ ਹੈ ਅਤੇ ਕਦੇ ਆਰਥਿਕ ਨਿਸ਼ਚੇਵਾਦ ਨੂੰ ਭੌਤਿਕਵਾਦ ਤੋਂ ਜ਼ਿਆਦਾ ਮਹੱਤਵਪੂਰਨ ਮੰਨਦਾ ਹੈ ਕਦੇ ਉਹ ਭੌਤਿਕ ਪਦਾਰਥਾਂ ਦੀ ਬਜਾਏ ਉਸਦੇ ਕੰਮ ਨੂੰ ਜ਼ਿਆਦਾ ਮਹੱਤਵ ਦਿੰਦਾ ਹੈ। ਵਾਸਤਵ ਵਿਚ ਉਹ ਭੌਤਿਕਵਾਦੀ ਹੀ ਨਹੀਂ ਹੈ।

### 2. ਭੌਤਿਕਵਾਦ ਦੇ ਦੋਸ਼

ਦਵੰਦਾਤਮਕ ਭੌਤਿਕਵਾਦ ਵਿਚ ਭੌਤਿਕ ਦੇ ਸਾਰੇ ਦੋਸ਼ ਮੌਜੂਦ ਹਨ। ਇਹ ਵੀ ਭੌਤਿਕ ਪਦਾਰਥ ਦੀ ਹੋਂਦ ਨੂੰ ਸਿੱਧ ਨਹੀਂ ਕਰ ਸਕਿਆ ਤੇ ਨਾ ਹੀ ਇਸਦੇ ਸਰੂਪ ਦੇ ਬਾਰੇ ਕੋਈ ਸਪੱਸ਼ਟ ਪਰਿਭਾਸ਼ਾ ਦੇ ਸਕਿਆ ਹੈ। ਲੇਨਿਨ ਨੇ ਭੌਤਿਕ ਪਦਾਰਥਾਂ ਦੀ ਜੋ ਪਰਿਭਾਸ਼ਾ ਦਿੱਤੀ ਹੈ ਉਸਤੋਂ ਭੌਤਿਕ ਪਦਾਰਥ ਦੀ ਹੋਂਦ ਤੇ ਸਰੂਪ ਅਸਪਸ਼ੱਟ ਹੈ।

### 3. ਆਰਥਿਕ ਕਾਰਨਾਂ ਉਪਰ ਜ਼ਿਆਦਾ ਜ਼ੋਰ

ਦਵੰਦਾਤਮਕ ਭੌਤਿਕਵਾਦ ਦੇ ਸਮਾਜਕ ਪਰਿਵਰਤਨ ਵਿਚ ਆਰਥਿਕ ਕਾਰਨਾਂ ਨੂੰ ਬਹੁਤ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ। ਇਹ ਠੀਕ ਹੈ ਕਿ ਆਰਥਿਕ ਕਾਰਨ ਬਹੁਤ ਮਹੱਤਵ ਰਖਦੇ ਹਨ ਪ੍ਰੰਤੂ ਮਨੁੱਖ ਆਰਥਿਕ ਕਾਰਨਾਂ ਦਾ ਦਾਸ ਨਹੀਂ ਹੈ ਇਤਿਹਾਸ ਗੁਆਹ ਹੈ ਕਿ ਮਨੁੱਖ ਨੇ ਆਪਣੀ ਪ੍ਰਤਿਭਾ, ਸਮਝ, ਬੁੱਧੀ ਦੁਆਰਾ ਅਨੇਕ ਪਰਿਵਰਤਨ ਕੀਤੇ। ਮਨੁੱਖ ਦੀ ਪ੍ਰਤਿਭਾ ਨੂੰ ਆਰਥਿਕ ਵਿਵਸਥਾ ਦੀ ਦਾਸੀ ਮੰਨਣਾ ਮਨੁੱਖ ਦੀ ਸ਼ਕਤੀ ਤੋਂ ਇਨਕਾਰ ਹੈ। ਦਵੰਦਾਤਮਕ ਭੌਤਿਕਵਾਦ ਮਨੁੱਖ ਨੂੰ ਵਰਗ ਦੇ ਰੂਪ ਵਿਚ ਮਹੱਤਵ ਦਿੰਦਾ ਹੈ। ਵਿਅਕਤੀ ਦੇ ਰੂਪ ਵਿਚ ਨਹੀਂ। ਵਾਸਤਵ ਵਿਚ ਮਨੁੱਖ ਵਿਅਕਤੀ ਦੇ ਰੂਪ ਵਿਚ ਵੀ ਮਹੱਤਵਪੂਰਨ ਹੈ। ਆਰਥਿਕ ਕਾਰਨਾਂ ਦੇ ਇਲਾਵਾ ਸਮਾਜਿਕ ਪਰਿਵਰਤਨ ਦੇ ਨੈਤਿਕ, ਧਾਰਮਿਕ, ਸਮਾਜਿਕ ਤੇ ਰਾਜਨੀਤਕ ਕਾਰਨ ਵੀ ਹੋ ਸਕਦੇ ਹਨ। ਪ੍ਰੰਤੂ ਦਵੰਦਾਤਮਕ ਭੌਤਿਕਵਾਦ ਇਨ੍ਹਾਂ ਕਾਰਨਾਂ ਨੂੰ ਕੋਈ ਮਹੱਤਵ ਹੀ ਨਹੀਂ ਦਿੰਦਾ। ਮਾਰਕਸ ਇਨ੍ਹਾਂ ਸਭ ਕਾਰਨਾਂ ਨੂੰ ਆਰਥਕ ਵਿਵਸਥਾ ਉਪਰ ਨਿਰਭਰ ਸਮਝਦਾ ਹੈ ਜੋ ਕਿ ਗਲਤ ਹੈ। ਮਨੁੱਖ ਕੇਵਲ ਰੋਟੀ ਦੇ ਸਹਾਰੇ ਹੀ ਜੀਉਂਦਾ ਨਹੀਂ ਰਹਿੰਦਾ ਉਸਦੇ ਜੀਵਨ ਵਿਚ ਆਰਥਿਕ ਮੂਲਾਂ ਤੋਂ ਇਲਾਵਾ ਜੀਵਨ ਦੇ ਹੋਰ ਅਨੇਕ ਮੂਲ ਹੋ ਸਕਦੇ ਹਨ।

### 4. ਹਿੰਸਾ ਉਤੇ ਜ਼ੋਰ

ਦਵੰਦਾਤਮਕ ਭੌਤਿਕਵਾਦ ਵਿਚ ਪੂੰਜੀਵਾਦ ਨੂੰ ਖ਼ਤਮ ਕਰਨ ਲਈ ਵਰਗ ਸੰਘਰਸ਼ ਵਿਚ ਹਿੰਸਾ ਤੇ ਕ੍ਰਾਂਤੀ ਦੀਆਂ ਵਿਧੀਆਂ ਨੂੰ ਜ਼ਰੂਰੀ ਸਮਝਿਆ ਗਿਆ ਪ੍ਰੰਤੂ ਅਨੇਕ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਕਿਸੇ ਵੀ ਸਮਾਜਿਕ ਪਰਿਵਰਤਨ ਲਈ, ਜਿਸਨੂੰ ਬਹੁਸੰਖਿਆ ਵਿਚ ਲੋਕ ਚਾਹੁੰਦੇ ਹੋਣ, ਅਹਿੰਸਾ ਵਰਗੇ ਸਾਧਨਾਂ ਦੁਆਰਾ ਵੀ ਲਿਆਂਦਾ ਜਾ ਸਕਦਾ ਹੈ। ਬਰਨਾਰਡ ਸ਼ਾਹ ਦਾ ਵਿਚਾਰ ਹੈ ਕਿ ਸਮਾਜਵਾਦ ਲਿਆਉਣ ਵਿਚ ਕ੍ਰਾਂਤੀ ਤੇ ਹਿੰਸਾ ਜ਼ਰੂਰੀ ਨਹੀਂ ਹੈ, ਉਹ ਸਿਖਿਆ ਦੁਆਰਾ ਹੀ ਲਿਆਂਦਾ ਜਾ ਸਕਦਾ ਹੈ। ਮਹਾਤਮਾ ਗਾਂਧੀ ਸਮਾਜਿਕ ਤਬਦੀਲੀਆਂ ਲਿਆਉਣ ਲਈ ਅਹਿੰਸਾ ਨੂੰ ਹਿੰਸਾ ਤੋਂ ਜ਼ਿਆਦਾ ਸ਼ਕਤੀਸ਼ਾਲੀ ਸਮਝਦੇ ਹਨ।

## 1.3.10 ਛੋਟੇ ਪ੍ਰਸ਼ਨ

1. ਭੌਤਿਕਵਾਦ
2. ਭੌਤਿਕਵਾਦ ਦੇ ਗੁਣ
3. ਭੌਤਿਕਵਾਦ ਦੀਆਂ ਸੀਮਾਵਾਂ ਜਾਂ ਔਗੁਣ

### ਵੱਡੇ ਪ੍ਰਸ਼ਨ

1. ਭੌਤਿਕਵਾਦ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਲਿਖੋ।
2. ਦਵੰਦਾਤਮਕ ਭੌਤਿਕਵਾਦ ਕੀ ਹੈ ? ਦਵੰਦਾਤਮਕ ਭੌਤਿਕਵਾਦ ਦੀਆਂ ਵਿਸ਼ੇਸ਼ਤਾਈਆਂ ਲਿਖੋ।
3. ਯਾਂਤਰਿਕ ਭੌਤਿਕਵਾਦ ਅਤੇ ਦਵੰਦਾਤਮਕ ਭੌਤਿਕਵਾਦ ਵਿਚਕਾਰ ਅੰਤਰ ਸਪੱਸ਼ਟ ਕਰੋ।

## 1.3.11 ਵਧੇਰੇ ਜਾਣਕਾਰੀ ਲਈ ਪਾਠ ਪੁਸਤਕਾਂ ਦੀ ਸੂਚੀ


1. COHEN. CHAPMAN : Materialism Restated. 3rd ed; London : Pioneer 1943.
2. ELLIOT, HUGH : Modern Science and Matrialism. New York. Longmans, Green 1919.
3. LANGE, F.A. HISTORY OF MATERIALISM : New York : Humanities Press 1950.
4. SHELLY, CHARLES : S. Modern Materialism : A Philosophy of Action New York : Philosophical Library 1960.
5. CORNOFORTH : MAURICE : Historical Materialism. New York : International Publishers, 1954.
6. STALIN JOSEPH : Dialectical and Historical Materialism. New York : International Publishers, 1940.
7. TUCKER. ROBERTIC : Philosophy and Myth in Karl Marn. London : Cambridge U. Press, 1961.

ਪਾਠ ਨੰ. 1.4 ਲੇਖਕ : ਪ੍ਰੋ.ਜੀ.ਐਸ.ਸੰਧੂ

# ਇਕ-ਤੱਤਵਾਦ (Monism)

**ਬਣਤਰ**

1.4.1 ਜਾਣ-ਪਹਿਚਾਣ
1.4.2 ਇੱਕ-ਤੱਤਵਾਦ ਦੀਆਂ ਪਰਿਭਾਸ਼ਾਵਾਂ
1.4.3 ਇੱਕ-ਤੱਤਵਾਦ ਦੀਆਂ ਕਿਸਮਾਂ
1.4.4 ਸਪੀਨੌਜ਼ਾ ਦਾ ਇੱਕ-ਤੱਤਵਾਦ
1.4.5 ਹੀਗਲ ਦਾ ਇੱਕ-ਤੱਤਵਾਦ
1.4.6 ਆਲੋਚਨਾ
1.4.7 ਸਿੱਟਾ
1.4.8 ਆਪਣੇ ਗਿਆਨ ਦੀ ਪਰਖ ਕਰੋ

## 1.4.1 ਜਾਣ-ਪਹਿਚਾਣ

ਭਾਵੇਂ ਦਰਸ਼ਨ ਸ਼ਾਸ਼ਤਰ ਦੀ ਸ਼ਾਖਾ ਤੱਤ-ਵਿਗਿਆਨ ਦੀਆਂ ਅਨੇਕਾਂ ਸਮੱਸਿਆਵਾਂ ਹਨ ਪਰੰਤੂ ਉਨ੍ਹਾਂ ਵਿਚੋਂ ਦ੍ਰਵ ਦੀ ਸਮੱਸਿਆ ਸਭ ਤੋਂ ਮਹੱਤਵਪੂਰਨ ਹੈ। ਦ੍ਰਵ ਤੋਂ ਭਾਵ ਹੈ ਕਿ ਸੰਸਾਰ ਦਾ ਮੂਲ ਤੱਤ ਕੀ ਹੈ ? ਦੂਜੇ ਸ਼ਬਦਾਂ ਵਿੱਚ ਉਹ ਕੀ ਹੈ ? ਜਿਸ ਵਿਚੋਂ ਸੰਸਾਰ ਦੀਆਂ ਬਾਕੀ ਸਾਰੀਆਂ ਵਸਤੂਆਂ ਪੈਦਾ ਹੁੰਦੀਆਂ ਹਨ, ਵਿਕਾਸ ਕਰਦੀਆਂ ਹਨ ਅਤੇ ਨਸ਼ਟ ਹੋ ਜਾਂਦੀਆਂ ਹਨ। ਦ੍ਰਵ ਉਹ ਵਸਤੂ ਹੁੰਦੀ ਹੈ ਜੋ ਆਪਣੀ ਹੋਂਦ ਲਈ ਕਿਸੇ ਦੂਜੀ ਵਸਤੂ ਉਪਰ ਨਿਰਭਰ ਨਹੀਂ ਕਰਦੀ ਸਗੋਂ ਬਾਕੀ ਵਸਤੂਆਂ ਉਸ ਉੱਤੇ ਨਿਰਭਰ ਕਰਦੀਆਂ ਹਨ। ਦ੍ਰਵ ਉਹ ਵਸਤੂ ਹੁੰਦੀ ਹੈ ਜੋ ਆਤਮ-ਨਿਰਭਰ ਹੋਵੇ, ਸੰਪੂਰਨ ਹੋਵੇ। ਸਾਰੀਆਂ ਵਸਤੂਆਂ ਦਾ ਨਿਰਮਾਣ, ਵਿਕਾਸ, ਗਤੀ ਆਦਿ ਉਹੀ ਦ੍ਰਵ ਨਿਰਧਾਰਿਤ ਕਰਦਾ ਹੈ।

ਵੱਖ-ਵੱਖ ਦਾਰਸ਼ਨਿਕਾਂ ਨੇ ਦ੍ਰਵ ਦੇ ਸਰੂਪ ਬਾਰੇ ਅਲੱਗ ਅਲੱਗ ਵਿਚਾਰ ਪੇਸ਼ ਕੀਤੇ ਹਨ। ਕੋਈ ਇਸ ਦ੍ਰਵ ਨੂੰ ਇਕ, ਕੋਈ ਦੋ ਅਤੇ ਕਈ ਅਨੇਕ ਮੰਨਦੇ ਹਨ। ਕੋਈ ਇਸਨੂੰ ਪਦਾਰਥਕ ਮੰਨਦਾ ਹੈ ਅਤੇ ਕੋਈ ਅਧਿਆਤਮਕ। ਇਕ ਤੱਤਵਾਦ ਬਾਰੇ ਵੀ ਦਾਰਸ਼ਨਿਕਾਂ ਦੇ ਵੱਖ-ਵੱਖ ਵਿਚਾਰ ਹਨ। ਕੋਈ ਇਸ ਇਕ ਤੱਤ ਨੂੰ ਪੁਰਸ਼ ਅਤੇ ਕੋਈ ਅਪੁਰਸ਼ ਮੰਨਦਾ ਹੈ, ਕੋਈ ਪਦਾਰਥਕ ਮੰਨਦਾ ਹੈ ਅਤੇ ਕੋਈ ਅਪਦਾਰਥਕ। ਇਕ-ਤੱਤਵਾਦ ਅਨੁਸਾਰ ਦ੍ਰਵ ਇਕ ਹੈ। ਸਭ ਕੁਝ

ਇਸ ਦ੍ਰਵ ਦੀ ਹੀ ਉਪਜ ਹੈ। ਸਾਰੀਆਂ ਵਸਤਾਂ ਇਸ ਦ੍ਰਵ ਦਾ ਹੀ ਵੱਖ-ਵੱਖ ਰੂਪ ਹਨ। ਇਹ ਇਕੋ ਦ੍ਰਵ ਹੀ ਅਨੇਕ ਬਣ ਜਾਂਦਾ ਹੈ। ਇਹ ਅਨੇਕ ਵਸਤੂਆਂ ਉਸੇ ਇਕ ਵਿਚ ਵਾਪਸ ਚਲੀਆਂ ਜਾਂਦੀਆਂ ਹਨ। ਇਕ-ਤੱਤਵਾਦ ਸੰਸਾਰ ਦੀ ਅਤੇ ਇਸਦੀ ਵਾਸਤਵਿਕਤਾ ਦੀ ਵਿਆਖਿਆ ਕਰਦਾ ਹੈ।

### 1.4.2 ਇਕ-ਤੱਤਵਾਦ ਦੀਆਂ ਪਰਿਭਾਸ਼ਾਵਾਂ

1. ਇਕ-ਤੱਤਵਾਦ ਇਕ ਅਜਿਹਾ ਤੱਤ ਵਿਗਿਆਨਕ ਸਿਧਾਂਤ ਹੈ ਜਿਸ ਅਨੁਸਾਰ ਇਹ ਸਾਰਾ ਸੰਸਾਰ ਅਤੇ ਇਸ ਦੀਆਂ ਵਸਤਾਂ ਇਕ ਦ੍ਰਵ ਰਾਹੀਂ ਪੈਦਾ ਹੋਈਆਂ ਹਨ।
2. ਇਕ-ਤੱਤਵਾਦ ਇਕ ਹੋਂਦ-ਵਿਗਿਆਨਕ ਸਿਧਾਂਤ ਹੈ, ਜਿਸ ਅਨੁਸਾਰ ਕੇਵਲ ਇਕ ਹੀ ਸਚਾਈ ਹੈ ਜਿਸ ਨਾਲ ਸਾਰਾ ਸੰਸਾਰ ਚੱਲਦਾ ਹੈ।

ਇਕ-ਤੱਤਵਾਦ ਨੂੰ ਅੰਗਰੇਜ਼ੀ ਵਿੱਚ Monism ਅਤੇ Monoism ਅਨੁਸਾਰ ਦ੍ਰਵ ਇਕ ਹੈ ਪਰ ਉਹ ਦ੍ਰਵ ਅਪੁਰਸ਼ ਹੈ। ਉਹ ਦ੍ਰਵ ਕੁਝ ਵੀ ਹੋ ਸਕਦਾ ਹੈ ਪਰੰਤੂ ਉਹ ਪੁਰਸ਼ ਵਰਗਾ ਨਹੀਂ ਹੈ। ਆਦਰਸ਼ਵਾਦ ਅਤੇ ਖਾਸ ਕਰਕੇ ਸਪਿਨੋਂਜ਼ਾ ਦਾ ਸਿਧਾਂਤ ਇਸਦੀਆਂ ਪ੍ਰਮੁੱਖ ਉਦਾਹਰਣਾਂ ਹਨ। ਇਸਦੇ ਉਲਟ Monoism ਅਨੁਸਾਰ ਦ੍ਰਵ ਇਕ ਪੁਰਸ਼ ਹੈ ਕਿਉਂਕਿ ਅਜਿਹੀਆਂ ਵਸਤੂਆਂ ਦਾ ਨਿਰਮਾਣ ਕਰਨਾ ਅਤੇ ਨਿਯਮ ਬਣਾਉਣਾ ਕਿਸੇ ਪੁਰਸ਼ ਜਾਂ ਮਹਾਂਪੁਰਸ਼ ਦੀ ਸੋਚ ਦਾ ਹੀ ਚਮਤਕਾਰ ਹੋ ਸਕਦੇ ਹਨ। ਧਰਮ ਅਨੁਸਾਰ ਅਜਿਹਾ ਦ੍ਰਵ ਇਕ ਪਰਮਾਤਮਾ ਹੈ।

### 1.4.3 ਅਸੀ ਇਕ ਤੱਤਵਾਦ ਨੂੰ ਹੇਠ ਲਿਖਿਆਂ ਤਿੰਨ ਕਿਸਮਾਂ ਵਿੱਚ ਵੰਡ ਸਕਦੇ ਹਾਂ

1. ਅਧਿਆਤਮਕ ਇਕ-ਤੱਤਵਾਦ
2. ਪਦਾਰਥ ਇਕ-ਤੱਤਵਾਦ
3. ਨਿਰਪੱਖ ਇਕ-ਤੱਤਵਾਦ

### 1. ਅਧਿਆਤਮਕ ਇਕ-ਤੱਤਵਾਦ

ਇਸ ਸਿਧਾਂਤ ਅਨੁਸਾਰ ਹੁਣ ਕੋਈ ਪੁਰਸ਼ ਨਾ ਹੋ ਕੇ ਇਕ ਆਤਮਕ ਤੱਤ ਹੈ। ਭਾਵ ਦ੍ਰਵ ਇਕ ਅਦ੍ਰਿਸ਼ ਅਤੇ ਅਮੂਰਤ ਆਤਮਾ ਹੈ ਜੋ ਆਪਣੇ ਵਿਚਾਰਾਂ ਰਾਹੀਂ ਸਭ ਕੁਝ ਪੈਦਾ ਕਰਦੀ ਹੈ। ਇਸ ਵਿਚਾਰਧਾਰਾ ਨੂੰ ਆਦਰਸ਼ਵਾਦ ਕਿਹਾ ਜਾਂਦਾ ਹੈ।

### 2. ਪਦਾਰਥਕ ਇਕ-ਤੱਤਵਾਦ

ਇਸ ਸਿਧਾਂਤ ਅਨੁਸਾਰ ਇਹ ਅਪੁਰਸ਼ ਦ੍ਰਵ ਇਕ ਪਦਾਰਥ ਜਾਂ ਅਣੂ ਹੈ। ਸਭ ਕੁਝ ਅਣੂਆਂ ਰਾਹੀਂ ਬਣਦਾ ਹੈ ਅਤੇ ਜਦੋਂ ਸਭ ਕੁਝ ਖਤਮ ਹੋ ਜਾਂਦਾ ਹੈ, ਉਹ ਵੀ ਇਕ ਅਣੂ ਦੇ ਰੂਪ ਵਿੱਚ ਬਦਲ ਜਾਂਦਾ ਹੈ। ਅਣੂ ਅੱਟਲ ਹਨ, ਕਦੇ ਵੀ ਸਮਾਪਤ ਨਹੀਂ ਹੁੰਦੇ, ਸਭ ਕੁਝ ਇਹਨਾਂ ਉਪਰ ਨਿਰਭਰ ਕਰਦਾ ਹੈ। ਇਸ ਵਿਚਾਰਧਾਰਾ ਨੂੰ ਪਦਾਰਥਵਾਦ ਕਹਿੰਦੇ ਹਨ।

3. ਸਪਿਨੋਜ਼ਾ ਅਨੁਸਾਰ ਇਹ ਦ੍ਰਵ ਨਾ ਤਾਂ ਆਤਮਾ ਹੈ ਅਤੇ ਨਾ ਹੀ ਪਦਾਰਥ ਹੈ। ਦ੍ਰਵ ਸਗੋਂ ਹੋਰ ਕੁਝ ਹੀ ਹੈ। ਇਸ ਕਾਰਨ ਇਸਨੂੰ ਨਿਰਪੱਖ-ਇਕ-ਤੱਤਵਾਦ ਕਹਿੰਦੇ ਹਨ। ਸਪਿਨੋਜ਼ਾ ਤੋਂ ਇਲਾਵਾ ਹੀਗਲ ਦਾ ਸਿਧਾਂਤ ਵੀ ਨਿਰਪੱਖ ਇਕ-ਤੱਤਵਾਦੀ ਹੈ।

### 1.4.4 ਸਪਿਨੋਜ਼ਾ ਦਾ ਇਕ-ਤੱਤਵਾਦ

ਸਪਿਨੋਜ਼ਾ ਅਨੁਸਾਰ ਗਿਆਨ ਕੇਵਲ ਬੁੱਧੀ ਰਾਹੀਂ ਪ੍ਰਾਪਤ ਹੋ ਸਕਦਾ ਹੈ। ਉਸਦੀ ਵਧੇਰੇ ਰੁੱਚੀ ਦ੍ਰਵ ਦੇ ਵਿਚਾਰ ਵਿਚ

ਸੀ। ਆਪਣੇ ਵਿਚਾਰਾਂ ਨੂੰ ਉਸਨੇ ਕਈ ਕਿਤਾਬਾਂ ਵਿੱਚ ਵਿਅਕਤ ਕੀਤਾ ਜਿਹਨਾਂ ਵਿਚੋਂ ''ਐਥਿਕਸ'' (Ethics) ਵਧੇਰੇ ਮਹੱਤਵਪੂਰਨ ਹੈ। ਦ੍ਰਵ ਦਾ ਵਿਚਾਰ ਉਸਦੇ ਗਿਆਨ ਮੀਮਾਂਸਾ ਤੋਂ ਹੀ ਉਭਰਿਆ ਹੈ। ਸਪਿਨੋਜ਼ਾ ਡੇਕਾਰਟੇ ਦੇ ਇਸ ਵਿਚਾਰ ਦਾ ਖੰਡਨ ਕਰਦਾ ਹੈ ਕਿ ਦ੍ਰਵ ਦੋ ਹਨ-ਮਨ ਅਤੇ ਸਰੀਰ। ਏਸੇ ਦੇ ਆਧਾਰ ਤੇ ਉਹ ਆਪਣਾ ਇਕ-ਤੱਤਵਾਦ ਦਾ ਸਿਧਾਂਤ ਵਿਕਸਤ ਕਰਦਾ ਹੈ।

**1. ਦ੍ਰਵ (Substance)** ਸਪਿਨੋਜ਼ਾ ਦੇ ਦਰਸ਼ਨ ਦਾ ਕੇਂਦਰ-ਬਿੰਦੂ ਦ੍ਰਵ ਦੀ ਸਮੱਸਿਆ ਹੈ। ਉਸ ਅਨੁਸਾਰ 'ਦ੍ਰਵ ਉਹ ਹੈ ਜੋ ਆਪਣੇ-ਆਪ ਵਿੱਚ ਹੋਂਦ ਰੱਖਦਾ ਹੈ, ਜੋ ਆਜ਼ਾਦ ਹੈ ਅਤੇ ਜਿਸਨੂੰ ਆਪਣੀ ਲੋੜ ਲਈ ਕਿਸੇ ਦੂਸਰੀ ਵਸਤੂ ਦੀ ਜ਼ਰੂਰਤ ਨਹੀਂ ਪੈਂਦੀ ।'' ਦ੍ਰਵ ਦੀ ਅਜਿਹੀ ਪਰਿਭਾਸ਼ਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਦ੍ਰਵ ਇਕ ਹੈ। ਸਪਿਨੋਜ਼ਾ ਅਨੁਸਾਰ ਜੇ ਦ੍ਰਵ ਦੋ ਹੋਣਗੇ ਤਾਂ ਉਹ ਇਕ ਦੂਜੇ ਉਪਰ ਨਿਰਭਰ ਕਰਨਗੇ। ਡੇਕਾਰਟੇ ਆਪਣੇ ਦ੍ਰਵਾਂ ਨੂੰ ਸਾਪੇਖ ਕਹਿੰਦਾ ਹੈ ਪਰ ਦ੍ਰਵ ਜੋ ਆਤਮ-ਨਿਰਭਰ ਹੁੰਦਾ ਹੈ, ਉਹ ਸਾਪੇਖ ਕਿਵੇਂ ਹੋ ਸਕਦਾ ਹੈ। ਦ੍ਰਵ ਹਮੇਸ਼ਾ ਹੀ ਨਿਰਪੇਖ ਹੁੰਦਾ ਹੈ।

**ਈਸ਼ਵਰ (God)** :- ਸਪਿਨੋਜ਼ਾ ਅਨੁਸਾਰ ਪਰਮਾਤਮਾ ਹੈ ਅਤੇ ਉਹ ਇਕ ਦ੍ਰਵ ਹੈ ਜਿਸਦਾ ਰੂਪ ਇਕ ਪੁਰਸ਼ ਵਾਂਗ ਨਹੀਂ ਹੈ। ਸਭ ਕੁਝ ਇਸ ਅਪੁਰਸ਼ ਦ੍ਰਵ ਦੇ ਅਧੀਨ ਹੈ। ਤਦ ਦ੍ਰਵ ਦੇ ਪੁਰਸ਼ ਰੂਪ ਦੀ ਜ਼ਰੂਰਤ ਹੀ ਨਹੀਂ ਪੈਂਦੀ। ਸਾਰੇ ਗੁਣਾਂ, ਘਟਨਾਵਾਂ, ਵਸਤਾਂ, ਦਾ ਕੇਵਲ ਇਕ ਮਾਤਰ ਕਾਰਨ ਈਸ਼ਵਰ ਹੈ। ਇਹ ਦ੍ਰਵ ਜਾਂ ਈਸ਼ਵਰ ਹੀ ਸਭ ਵਸਤਾਂ ਦਾ ਸਾਰ ਹੈ। ਸਪਿਨੋਜ਼ਾ ਈਸ਼ਵਰ ਦੀਆਂ ਵਿਸ਼ੇਸ਼ਤਾਈਆਂ ਇੰਜ ਦੱਸਦਾ ਹੈ:

i. ਈਸ਼ਵਰ ਇਕ ਹੈ।

ii. ਈਸ਼ਵਰ ਹੀ ਇਕ ਮਾਤਰ ਦ੍ਰਵ ਹੈ।

iii. ਸਭ ਕੁਝ ਈਸ਼ਵਰ ਹੈ ਅਤੇ ਈਸ਼ਵਰ ਸਭ ਕੁਝ ਹੈ। ਇਕ ਵਿਚਾਰ ਨੂੰ ਸਰਬ-ਈਸ਼ਵਰਵਾਦ ਕਹਿੰਦੇ ਹਨ।

iv. ਈਸ਼ਵਰ ਸੁਤੰਤਰ ਹੈ, ਸਭ ਕੁਝ ਉਸ ਉੱਤੇ ਨਿਰਭਰ ਕਰਦਾ ਹੈ।

v. ਈਸ਼ਵਰ ਦੇ ਗੁਣ ਅਨੰਤ ਹਨ, ਉਹ ਅਸੀਮ ਹੈ, ਬਾਕੀ ਸਭ ਕੁਝ ਸੀਮਤ ਹੈ।

vi. ਈਸ਼ਵਰ ਸਭ ਦਾ ਦ੍ਰਵਗਤ ਕਾਰਨ ਹੈ।

vii. ਈਸ਼ਵਰ ਹੀ ਕੁਦਰਤ ਹੈ।

viii. ਈਸ਼ਵਰ ਆਪਣਾ ਕਾਰਣ ਆਪ ਹੈ, ਉਹ ਸੈਭੰ ਹੈ।

ਉਪਰ ਦੱਸੀਆਂ ਵਿਸ਼ੇਸ਼ਤਾਵਾਂ ਕਾਰਨ ਸਪਿਨੋਜ਼ਾ ਦੇ ਇਕ-ਤੱਤਵਾਦ ਨੂੰ ਨਿਰਪੇਖ ਇਕ-ਤੱਤਵਾਦ ਕਹਿੰਦੇ ਹਨ। ਸਪਿਨੋਜ਼ਾ ਹਰੇਕ ਵਸਤੂ ਅਤੇ ਘਟਨਾ ਦੀ ਵਿਆਖਿਆ ਵਿੱਚ ਈਸ਼ਵਰ ਅਤੇ ਦ੍ਰਵ ਨੂੰ ਕਾਰਣ ਦੱਸਦਾ ਹੈ। ਜਿਸ ਕਾਰਨ ਉਹ ਇਕ ਈਸ਼ਵਰਵਾਦੀ ਹੈ ਪਰ ਈਸ਼ਵਰ ਦਾ ਸਰੂਪ ਪੁਰਸ਼ ਨਾ ਹੋ ਕੇ ਅਪੁਰਸ਼ ਦੱਸਦਾ ਹੈ ਜਿਸ ਕਾਰਨ ਉਹ ਨਾਸਤਿਕ ਹੈ।

## 2. ਦ੍ਰਵ ਦੇ ਗੁਣ :

ਡੇਕਾਰਟੇ ਦੇ ਦੋ ਦ੍ਰਵਾਂ ਦੇ ਵਿਚਾਰ ਦਾ ਸਪਿਨੋਜ਼ਾ ਖੰਡਨ ਕਰਦਾ ਹੈ ਅਤੇ ਕਹਿੰਦਾ ਹੈ ਕਿ ਦ੍ਰਵ ਤਾਂ ਕੇਵਲ ਇਕਮਾਤਰ ਈਸ਼ਵਰ ਹੈ। ਉਸ ਅਨੁਸਾਰ ਜਿਹਨਾਂ ਨੂੰ ਡੇਕਾਰਟੇ ਦ੍ਰਵ ਕਹਿੰਦਾ ਹੈ ਉਹ ਤਾਂ ਅਪੁਰਸ਼ ਦ੍ਰਵ ਦੇ ਦੋ ਪ੍ਰਮੁੱਖ ਗੁਣ ਹਨ। ਇਹ ਉਸਦੇ ਰੂਪ ਹਨ। ਪਦਾਰਥ ਅਤੇ ਮਨ ਦੋ ਵਿਰੋਧੀ ਤੱਤ ਹਨ ਜੋ ਇਕ ਦੂਜੇ ਉਪਰ ਨਿਰਭਰ ਕਰਦੇ ਹਨ। ਡੇਕਾਰਟੇ ਇਹਨਾਂ ਨੂੰ ਸਾਪੇਖੀ ਦੱਸਦਾ ਹੈ। ਉਹ ਇਹ ਵੀ ਕਹਿੰਦਾ ਹੈ ਕਿ ਦ੍ਰਵ ਆਤਮ ਨਿਰਭਰ ਵੀ ਹੋਵੇ ਅਤੇ ਕਿਸੇ ਹਾਲਤਾਂ ਵਿੱਚ ਕਿਸੇ ਦੂਜੀ ਵਸਤੂ ਉਪਰ ਨਿਰਭਰ ਵੀ ਹੋਵੇ। ਇਹ ਵਿਰੋਧਤਾ ਵਾਲੀ ਦਲੀਲ ਹੈ। ਏਸੇ ਲਈ

ਸਪਿਨੋਜ਼ਾ ਕੇਵਲ ਇਕ ਹੀ ਦ੍ਰਵ ਨੂੰ ਮੰਨਦਾ ਹੈ। ਮਨ ਦੀ ਵਿਸ਼ੇਸ਼ਤਾ ਹੈ ਸੋਚਣਾ ਅਤੇ ਪਦਾਰਥ ਦੀ ਵਿਸ਼ੇਸ਼ਤਾ ਫੈਲਾਅ ਹੈ। ਇਹਨਾਂ ਤੋਂ ਇਲਾਵਾ ਮਨ ਅਤੇ ਪਦਾਰਥ ਕੁਝ ਵੀ ਨਹੀਂ। ਇਹ ਦੋਵੇਂ ਗੁਣ ਹਨ। ਦ੍ਰਵ ਇਹਨਾਂ ਤੋਂ ਅਤੀਤ ਹੈ ਜੋ ਨਾ ਤਾਂ ਮਾਨਸਿਕ ਹੈ ਅਤੇ ਨਾ ਹੀ ਭੌਤਿਕ ਬਲਕਿ ਇਹ ਨਿਰਪੱਖ ਹੈ। ਏਸੇ ਕਾਰਨ ਸਪਿਨੋਜ਼ਾ ਦੇ ਸਿਧਾਂਤ ਨੂੰ ਨਿਰਪੱਖ ਇਕ-ਤੱਤਵਾਦ ਕਿਹਾ ਜਾਂਦਾ ਹੈ।

## 3. ਦ੍ਰਵ ਦੇ ਰੂਪ :

ਸਭ ਵਸਤਾਂ ਘਟਨਾਵਾਂ ਅਤੇ ਸੰਸਾਰ ਇਕ ਦ੍ਰਵ ਤੋਂ ਉਪਜਿਆ ਹੈ। ਸਪਿਨੋਜ਼ਾ ਕਹਿੰਦਾ ਹੈ ਕਿ ਉਹ ਇਕ ਅਪੁਰਸ਼ ਦ੍ਰਵ ਆਪਦੇ ਦੋ ਪ੍ਰਮੁੱਖ ਗੁਣਾਂ ਮਨ ਅਤੇ ਸਰੀਰ (ਪਦਾਰਥ) ਦੀ ਸਹਾਇਤਾ ਨਾਲ ਹਰ ਪ੍ਰਕਾਰ ਦੀ ਵਸਤੂ ਅਤੇ ਤੱਤ ਦਾ ਨਿਰਮਾਣ ਕਰਦਾ ਹੈ ਕਿਉਂਕਿ ਸੰਸਾਰ ਵਿੱਚ ਕੇਵਲ ਦੋ ਹੀ ਤੱਤ ਹਨ- ਮਨ ਅਤੇ ਪਦਾਰਥ ਅਤੇ ਤੀਜਾ ਇਹਨਾ ਦੋਹਾਂ ਨੂੰ ਜੋੜ ਕੇ ਬਣ ਜਾਂਦਾ ਹੈ। ਹਰੇਕ ਵਸਤੂ ਉਸ ਇਕ ਦ੍ਰਵ ਦਾ ਵੱਖਰਾ ਰੂਪ ਹੈ ਜੋ ਦ੍ਰਵ ਆਪਣੇ ਦੋ ਪ੍ਰਮੁੱਖ ਗੁਣਾਂ ਰਾਹੀਂ ਪ੍ਰਗਟ ਕਰਦਾ ਹੈ। ਰੂਪ ਉਹ ਉਤਪਾਦਨ ਹੈ ਜਿਸ ਰਾਹੀਂ ਦ੍ਰਵ ਦੇ ਗੁਣ ਪ੍ਰਗਟ ਹੁੰਦੇ ਹਨ। ਸੰਸਾਰ ਦੀਆਂ ਸਾਰੀਆਂ ਵਸਤੂਆਂ ਜੋ ਦ੍ਰਵ ਦਾ ਰੂਪ ਹਨ, ਕੇਵਲ ਦੋ ਤੱਤਾਂ-ਮਨ ਅਤੇ ਪਦਾਰਥ ਦਾ ਮੇਲ ਹੈ। ਸਭ ਵਸਤੂਆਂ ਨਾਸ਼ਵਾਨ ਹਨ ਪਰੰਤੂ ਅਸਲ ਦ੍ਰਵ ਅਨੰਤ ਹੈ। ਦ੍ਰਵ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ।

## 4. ਸਰਵ-ਈਸ਼ਵਰਵਾਦ

ਸਪਿਨੋਜ਼ਾ ਦ੍ਰਵ ਦੇ ਵਿਚਾਰ ਨਾਲ ਇਕ ਤੱਤ-ਵਿਗਿਆਨਕ ਸਿੱਟਾ ਕੱਢਦਾ ਹੈ ਕਿ ਸਾਰੇ ਸੰਸਾਰ ਇਕ ਦ੍ਰਵ ਦੀ ਉਪਜ ਅਤੇ ਉਸਦੇ ਅਧੀਨ ਹੈ। ਸੰਸਾਰ ਦੀ ਸਭ ਵਸਤਾਂ ਉਸ ਵਿਚ ਹਨ ਅਤੇ ਉਹ ਸੰਸਾਰ ਦੀਆਂ ਸਭ ਵਸਤਾਂ ਵਿੱਚ ਮੌਜੂਦ ਹੈ। ਇਸ ਸਿਧਾਂਤ ਨੂੰ ਸਰਵ-ਈਸ਼ਵਰਵਾਦ ਕਿਹਾ ਜਾਂਦਾ ਹੈ ਕਿਉਂਕਿ ਇਸ ਅਨੁਸਾਰ ਈਸ਼ਵਰ ਹਰੇਕ ਵਸਤੂ ਵਿੱਚ ਵਿਦਮਾਨ ਹੈ। ਸਪਿਨੋਜ਼ਾ ਇਸਨੂੰ ਅਟੱਲ ਸਚਾਈ ਮੰਨਦਾ ਹੈ ਅਤੇ ਇਸਨੂੰ ਹਰੇਕ ਵਿਚਾਰ ਅਤੇ ਵਿਆਖਿਆ ਉੱਤੇ ਲਾਗੂ ਕਰਦਾ ਹੈ। ਇਸ ਕਾਰਨ ਸਪਿਨੋਜ਼ਾ ਨੂੰ ''ਈਸ਼ਵਰ ਦੇ ਨਸ਼ੇ ਵਿੱਚ ਚੂਰ ਦਾਰਸ਼ਨਿਕ (God-Intoxicated Philosopher) ਵੀ ਕਹਿੰਦੇ ਹਨ।

## 5. ਦ੍ਰਵ ਦੇ ਆਕਾਰ


ਸਪਿਨੋਜ਼ਾ ਦ੍ਰਵ ਨੂੰ ਕੇਵਲ ਮੰਨਦਾ ਹੈ ਪਰ ਤੱਤ-ਵਿਗਿਆਨਕ ਸਿਧਾਂਤ ਨੂੰ ਅਵਿਰੋਧੀ ਬਨਾਉਣ ਲਈ ਇਸਦੇ ਦੋ ਆਕਾਰ ਦੱਸਦਾ ਹੈ। ਇਕ ਪ੍ਰਸ਼ਨ ਇਹ ਉਠਾਇਆ ਜਾ ਸਕਦਾ ਹੈ ਕਿ ਕੀ ਦ੍ਰਵ ਕਰਮ ਕਰਦਾ ਹੈ ਜਾਂ ਅਕਰਮੀ ਹੈ। ਦੋਵਾਂ ਵਿਚੋਂ ਕਿਸੇ ਇਕ ਪ੍ਰਸ਼ਨ ਦਾ ਜੁਆਬ ਸਾਰੀ ਵਿਚਾਰਧਾਰ ਨੂੰ ਵਿਰੋਧੀ ਬਣਾ ਦੇਵੇਗਾ। ਇਸ ਲਈ ਸਪਿਨੋਜ਼ਾ ਅਨੁਸਾਰ ਇਸ ਦ੍ਰਵ ਦੇ ਦੋ ਆਕਾਰ ਹੁੰਦੇ ਹਨ ਜਿਹਨਾਂ ਨੂੰ ਆਪਣੀ ਭਾਸ਼ਾ ਵਿੱਚ ਉਹ ਇੰਜ ਲਿਖਦਾ ਹੈ:

1. ਨੈਚੂਰਾ ਨੈਚੂੱਰਾਟਾ (Natura Naturata)
2. ਨੈਚੂਰਾ ਨੈਚੂੱਰਾਇਅਨ (Natura Naturans)

ਦ੍ਰਵ ਦਾ ਉਹ ਆਕਾਰ ਨੈਚੂਰਾ ਨੈਚੂੱਰਾਟਾ ਹੈ ਜੋ ਸੁੰਨ ਦੀ ਅਵਸਥਾ ਵਿੱਚ ਅਕਰਮੀ ਵਿੱਚ ਅਕਰਮੀ ਦੇ ਰੂਪ ਵਿੱਚ ਰਹਿੰਦਾ ਹੈ। ਇਹ ਕੋਈ ਕਰਮ ਨਹੀਂ ਕਰਦਾ ਬਲਕਿ ਉਂਚ ਨਾਮ ਮਾਤਰ ਦਾ ਆਕਾਰ ਹੈ। ਭਾਰਤੀ ਦਰਸ਼ਨ ਦੀ ਸ਼ਬਦਾਬਲੀ ਅਨੁਸਾਰ ਇਹ ਨਿਰਗੁਣ ਹੈ। ਪਰ ਦ੍ਰਵ ਦਾ ਜੋ ਆਕਾਰ ਕਰਮ ਕਰਦਾ ਹੈ। ਉਸਨੂੰ ਸਪਿਨੋਜ਼ਾ ਨੈਚੂਰਾ ਨੈਚੂੱਰਾਇਅਨ ਕਹਿੰਦਾ ਹੈ। ਉਸੇ ਤਰ੍ਹਾਂ ਭਾਰਤੀ ਦਰਸ਼ਨ ਵਿੱਚ ਅਜਿਹੇ ਵਿਚਾਰ ਨੂੰ ਸਰਗੁਣ ਕਹਿੰਦੇ ਹਨ। ਦੂਸਰੇ ਆਕਾਰ ਦੀ ਮਦਦ ਨਾਲ ਹੀ ਪਹਿਲਾ ਆਕਾਰ ਆਪਣੇ ਉਦੇਸ਼ ਪੂਰੇ ਕਰਦਾ ਹੈ।

ਮਨ ਅਤੇ ਸਰੀਰ ਦੋਹਰੀ-ਪੱਖੀ ਸਿਧਾਂਤ ਅਨੁਸਾਰ ਨਾ ਤਾਂ ਮਨ ਅਤੇ ਨਾ ਹੀ ਸਰੀਰ ਪੂਰਨ ਰੂਪ ਵਿੱਚ ਵੱਖਰੀ ਅਤੇ ਸੁਤੰਤਰ ਹਸਤੀ ਹੈ। ਮਨ ਅਤੇ ਸਰੀਰ ਦੋਵੇਂ ਕਿਸੇ ਪਰਮ-ਸੱਤਾ ਦੇ ਪ੍ਰਗਟਾਵੇ ਹਨ। ਜਦੋਂ ਅਸੀਂ ਉਸ ਸੱਤਾ ਨੂੰ ਅੰਦਰੋਂ

ਜਾਂ ਆਤਮ ਨਿਸ਼ਠਤਾ ਦੇ ਪੱਖੋਂ ਵੇਖਦੇ ਹਨ ਤਾਂ ਉਹ ਸਾਨੂੰ ਮਨ ਦੇ ਤੌਰ ਤੇ ਦਿਖਾਈ ਦਿੰਦੀ ਹੈ ਪਰੰਤੂ ਜਦੋਂ ਉਸੇ ਨੂੰ ਅਸੀਂ ਬਾਹਰਲੇ ਪਾਸੇ ਜਾਂ ਵਸਤੂਨਿਸ਼ਠਤਾ ਦੇ ਪੱਖੋਂ ਵੇਖਦੇ ਹਾਂ ਤਾਂ ਉਹੀ ਸਾਨੂੰ ਸਰੀਰ ਦੇ ਰੂਪ ਵਿੱਚ ਨਜ਼ਰ ਆਉਂਦੀ ਹੈ। ਇੰਜ ਮਨ ਅਤੇ ਸਰੀਰ ਇਕ ਅਰਥ ਵਿੱਚ ਸਮਾਨ ਹਨ, ਉਹ ਦੋਵੇਂ ਇਕ ਸਮਾਨ ਵਸਤੂ ਦੇ ਦੋ ਭਿੰਨ ਭਿੰਨ ਪੱਖ ਹਨ। ਜਿਵੇਂ ਜਦੋਂ ਲੋਗ ਆਪਣੇ ਜੀਵਨ ਨੂੰ ਨਜ਼ਦੀਕੀ ਤੋਂ ਭਾਵ ਅੰਦਰੂਨੀ ਤੌਰ ਤੇ ਲੈਂਦੇ ਹਨ ਤਾਂ ਅਸੀਂ ਇਸ ਪਹਿਲੀ ਨਜ਼ਰੇ ਮਾਨਸਿਕ ਕਹਿੰਦੇ ਹਾਂ। ਬਾਕੀ ਸਾਰੇ ਸੰਸਾਰ ਨੂੰ ਅਸੀਂ ਅਪਣੀਆਂ ਗਿਆਨ ਇੰਦਰੀਆਂ ਉੱਪਰ ਪਏ ਪ੍ਰਭਾਵਾਂ ਦੇ ਤੌਰ ਤੇ ਲੈਂਦੇ ਹਨ ਤਾਂ ਅਸੀਂ ਇਸਨੂੰ ਭੌਤਿਕ ਕਹਿੰਦੇ ਹਾਂ। ਇਸ ਇਥੇ ਅਸੀਂ ਇਸ ਹੇਠ ਲਿਖੇ ਚਿੱਤਰ ਰਾਂਹੀ ਸਪਸ਼ਟ ਕਰਦੇ ਹਾਂ:-




ਸਪਿਨੋਜ਼ਾ ਅਤੇ ਕਾਂਟ ਦੋਵੇਂ ਮਨ ਅਤੇ ਸਰੀਰ ਨੂੰ ਇਕ ਹੀ ਸੱਤਾ ਦੇ ਦੋ ਪੱਖਾਂ ਦੇ ਤੌਰ ਤੇ ਲੈਂਦੇ ਹਨ। ਸਪਿਨੋਜ਼ਾ ਅਨੁਸਾਰ ਇਹ ਇਕੋ ਸੱਤਾ ਪਰਮਾਤਮਾ ਹੈ। ਕਾਂਟ ਲਈ ਇਹ ਸੱਤਾ ਅਗਿਆਤ ਜਾਂ ''ਵਸਤੂ-ਆਪਣੇ-ਆਪ ਵਿੱਚ'' ਹੈ। ਇੰਜ ਲੱਗਦਾ ਹੈ ਜਿਵੇਂ ਮਨ ਅਤੇ ਸਰੀਰ ਭਾਵ ਮਾਨਸਿਕ ਅਤੇ ਸਰੀਰਕ ਦੋਵੇਂ ਲੜੀਆਂ ਕਾਰਨ-ਕਾਰਜ ਦੇ ਰੂਪ ਵਿੱਚ ਜੁੜੀਆਂ ਹੋਈਆਂ ਹਨ। ਇਸ ਸਿਧਾਂਤ ਦੇ ਆਲੋਚਕ ਕਹਿੰਦੇ ਹਨ ਕਿ ਭਿੰਨ-ਭਿੰਨ ਪ੍ਰਕਿਰਿਆਵਾਂ-ਮਾਨਸਿਕ ਅਤੇ ਭੌਤਿਕ ਦੀ ਵਿਆਖਿਆ ਇੱਕ ਕਿਵੇਂ ਕੀਤੀ ਜਾ ਸਕਦੀ ਹੈ। ਮਨ ਕਿਸੇ ਪੁਲਾੜ ਵਿੱਚ ਨਹੀਂ ਹੁੰਦਾ ਜਦੋਂ ਭੌਤਿਕ ਪ੍ਰਕਿਰਿਆਵਾਂ ਪੁਲਾੜ ਵਿੱਚ ਹੀ ਹੁੰਦੀਆਂ ਹਨ। ਇੰਜ ਇਸ ਮੁਸ਼ਕਲ ਸਮਸਿਆ ਦੀ ਵਿਆਖਿਆ ਲਈ ਇਹ ਅਪ੍ਰੋਚ ਇਕ ਅਗਿਆਤ ਦੀ ਵਰਤੋਂ ਕਰਦੀ ਹੈ।

ਅਸੀਂ ਸੰਖੇਪ ਵਿੱਚ ਕਹਿ ਸਕਦੇ ਹਾਂ ਕਿ ਸਪਿਨੋਜ਼ਾ ਅਨੁਸਾਰ ਪਰਮ ਸੱਤਾ ਇਕ ਹੀ ਹੈ ਅਤੇ ਉਹ ਹੈ ਪਰਮਾਤਮਾ। ਉਸ ਲਈ ਪਰਮਾਤਮਾ ਹੀ ਪ੍ਰਾਕਿਰਤੀ ਹੈ ਅਤੇ ਪ੍ਰਾਕਿਰਤੀ ਹੀ ਪਰਮਾਤਮਾ ਹੈ। ਮਨ ਅਤੇ ਸਰੀਰ ਦੋਵੇਂ ਉਸ ਪਰਮ-ਸੱਤਾ ਦੇ ਦੋ ਭਿੰਨ ਭਿੰਨ ਪੱਖ ਹਨ।

### 1.4.5 ਹੀਗਲ ਦਾ ਇਕ-ਤੱਤਵਾਦ

ਹੀਗਲ ਇਕ ਆਦਰਸ਼ਵਾਦੀ ਹੋਇਆ ਹੈ ਜੋ ਕੇਵਲ ਵਿਚਾਰ ਨੂੰ ਦ੍ਰਵ ਮੰਨਦਾ ਹੈ। ਉਹ ਸੋਚਦਾ ਹੈ ਕਿ ਸਪਿਨੋਜ਼ਾ ਦਾ ਸਿਧਾਂਤ ਕੁਝ ਠੀਕ ਹੈ ਜਿਵੇਂ ਉਹ ਦਰਸਾਉਂਦਾ ਹੈ ਕਿ ਸੰਸਾਰ ਇਕ ਤੋਂ ਅਨੇਕ ਹੋਇਆ ਹੈ ਪਰੰਤੂ ਸਪਿਨੋਜ਼ਾ ਇਕ ਅਤੇ ਅਨੇਕ ਦੇ ਸਮਾਨਤਾ ਦੇ ਸੰਬੰਧ ਨੂੰ ਠੀਕ ਤਰ੍ਹਾਂ ਦਰਸਾ ਨਹੀਂ ਸਕਿਆ ਕਿਉਂਕਿ ਇਕ-ਤੱਤਵਾਦ ਸਾਬਤ ਕਰਨ ਲਈ ਇਕ ਅਤੇ ਅਨੇਕ ਵਿਚਾਰ ਸਮਾਨਤਾ ਦਰਸਾਉਣਾ ਅਤਿ ਜ਼ਰੂਰੀ ਹੈ। ਹੀਗਲ ਇਹ ਸਮਾਨਤਾ ਦਰਸਾਉਂਦਾ ਹੈ ਜਿਸ ਕਾਰਣ ਉਸਦੇ ਦ੍ਰਵ ਸੰਬੰਧੀ ਵਿਚਾਰ ਨੂੰ 'ਠੋਸ ਇਕ-ਤੱਤਵਾਦ (Concrete Monism) ਕਹਿੰਦੇ ਹਨ। ਹੀਗਲ ਅਨੁਸਾਰ ਅੰਤਮ ਸਚਾਈ ਜਾਂ ਦ੍ਰਵ ਏਕਤਾ ਅਤੇ ਅਨੇਕਤਾ ਦਾ ਸੁਮੇਲ ਹੈ। ਅਨੇਕਤਾ ਵਿੱਚ ਏਕਤਾ ਹੋਣ ਨਾਲ ਅਨੇਕਤਾ ਸਮਾਪਿਤ ਹੋ ਜਾਂਦੀ ਹੈ। ਦੋਵੇਂ ਸਾਡੇ ਅਨੁਭਵ ਦਾ ਵਿਸ਼ਾ ਬਣਾ ਸਕਦੇ ਹਨ। ਦੋਵੇਂ ਅੰਤਮ ਸਚਾਈ ਦੇ ਅਲੱਗ ਪੱਖ ਹਨ। ਏਕਤਾ ਅਤੇ ਅਨੇਕਤਾ ਦੋਵੇਂ ਸੱਚ ਹਨ। ਜਿਸ ਤਰ੍ਹਾਂ ਗਿਆਤਾ ਅਤੇ ਗਿਆਤ ਦੋ ਵਿਰੋਧੀ ਤੱਤ ਨਹੀਂ ਬਲਕਿ ਇਕ ਦੂਜੇ ਦੇ ਪੂਰਕ ਹੰਦੇ ਹਨ ਗਿਆਨ ਦੀ ਪ੍ਰਕਿਰਿਆ ਵਿੱਚ ਮੋਢੀ ਹੁੰਦੇ ਹਨ। ਉਸੇ ਤਰ੍ਹਾਂ ਏਕਤਾ

ਅਤੇ ਅਨੇਕਤਾ ਦੋਵੇਂ ਮਿਲਕੇ ਦ੍ਰਵ ਦਾ ਸਰੂਪ ਬਣਾਉਂਦੇ ਹਨ। ਹੀਗਲ ਇਸ ਵਿਚਾਰ ਨੂੰ ਨਿਰਪੇਖ ਵਿਚਾਰ (Absolute Idea) ਕਹਿੰਦਾ ਹੈ। ਉਸ ਅਨੁਸਾਰ ਜੋ ਬੋਧਿਕ ਹੈ, ਉਹ ਹੀ ਸੱਚ ਹੈ ਅਤੇ ਜੋ ਸੱਚ ਹੈ ਉਹੀ ਬੋਧਿਕ ਹੈ। ਇਸ ਵਿਚਾਰ ਨਾਲ ਹੀਗਲ ਆਤਮਕ ਅਤੇ ਭੌਤਿਕ ਸੰਸਾਰ ਵਿੱਚ ਏਕਤਾ ਸਾਬਤ ਕਰਦਾ ਹੈ। ਦੂਜੇ ਸ਼ਬਦਾਂ ਵਿੱਚ ਹੀਗਲ ਦਾ ਵਿਚਾਰ ਇਕ-ਤੱਤਵਾਦ ਅਤੇ ਅਨੇਕ-ਤੱਤਵਾਦ ਦਾ ਸੁਮੇਲ ਰੂਪ ਹੈ।

### ਪਦਾਰਥਵਾਦ (Materialism)

ਪਦਾਰਥਵਾਦ ਇਕ ਤੱਤ-ਵਿਗਿਆਨਕ ਵਿਚਾਰਧਾਰਾ ਹੈ ਜਿਸ ਅਨੁਸਾਰ ਇਸ ਸੰਸਾਰ ਦਾ ਇਕੋ-ਇਕ ਦ੍ਰਵ ਪਦਾਰਥ ਹੈ। ਡੈਮੋਕ੍ਰਾਇਟਸ, ਨਿਊਟਨ ਅਤੇ ਆਈਨਸਟਾਇਨ ਵਰਗੇ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਸਭ ਵਸਤਾਂ ਵਿੱਚ ਪਦਾਰਥ ਜਾਂ ਅਣੂ ਪਾਏ ਜਾਂਦੇ ਹਨ। ਹਰੇਕ ਵਸਤੈ ਇਹਨਾਂ ਅਣੂਆਂ ਦੋ ਜੋੜ ਹੈ। ਇਸ ਤਰ੍ਹਾਂ ਇਹ ਅਣੂ ਹੀ ਦ੍ਰਵ ਹਨ। ਬੇਸ਼ਕ ਅਣੂ ਬਹੁਤੇ ਹੁੰਦੇ ਹਨ ਪਰ ਗੁਣ ਅਤੇ ਮਾਤਰਾ ਵਿੱਚ ਉਹ ਇਕੋ ਸਮਾਨ ਹਨ। ਅਣੂ ਪਦਾਰਥ ਦੀ ਸਭ ਤੋਂ ਛੋਟੀ ਇਕਾਈ ਹੈ। ਮਨ, ਚੇਤਨਾ ਅਤੇ ਦੂਜੀਆਂ ਮਨੋਵਿਗਿਆਨਕ ਕ੍ਰਿਆਵਾਂ ਅਣੂਆਂ ਦਾ ਦੂਜਾ ਰੂਪ ਹੈ। ਪਦਾਰਥ ਮਨ ਤੋਂ ਪਹਿਲਾਂ ਸੀ। ਇਹ ਪਦਾਰਥ ਸੰਸਾਰ ਮੁੱਢਲਾ ਹੈ ਬਾਕੀ ਵਿਚਾਰ ਬਾਅਦ ਵਿੱਚ ਹੈ।

### ਆਦਰਸ਼ਵਾਦ (Idealism)

ਆਦਰਸ਼ਵਾਦੀਆਂ ਵਿਚੋਂ ਹੀਗਲ ਅਤੇ ਬਰਕਲੇ ਇਕ-ਤੱਤਵਾਦੀ ਆਦਰਸ਼ਵਾਦੀ ਹਨ ਕਿਉਂਕਿ ਉਹਨਾਂ ਅਨੁਸਾਰ ਵਸਤਾਂ ਕੇਵਲ ਵਿਚਾਰਾਂ ਵਿਚੋਂ ਉਪਜੀਆਂ ਹਨ। ਮਨੁੱਖੀ ਮਨਾਂ ਤੋਂ ਇਲਾਵਾ ਇਕ ਅਧਿਆਤਮਕ ਮਨ ਵੀ ਹੈ ਜਿਸ ਅੰਦਰ ਪਏ ਵਿਚਾਰਾਂ ਤੋਂ ਸਭ ਵਸਤਾਂ ਬਣਦੀਆਂ ਹਨ। ਇੰਜ ਕੋਈ ਆਤਮਿਕ ਜਾਂ ਮਾਨਸਿਕ ਸੱਤਾ ਹੀ ਇਕੋ ਇਕ ਦ੍ਰਵ ਹੈ। ਬਰਕਲੇ ਦੇ ਸਿਧਾਂਤ ਨੂੰ ''ਮੈਂ-ਇਕ-ਵਾਦ'' (Solipisism) ਕਹਿੰਦੇ ਹਨ ਕਿਉਂਕਿ ਇਸ ਰਾਹੀ ਬਰਕਲੇ ਇਹ ਸਿੱਧ ਕਰਦਾ ਹੈ ਕਿ ਮੈ ਜਾਂ ਮੇਰਾ ਮਨ ਹੀ ਸੱਤਾ ਰੱਖਦਾ ਹੈ, ਬਾਕੀ ਸਭ ਇਸਦੇ ਪ੍ਰਤੱਖੀਕਰਣ ਤੇ ਆਧਾਰਿਤ ਹੈ।

### ਕੁਦਰਤਵਾਦ (Naturalism)

ਕੁਦਰਤਵਾਦ ਇਕ ਤੱਤ-ਵਿਗਿਆਨਕ ਵਿਚਾਰਧਾਰਾ ਹੈ ਜਿਸ ਅਨੁਸਾਰ ਕੁਦਰਤ ਹੀ ਇਕੋ ਇਕ ਦ੍ਰਵ ਹੈ ਕਿਉਂਕਿ ਸਭ ਕੁਝ ਕੁਦਰਤ ਅਤੇ ਇਸਦੇ ਨਿਯਮਾਂ ਅਧੀਨ ਚਲ ਰਿਹਾ ਹੈ। ਇਹ ਪਦਾਰਥਵਾਦ ਅਤੇ ਆਦਰਸ਼ਵਾਦ ਦਾ ਖੰਡਨ ਕਰਦਾ ਹੈ ਅੇ ਇਸ ਅਨੁਭਵਮਈ ਵਸਤੂਆਂ ਨੂੰ ਪ੍ਰਵਾਨ ਕਰਦਾ ਹੈ। ਇਹ ਉੱਤਮ-ਕੁਦਰਤਵਾਦ ਦਾ ਵੀ ਵਿਰੋਧ ਕਰਦਾ ਹੈ। ਇਹ ਕੁਦਰਤੀ ਵਿਗਿਆਨਾਂ ਰਾਹੀਂ ਦਿੱਤੀ ਸੰਸਾਰ ਦੀ ਵਿਆਖਿਆ ਨੂੰ ਸਹੀ ਠਹਿਰਾਉਂਦਾ ਹੈ। ਕੁਦਰਤ ਖੁਦ ਇਕ ਅੰਤਮ ਸਚਾਈ ਹੈ। ਪਦਾਰਥਾਂ ਵਿੱਚ ਗਤੀ ਅਤੇ ਕਾਰਣਤਾ ਦੇ ਨਿਯਮ ਦੀ ਵਿਆਖਿਆ ਲਈ ਕੁਦਰਤਵਾਦ ਕੁਦਰਤ ਨੂੰ ਇਸ ਸਭ ਦਾ ਕਾਰਣ ਮੰਨਦਾ ਹੈ ਅਤੇ ਇਸਨੂੰ ਇਕ ਦ੍ਰਵ ਦਾ ਦਰਜਾ ਦਿੰਦਾ ਹੈ।

## 1.4.6 ਆਲੋਚਨਾ (Criticism)

ਸਪਿਨੋਜ਼ਾ ਦਾ ਤੱਤ-ਵਿਗਿਆਨਕ ਸਿਧਾਂਤ ਵਧੇਰੇ ਤਾਰਕਿਕ ਅਤੇ ਸੰਤੋਸ਼ਜਨਕ ਲੱਗਦਾ ਹੈ ਕਿਉਂਕਿ ਉਹ ਹਰ ਦਲੀਲ ਬੁੱਧੀ ਅਤੇ ਤਰਕ ਨੂੰ ਆਧਾਰ ਬਣਾ ਕੇ ਦਿੰਦਾ ਹੈ। ਫਿਰ ਵੀ ਤਾਰਕਿਕ ਅਤੇ ਬੋਧਿਕ ਦਲੀਲਾਂ ਵਿੱਚ ਵੀ ਕਈ ਕਮੀਆਂ ਰਹਿ ਜਾਂਦੀਆਂ ਹਨ। ਇਸ ਲਈ ਇਸ ਸਿਧਾਂਤ ਦੀ ਕਈ ਪਹਿਲੂਆਂ ਤੋਂ ਆਲੋਚਨਾ ਕੀਤੀ ਗਈ ਹੈ ਜੋ ਹੇਠ ਲਿਖੇ ਅਨੁਸਾਰ ਹੈ:-

### 1. ਆਕਾਰਗਤ ਸਚਾਈ (Formal Truth)

ਸਪਿਨੋਜ਼ਾ ਆਪਣੇ ਸਿਧਾਂਤਾਂ ਨੂੰ ਨਿਗਮਨਾਤਮਕ ਵਿਧੀ ਤੇ ਆਧਾਰਿਤ ਕਰਦਾ ਹੈ ਪਰੰਤੂ ਅਜਿਹਾ ਅਸੰਭਵ ਹੈ ਕਿਉਂਕਿ ਇਹ ਤਰਕ ਸ਼ਾਸ਼ਤਰ ਦਾ ਨਿਯਮ ਹੈ ਕਿ ਨਿਗਮਨ ਹਮੇਸ਼ਾਂ ਆਗਮਨ ਤੇ ਨਿਰਭਰ ਹੁੰਦਾ ਹੈ। ਇਥੋਂ ਤੱਕ ਕਿ ਗਿਆਨ

ਦਾ ਜਨਮ ਆਗਮਨ ਤੋਂ ਹੁੰਦਾ ਹੈ। ਸਪਿਨੋਜ਼ਾ ਦੇ ਵਿਚਾਰ ਕੋਰੇ ਨਿਗਮਨਾਤਮਕ ਹਨ ਅਤੇ ਆਕਾਰਗਤ ਸਚਾਈ ਉਪਰ ਆਧਾਰਿਤ ਹਨ ਕਿਉਂਕਿ ਉਹ ਜੋ ਸਿੱਟੇ ਕੱਢਦਾ ਹੈ, ਸੰਪੂਰਣ ਰੂਪ ਵਿੱਚ ਵਸਤੂਗਤ ਨਹੀਂ ਹਨ।

**2. ਸੰਸਾਰ-ਭ੍ਰਮਵਾਦ :**

ਸਪਿਨੋਜ਼ਾ ਸੰਸਾਰ ਅਤੇ ਇਸਦੀਆਂ ਵਸਤੂਆਂ ਨੂੰ ਚਿਰ-ਸਥਾਈ ਮੰਨਦਾ ਹੈ ਕਿਉਂਕਿ ਹਰੇਕ ਵਸਤੂ ਦ੍ਰਵ ਰੂਪ ਹੈ ਅਤੇ ਉਹ ਵਿਕਾਸ ਕਰਦੀ ਹੈ ਅਤੇ ਇਸਦਾ ਨਾਸ਼ ਹੋ ਜਾਵੇਗਾ। ਸੰਸਾਰ ਬੇਸ਼ਕ ਪਦਾਰਥਕ ਹੈ, ਇਸਦਾ ਰੂਪ ਬਦਲਦਾ ਰਹਿੰਦਾ ਹੈ। ਪਰ ਜੋ ਪ੍ਰਤੱਖ ਹੈ, ਉਸਨੂੰ ਭਰਮ ਸਮਝਣਾ ਅਤੇ ਜੋ ਅਪ੍ਰਤੱਖ ਹੈ, ਉਸਨੂੰ ਅਸਲੀਅਤ ਸਮਝਨਾ ਇਕ ਸਭ ਤੋਂ ਵੱਡਾ ਭਰਮ ਹੈ। ਇਸ ਲਈ ਸੰਸਾਰ ਭਰਮ ਨਹੀ ਬੇਸ਼ਕ ਸਪਿਨੋਜ਼ਾ ਰਾਹੀਂ ਦਰਸਾਇਆ ਗਿਆ ਦ੍ਰਵ ਸੱਚ ਹੋਵੇ ਪਰ ਉਸਦੀ ਸਚਾਈ ਸਵੀਕਾਰ ਇਸ ਪ੍ਰਤੱਖ ਸੰਸਾਰ ਨੂੰ ਅੱਖੋਂ ਓਹਲੇ ਕਰਨਾ ਕੋਈ ਬਹੁਤੀ ਬੌਧਿਕ ਸਚਾਈ ਨਹੀਂ ਹੈ।

**3. ਨੈਤਿਕ ਅਤੇ ਧਾਰਮਿਕ ਮਾਨਤਾਵਾਂ ਨੂੰ ਕੋਈ ਮਹੱਤਤਾ ਨਹੀਂ :**

ਸਭ ਵਸਤਾਂ ਦੇ ਨਾਲ-ਨਾਲ ਮਨੁੱਖ ਨੂੰ ਦ੍ਰਵ ਦਾ ਪਦਾਰਥਾਂ ਵਾਂਗ, ਇਕ ਰੂਪ ਮੰਨਕੇ ਸਪਿਨੋਜ਼ਾ ਬਹੁਤ ਵੱਡੀ ਗਲਤੀ ਕਰਦਾ ਹੈ। ਮਨੁੱਖ ਆਮ ਵਸਤਾਂ ਵਾਂਗ ਨਹੀਂ ਹੈ। ਬੇਸ਼ਕ ਇਹ ਮਨ ਅਤੇ ਸਰੀਰ ਦਾ ਸੁਮੇਲ ਹੈ। ਪਰ ਇਹਨਾਂ ਤੱਤਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਮੁਲਾਤਮਕ ਅਤੇ ਮਨੋਵਿਗਿਆਨਕ ਤੱਤ ਸ਼ਾਮਲ ਹਨ ਜਿਹਨਾਂ ਕਾਰਨ ਇਹ ਇਕ ਮਹੱਤਵਪੂਰਨ ਜੀਵ ਹੈ। ਇਹਨਾਂ ਵਿੱਚ ਧਾਰਮਿਕ ਅਤੇ ਨੈਤਿਕ ਮੁੱਲ ਵੀ ਸ਼ਾਮਲ ਹਨ। ਸਪਿਨੋਜ਼ਾ ਇਹਨਾਂ ਮੁੱਲਾਂ ਨੂੰ ਅੱਖੋਂ ਓਹਲੇ ਕਰਦਾ ਹੈ ਜੋ ਉਸਦੀ ਵਿਚਾਰਧਾਰਾ ਨੂੰ ਕਮਜ਼ੋਰ ਬਣਾਉਂਦਾ ਹੈ।

**4. ਮਨੁੱਖੀ ਸਤੰਤਰਤਾ ਨੂੰ ਕੋਈ ਮਹੱਤਵ ਨਹੀ :**

ਸਪਿਨੋਜ਼ਾ ਜੋ ਇਕ ਖੁਦਾ ਇਕ ਮਨੁੱਖ ਹੈ ਅਤੇ ਜਿਸਨੇ ਸੋਚ ਰਾਹੀ ਇਹ ਸਿਧਾਂਤ ਦਿੱਦਾ ਹੈ, ਉਹ ਉਸ ਸੋਚ ਨੂੰ ਕੋਈ ਮਹੱਤਤਾ ਨਹੀਂ ਦਿੰਦਾ। ਉਸਦੀ ਸੋਚ ਨੇ ਉਸਨੂੰ ਇਸ ਸਿੱਟੇ ਤਕ ਪਹੁੰਚਾਇਆ ਹੈ ਕਿ ਦ੍ਰਵ ਇਕ ਹੈ ਪਰੰਤੂ ਉਹ ਉਸੇ ਸੋਚ ਨੂੰ ਨਜ਼ਰ-ਅੰਦਾਜ਼ ਕਰਦਾ ਹੈ ਸੋਚ ਦੀ ਆਜ਼ਾਦੀ ਦਾ ਪ੍ਰਯੋਗ ਕਰਕੇ ਸਪਿਨੋਜ਼ਾ ਨਿਰਧਾਰਿਤਵਾਦ ਦਾ ਸਿਧਾਂਤ ਪੇਸ਼ ਕਰਦਾ ਹੈ ਜੋ ਉਸਦੀ ਵਿਚਾਰਧਾਰਾ ਨੂੰ ਕਮਜ਼ੋਰ ਬਣਾਉਂਦਾ ਹੈ।

**5. ਪੂਰਨ ਅਵਿਕਸਤ ਹੁੰਦਾ ਹੈ :**

ਸਪਿਨੋਜ਼ਾ ਅਨੁਸਾਰ ਦ੍ਰਵ ਆਪਣੇ ਆਪ ਵਿੱਚ ਪੂਰਨ ਹੈ ਅਤੇ ਹਰ ਵਸਤੂ ਉਸਦਾ ਹੀ ਰੂਪ ਹੈ, ਸੋ ਹਰ ਵਸਤੂ ਵੀ ਪੂਰਨ ਹੋਵੇਗੀ। ਜੇਕਰ ਹਰ ਵਸਤੂ ਜਾਂ ਦ੍ਰਵ ਪੂਰਨ ਹੈ ਤਾਂ ਉਸ ਅੰਦਰ ਵਿਕਾਸ ਦੀ ਕੋਈ ਸੰਭਾਵਨਾ ਨਹੀਂ ਹੁੰਦੀ ਕਿਉਂਕਿ ਵਿਕਾਸ ਪੂਰਨਤਾ ਲਈ ਜਾਂ ਅਪੂਰਨ ਵਿੱਚ ਹੁੰਦਾ ਹੈ। ਇੰਜ ਜਾਂ ਤਾਂ ਵਿਕਾਸ ਦੀ ਪ੍ਰਕਿਰਿਆ ਨੂੰ ਝੁਠਲਾਉਣਾ ਹੋਵੇਗਾ ਜਾਂ ਦ੍ਰਵ ਨੂੰ ਅਪੂਰਨ ਮੰਨਣਾ ਹੋਵੇਗਾ।

**6. ਨਾਸਤਿਕਵਾਦ :**

ਸਪਿਨੋਜ਼ਾ ਦਾ ਸਿਧਾਂਤ ਉਂਜ ਤਾਂ ਆਸਤਿਕਵਾਦੀ ਹੈ ਕਿਉਂਕਿ ਉਹ ਇਕ ਤੱਤ ਵਿੱਚ ਵਿਸ਼ਵਾਸ ਕਰਦਾ ਹੈ ਅਤੇ ਸੰਸਾਰ ਨੂੰ ਉਸਦਾ ਰੂਪ ਮੰਨਦਾ ਹੈ। ਪਰੰਤੂ ਦੂਜੇ ਪਾਸੇ ਉਸਨੂੰ ਇਕ ਪੁਰਸ਼ ਵਾਂਗ ਨਾ ਮੰਨ ਕੇ ਇਕ ਹੋ ਵੱਡੀ ਗਲਤੀ ਕਰਦਾ ਹੈ। ਸਪਿਨੋਜ਼ਾ ਦ੍ਰਵ ਨੂੰ ਇਕ ਅਪੁਰਸ਼ ਮੰਨਕੇ ਆਲੋਚਨਾ ਦਾ ਪਾਤਰ ਬਣਦਾ ਹੈ।

**1.4.7 ਸਿੱਟਾ :**

ਬੇਸ਼ਕ ਸਪਿਨੋਜ਼ਾ ਦੇ ਸਿਧਾਂਤ ਵਿੱਚ ਕਮੀਆਂ ਪਾਈਆਂ ਜਾਂਦੀਆਂ ਹਨ ਪਰ ਫਿਰ ਵੀ ਤੱਤ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਇਹ ਇਕ ਮਹੱਤਵਪੂਰਨ ਸਿਧਾਂਤ ਹੈ ਕਿਉਂਕਿ ਦ੍ਰਵ ਦੇ ਸਰੂਪ ਪ੍ਰਤੀ ਜੋ ਉਹ ਨਿਰਪੱਖ ਸਿਧਾਂਤ ਪੇਸ਼ ਕਰਦਾ ਹੈ,

ਉਹ ਆਦਰਸ਼ਵਾਦ ਅਤੇ ਪਦਾਰਥਵਾਦ ਵਿੱਚ ਸੁਧਾਰ ਪੇਸ਼ ਕਰਦਾ ਹੈ। ਦੂਜਾ, ਸਪਿਨੋਜ਼ਾ ਇਸ ਸਿਧਾਂਤ ਰਾਹੀਂ ਦ੍ਰਵ ਦੀ ਇਕ ਸਪੱਸ਼ਟ ਪਰਿਭਾਸ਼ਾ ਵੀ ਪੇਸ਼ ਕਰਦਾ ਹੈ। ਜਿਸ ਨਾਲ ਹੋਰਨਾਂ ਸਿਧਾਂਤਾਂ ਨੂੰ ਰਾਹ ਮਿਲਦਾ ਹੈ। ਸਪਿਨੋਜ਼ਾ ਦ੍ਰਵ ਦੀ ਸਮੱਸਿਆ ਲਈ ਆਧਾਰ ਬਣਾਉਂਦਾ ਹੈ। ਬੇਸ਼ਕ ਏਥੇ ਸਪਿਨੋਜ਼ਾ ਆਸਤਿਕ ਦੇ ਨਾਲ ਨਾਲ ਨਾਸਤਿਕ ਵੀ ਸਿੱਧ ਹੁੰਦਾ ਹੈ ਪਰ ਇਸ ਸੰਬੰਧੀ ਵਿਆਖਿਆ ਧਰਮ ਦੇ ਈਸ਼ਵਰ ਦੀ ਵਿਆਖਿਆ ਦਾ ਤਾਰਕਿਕ ਅਤੇ ਬੋਧਿਕ ਰੂਪ ਹੈ। ਇੰਜ ਸਪਿਨੋਜ਼ਾ ਦਾ ਇਹ ਇਕ-ਤੱਤਵਾਦ ਤੱਤ-ਵਿਗਿਆਨ ਵਿੱਚ ਇਕ ਮਹੱਤਵਪੂਰਨ ਸਥਾਨ ਰੱਖਦਾ ਹੈ।

## 1.4.8 ਪ੍ਰਸ਼ਨ :

1. ਇਕ-ਤੱਤਵਾਦ
2. ਅਧਿਆਤਮਕ ਇਕ-ਤੱਤਵਾਦ
3. ਨਿਰਪੱਖ ਇਕ-ਤੱਤਵਾਦ
4. ਦ੍ਰਵ ਦੇ ਗੁਣ
5. ਦ੍ਰਵ ਦੇ ਆਕਾਰ
6. ਸਰਵ-ਈਸ਼ਵਰਵਾਦ
7. ਕੁਦਰਤਵਾਦ
8. ਹੀਗਲ ਦਾ ਇਕ-ਤੱਤਵਾਦ

## ਵੱਡੇ ਪ੍ਰਸ਼ਨ :

1. ਇਕ-ਤੱਤਵਾਦ ਦੀ ਪਰਿਭਾਸ਼ਾ ਦਿਓ। ਇਸ ਸਬੰਧ ਵਿੱਚ ਸਪਿਨੋਜ਼ਾ ਦੇ ਵਿਚਾਰਾਂ ਦਾ ਜ਼ਿਕਰ ਕਰੋ।
2. ਸਪਿਨੋਜ਼ਾ ਦੇ ਇਕ-ਤੱਤਵਾਦ ਸਿਧਾਂਤ ਦੀ ਵਿਸਥਾਰਪੂਰਵਕ ਚਰਚਾ ਕਰੋ।
3. ਹੀਗਲ ਦੇ ਇਕ-ਤੱਤਵਾਦ ਸਿਧਾਂਤ ਦੀ ਆਲੋਚਨਾਤਮਕ ਚਰਚਾ ਕਰੋ।

## 1.4.9 ਫਿਲਾਸਫੀ ਐਂਡ ਇੰਟਰੋਡਕਸ਼ਨ ਏ.ਜੇ. ਫਾਰਮ


1. ਫੰਡਾਮੈਂਟਲ ਕੁਅਸ਼ਚਨਜ ਇਨ ਫਿਲਾਸਫੀ। ਸਟਵਿਨ ਕੋਹਨ ਪੱਛਮੀ ਦਰਸ਼ਨ ਦਾ ਇਤਿਹਾਸ ਬੀ.ਐਮ.ਰਾਏ ਭੱਲਾ ਆਰ ਡੀ. ਨਿਰਾਕਾਰੀ,
2. ਏ ਕ੍ਰਿਟਕਿਲ ਹਿਸਟਰੀ ਆਫ ਵੈਸਟਰਨ ਫਿਲਾਸਫੀ ਵਾਈ ਸਮਾਹ
3. ਤੱਤ ਮੀਸਾਸਾਂ ਅਤੇ ਗਿਆਨ ਮੀਸਾਸਾਂ - ਪ੍ਰੋ. ਜੀ.ਐਸ. ਸੰਧੂ।

ਪਾਠ ਨੰ. 1.5 ਲੇਖਕ : ਡਾ. ਕੁਲਜੀਤ ਮਾਨ

# ਦਵੈਤਵਾਦ (Dualism)

**ਬਣਤਰ**

1.5.1 ਜਾਣ-ਪਹਿਚਾਣ
1.5.2 ਡੇਕਾਰਟੇ ਦਾ ਦਵੈਤਵਾਦ
1.5.3 ਈਸ਼ਵਰ ਦੀ ਸੱਤਾ
1.5.4 ਮਨ ਅਤੇ ਪਦਾਰਥਵਾਦ
1.5.5 ਮਨ-ਸਰੀਰ ਸੰਬੰਧ
1.5.6 ਸਿੱਟਾ
1.5.7 ਆਪਣੇ ਗਿਆਨ ਦੀ ਪਰਖ ਕਰੋ

## 1.5.1 ਜਾਣ-ਪਹਿਚਾਣ

ਫ਼ਿਲਾਸਫ਼ੀ ਦੀ ਸ਼ਾਖਾ ਹੋਂਦ ਵਿਗਿਆਨ ਦ੍ਰਵ ਦੀ ਸਮੱਸਿਆ ਬਾਰੇ ਅਧਿਐਨ ਕਰਦੀ ਹੈ। ਦ੍ਰਵ ਤੋਂ ਭਾਵ ਸੰਸਾਰ ਦਾ ਮੂਲ ਤੱਤ ਕੀ ਹੈ। ਦ੍ਰਵ ਉਹ ਹੈ ਜੋ ਹੋਰ ਵਸਤੂਆਂ ਨੂੰ ਪੈਦਾ ਕਰਦਾ ਹੈ ਪ੍ਰੰਤੂ ਆਪ ਕਿਸੇ ਤੋਂ ਪੈਦਾ ਨਹੀਂ ਹੁੰਦਾ। ਦ੍ਰਵ ਦੀ ਇਸ ਸਮੱਸਿਆ ਬਾਰੇ ਕਹਿੰਦੇ ਹਨ ਕਿ ਇਹ ਇਕ-ਤੱਤ ਤੋਂ ਬਣਿਆ ਹੈ, ਕਈ ਅਨੇਕਾਂ ਤੱਤ ਤੋਂ ਬਣਿਆ ਮੰਨਦੇ ਜਿਸਨੂੰ ਅਨੇਕਤੱਤਵਾਦ ਕਹਿੰਦੇ ਹਨ। ਇਥੇ ਅਸੀਂ ਦ੍ਰਵ ਦੋ ਤੱਤ ਤੋਂ ਬਣਿਆ ਹੋਇਆ ਹੈ ਭਾਵ ਕਿ ਦਵੈਤਵਾਦ ਦੀ ਚਰਚਾ ਕਰਨੀ ਹੈ।

ਦਵੈਤਵਾਦ ਇਕ ਅਜਿਹਾ ਸਿਧਾਂਤ ਹੈ ਜੋ ਸੰਸਾਰ ਅਤੇ ਉਸਦੀਆਂ ਵਸਤੂਆਂ ਨੂੰ ਦੋ ਦ੍ਰਵਾਂ ਤੋਂ ਪੈਦਾ ਹੋਇਆ ਮੰਨਦਾ ਹੈ। ਸੋ ਜਦੋਂ ਅਸੀਂ ਸਾਰੀਆਂ ਵਸਤੂਆਂ ਅਤੇ ਘਟਨਾਵਾਂ ਦੀ ਵਿਆਖਿਆ ਕੇਵਲ ਦੋ ਦ੍ਰਵਾਂ ਦੇ ਆਧਾਰ ਤੇ ਕਰਦੇ ਹਾਂ ਤਾਂ ਉਸ ਨੂੰ ਦਵੈਤਵਾਦ ਕਹਿੰਦੇ ਹਨ। ਇਸ ਸਿਧਾਂਤ ਦਾ ਇਹ ਵੀ ਕਹਿਣਾ ਹੈ ਕਿ ਦੋ ਦ੍ਰਵ ਇਕੋ ਜਿਹੇ ਹੋਣੇ ਚਾਹੀਦੇ ਹਨ ਅਤੇ ਉਹ ਸਤੰਤਰ ਵੀ ਹੋਣੇ ਚਾਹੀਦੇ ਹਨ। ਦਵੈਤਵਾਦ ਮੰਨਦਾ ਹੈ ਕਿ ਅੰਤਮ ਸੱਚਾਈ ਜਾਂ ਦ੍ਰਵ ਇਕ ਨਹੀਂ ਬਲਕਿ ਦੋ ਹਨ। ਦਵੈਤਵਾਦ ਸਿਧਾਂਤ ਦੀ ਵਿਆਖਿਆ ਆਧੁਨਿਕ ਫ਼ਿਲਾਸਫ਼ੀ ਦੇ ਪਿਤਾਮਾ ਡੇਕਾਰਟੇ ਨੇ ਕੀਤੀ ਹੈ, ਡੇਕਾਰਟੇ ਮਨ ਅਤੇ ਪਦਾਰਥ ਨੂੰ ਅਜ਼ਾਦ ਦ੍ਰਵ ਮੰਨਦਾ ਹੈ। ਪਲੈਟੋ ਦੀ ਫ਼ਿਲਾਸਫ਼ੀ ਵਿੱਚ ਵੀ ਦਵੈਤਵਾਦ ਦੀ ਝਲਕ ਮਿਲਦੀ ਹੈ। ਪਲੈਟੋ ਦੇ ਸਿਧਾਂਤ ਨੂੰ ਸੁਧਾਰਦਾ ਹੋਇਆ ਅਰਸਤੂ ਵੀ ਦਵੈਤਵਾਦੀ ਬਣ ਜਾਂਦਾ ਹੈ। ਭਾਰਤੀ ਫਲਸਫ਼ੇ ਵਿੱਚ ਸਾਂਖ ਦਾ ਪੁਰਸ਼ ਅਤੇ ਪ੍ਰਾਕ੍ਰਿਤੀ ਦਾ ਸੰਕਲਪ ਦਵੈਤਵਾਦ ਦੀ ਖੂਬਸੂਰਤ ਉਦਾਹਰਣ ਹੈ।

## 1.5.2 ਡੇਕਾਰਟੇ ਦਾ ਦਵੈਤਵਾਦ

ਰੇਨੇ ਡੇਕਾਰਟ ਦਾ ਸਮਾਂ 1596 ਤੋਂ ਲੈ ਕੇ 1650 A.D. ਤੱਕ ਦਾ ਸੀ। ਉਹ ਫਰਾਂਸ ਦਾ ਰਹਿਣ ਵਾਲਾ ਸੀ ਅਤੇ

ਮੁੱਖ ਰੂਪ ਵਿੱਚ ਬੁੱਧੀਵਾਦੀ ਫ਼ਿਲਾਸਫ਼ਰ ਸੀ। ਉਸ ਨੇ ਦੁਨੀਆਂ ਵਿੱਚ ਚਲ ਰਹੀ ਧਾਰਮਿਕ ਲਹਿਰ ਨੂੰ ਨਕਾਰਦਿਆਂ ਹੋਇਆਂ ਫ਼ਲਸਫ਼ੇ ਦੇ ਦ੍ਰਿਸ਼ਟੀਕੋਣ ਨੂੰ ਮੁੜ ਪੈਦਾ ਕੀਤਾ।

ਡੇਕਾਰਟੇ ਨੇ ਆਪਣੇ ਤੱਤ-ਵਿਗਿਆਨ ਨੂੰ ਉਸਾਰਨ ਤੋਂ ਪਹਿਲਾਂ ਇਕ ਗਿਆਨ-ਮੀਮਾਂਸਾ ਦਾ ਨਿਰਮਾਣ ਕੀਤਾ ਕਿ ਗਿਆਨ ਦਾ ਇਕੋ ਇੱਕ ਸਾਧਨ ਕੇਵਲ ਬੁੱਧੀ ਹੀ ਹੈ। ਡੇਕਾਰਟ ਦਾ ਤੱਤ-ਵਿਗਿਆਨ ਤੋਂ ਸ਼ੁਰੂ ਹੁੰਦਾ ਹੈ। ਉਸਦਾ ਤੱਤ ਵਿਗਿਆਨ ਆਤਮਾ ਤੋਂ ਲੈ ਕੇ ਸੰਸਾਰ ਦੇ ਸਿਧਾਂਤ ਨਾਲ ਬਣਦਾ ਹੈ। ਇਸ ਪ੍ਰਕ੍ਰਿਆ ਵਿੱਚ ਆਤਮਾ, ਪ੍ਰਮਾਤਮਾ ਅਤੇ ਸੰਸਾਰ ਤਿੰਨ ਤੱਤ ਸ਼ਾਮਲ ਹਨ।

**ਆਤਮਕਾ ਦੀ ਸੱਤਾ ਦਾ ਸਬੂਤ :** ਡੇਕਾਰਟੇ ਆਤਮਾ ਦੀ ਹੋਂਦ ਦਾ ਸਬੂਤ ਆਪਣੇ ਗਿਆਨ-ਵਿਗਿਆਨਕ ਸਿਧਾਂਤ ਰਾਹੀਂ ਦਿੰਦਾ ਹੈ। ਉਸ ਅਨੁਸਾਰ ਗਿਆਨ ਹਮੇਸ਼ਾ ਹੀ ਆਤਮਾ ਸਿੱਧ ਹੁੰਦਾ ਹੈ। ਡੇਕਾਰਟੇ ਨੂੰ ਆਪਣੀ ਖੋਜ ਦੌਰਾਨ ਹਰ ਗਿਆਨ ਵਿੱਚ ਸ਼ੱਕ ਹੀ ਨਜ਼ਰ ਆਇਆ। ਕਾਫੀ ਅਨੁਭਵ ਤੋਂ ਬਾਅਦ ਉਸ ਨੇ ਸੋਚਿਆ ਕਿ ਹਰ ਗਿਆਨ ਸ਼ੱਕ ਭਰਪੂਰ ਹੈ, ਕੁਝ ਵੀ ਸ਼ੱਕ ਤੋਂ ਬਿਨਾਂ ਨਹੀਂ ਹੈ ਪ੍ਰੰਤੂ 'ਮੈਂ ਸੰਦੇਹ ਕਰ ਰਿਹਾ ਹਾਂ ਇਸ ਕਥਨ ਤੇ ਕੋਈ ਸੰਦੇਹ ਨਹੀਂ ਹੈ ਕਿਉਂਕਿ ਕੋਈ ਵੀ ਵਿਅਕਤੀ ਆਪਣੀ ਆਤਮਾ ਤੋਂ ਇਨਕਾਰ ਨਹੀਂ ਕਰਦਾ। ਸੋ ਮੈਂ ਸੰਦੇਹ ਕਰ ਰਿਹਾ ਹਾਂ ਇਹ ਵਿਅਤਕੀ ਦੀ ਆਤਮਾ ਦਾ ਸਬੂਤ ਹੈ।

ਸੋ ਆਤਮਾ ਜੋ ਸਰੀਰ ਤੋਂ ਇਲਾਵਾ ਕੁਝ ਹੋਰ ਹੈ, ਆਪਣੀ ਸੱਤਾ ਰੱਖਦੀ ਹੈ। ਡੇਕਾਰਟ ਅੱਗੇ ਚੱਲ ਕੇ ਕਹਿੰਦਾ ਹੈ ਕਿ ਸੰਦੇਹ ਕਰਨ ਤੋਂ ਭਾਵ ਸੋਚਣਾ ਹੈ। ਸੋ ਇਸ ਤਰ੍ਹਾਂ ਮੇਰੀ ਆਤਮਾ ਦਾ ਹੋਣਾ ਮੇਰੇ ਉਸ ਬਾਰੇ ਸੋਚਣਾ ਹੈ। ਸੋ ਮੇਰੇ ਸੋਚਣ ਨਾਲ ਹੀ ਮੇਰੀ ਆਤਮਾ ਦੀ ਸੱਤਾ ਸਾਬਤ ਹੁੰਦੀ ਹੈ। ਸੋ ਉਸ ਦਾ ਪ੍ਰਸਿੱਧ ਸੂਤਰ ''ਮੈਂ ਸੋਚਦਾ ਹਾਂ ਇਸ ਲਈ ਮੈਂ ਹਾਂ''। ਇਸ ਦਾ ਅਰਥ ਸੋਚਣਾ ਹੀ ਹੋਣਾ ਹੈ।

ਡੇਕਾਰਟ ਦਾ ਇਹ ਸਿਧਾਂਤ ਹੈ ਕਿ ਜਦੋਂ ਤੱਕ ਸੱਤਾ ਦੇ ਵਿਗਿਆਨ ਵਾਸਤੇ ਕੋਈ ਪੂਰਨ ਤੇ ਯੋਗ ਆਰੰਭਿਕ ਸੰਕੇਤ ਨਹੀਂ ਮਿਲਦਾ ਤੱਦ ਤੱਕ ਉਹ ਸਾਨੂੰ ਹਰੇਕ ਵਿਸ਼ੇ ਜਾਂ ਮਾਮਲੇ ਉੱਤੇ ਸ਼ੰਕਾ ਕਰਨ ਦਾ ਸੁਝਾਉ ਦਿੰਦਾ ਹੈ। ਉਸਦੀ ਸੱਚਾਈ ਦੀ ਸ਼ੰਕਾ ਵਿਚ ਆਤਮ-ਵਿਰੋਧ ਹੋਵੇ। ਤਰਕਵਾਦ ਸਵੈ-ਪ੍ਰਮਾਣ ਦੀ ਪਰੀਖਿਆ ਵਿਚ ਅਸਫ਼ਲ ਹੋ ਜਾਦਾ ਹੈ ਤਾਂ ਉਸਨੂੰ ਛੱਡ ਦੇਣਾ ਚਾਹੀਦਾ ਹੈ।ਇਸ ਵਿਧੀ ਨੂੰ ਡੇਕਾਰਟ ਦੀ ਸ਼ੰਕਾ ਦੀ ਵਿਧੀ (Cartesian doubt) ਕਿਹਾ ਜਾਂਦਾ ਹੈ, ਜਿਸਦਾ ਸਪਸ਼ੱਟ ਉਦੇਸ਼ ਸੱਚਾਈ ਦੀ ਪ੍ਰਾਪਤੀ ਕਰਨਾ ਹੈः ਪਰ ਇਸ ਵਿਧੀ ਨੂੰ (scepticism) ਸੰਦੇਹਵਾਦ ਨਹੀਂ ਕਿਹਾ ਜਾ ਸਕਦਾ। ਗਿਆਨ ਦੀ ਪੁਨਰ-ਸਥਾਪਨਾ ਵਾਸਤੇ ਇਹ ਸ਼ੰਕਾ ਪਹਿਲਾ ਆਵੱਸ਼ਕ ਕਦਮ ਹੈ, ਅਸੀਂ ਸ਼ੰਕਾ ਰਹਿਤ ਤੱਤਾਂ ਦੇ ਸਰੂਪ ਨੂੰ ਸਮਝ ਸਕਦੇ ਹਾਂ ਤੇ ਸ਼ੰਕਾ ਦੇ ਕ੍ਰਮ ਤੋਂ ਬਾਹਰ ਰਹਿਣ ਵਾਲੇ ਤੱਤਾਂ ਦੀ ਹਕੀਕਤ ਨੂੰ ਸਮਝ ਸਕਦਾ ਹੈ। ਵਰਤਮਾਨ ਸਿਖਿਅਕ ਉਸ ਅਜੇਹੇ ਹਰੇਕ ਕਥਨ ਦਾ ਖੰਡਨ ਕਰੇਗਾ ਜਿਸ ਵਿਚ ਜ਼ਰਾ ਵੀ ਸ਼ੰਕਾ ਦੀ ਗੁੰਜਾਇਸ਼ ਹੋਵੇਗੀ। ਇੰਦਰੀਆਂ ਦੇ ਪ੍ਰਭਾਵਾਂ ਅਤੇ ਬੁੱਧੀ ਦੇ ਨਿਸ਼ਕਰਸ਼ਾਂ ਦਾ ਖੰਡਨ ਕਰਦਾ ਹੈ। ਇੰਦਰੀਆਂ ਤੇ ਆਪਣੇ ਸਰਲ ਵਿਚਾਰਾਂ ਦੀ ਯੋਗਤਾ ਤੇ ਪ੍ਰਮਾਣਿਕ ਢੰਗ ਨਾਲ ਸ਼ੰਕਾ ਕਰਨ ਦਾ ਯਤਨ ਕੀਤਾ ਹੈ, ਜਿਵੇਂ ਕਿ ਉਸ ਦੀ ਦਾਰਸ਼ਨਿਕ ਵਿਧੀ ਵਿਚ ਵੇਖਿਆ ਗਿਆ ਹੈ। ਪਰ ਡੇਕਾਰਟ ਦਾ ਕਹਿਣਾ ਹੈ। ਕਿ ਇਹ ਸ਼ੰਕਾ ਸਾਰੇ ਵਿਸ਼ਿਆਂ ਤੇ ਲਾਗੂ ਨਹੀਂ ਹੋ ਸਕਦੀ ਕਿਉਂਕਿ ਇਕ ਚੀਜ਼ ਇਸ ਸ਼ੰਕਾ ਦੇ ਖੇਤਰ ਤੋਂ ਬਾਹਰ ਰਹਿ ਸਕਦੀ ਹੈ ਤੇ ਉਹ ਇਸ ਦੀ ਸਾਮਾਨਯ ਤਬਾਹੀ ਤੋਂ ਬੱਚ ਜਾਂਦੀ ਹੈ।ਇਸ ਸੰਬੰਧ ਵਿਚ ਇੱਕ ਅਜੇਹਾ ਤੱਤ ਹੈ ਜਿਸ ਨਾਲ ਕੋਈ ਵੀ ਧੋਖੇਬਾਜ਼ ਧੋਖਾ ਨਹੀਂ ਕਰ ਸਕਦਾ, ਭਾਵੇਂ ਉਹ ਕਿੰਨਾ ਵੀ ਸ਼ਕਤੀਸ਼ਾਲੀ ਅਤੇ ਦੁਰਾਚਾਰ ਹੋਵੇः ਅਤੇ ਇਹ ਤੱਤ ਉਸਦੀ ਆਪਣੀ ਸੱਤਾ ਹੈ। ਇਹ ਸੱਤਾ ਸਰੀਰ-ਰਹਿਤ ਚੇਤਨਾ ਹੋ ਸਕਦੀ ਹੈ। ਜੋ ਖੁਲ੍ਹਾਂ ਵਿਚ ਗਤੀ ਕਰਦੀ ਹੈ, ਜੋ ਆਪਣੇ ਵਾਤਾਵਰਣ ਦੀ ਕਲਪਨਾ ਕਰਦੀ ਹੈ ਤੇ ਉਸ ਨੂੰ ਗਲਤ ਸਮਝਦੀ ਹੈ। ਪਰੰਤੂ ਅਜਿਹੀ ਗਲਤੀ ਜਿਸ ਅਨੁਸਾਰ ਇਹ ਸੋਚਿਆ ਜਾਵੇ ਕਿ ਉਸ ਦੀ ਸੱਤਾ ਹੈ ਜਦੋਂ ਕਿ ਹਕੀਕਤ ਵਿਚ ਇਹ ਸੱਤਾ ਨਹੀਂ ਹੈ,ਕਦੇ ਵੀ ਹੋਣ ਦੀ ਸੰਭਾਵਨਾ ਨਹੀਂ ਹੈ। ''ਇਹ ਕਥਨ ਆਵੱਸ਼ਕ ਤੌਰ ਤੇ ਸਭ ਕਾਲ ਵਿੱਚ ਸੱਚ ਹੈ ਕਿ ਮੈ ਹਾਂ ਅਤੇ ਮੇਰੀ ਹੋਂਦ ਹੈ, ਜਦੋਂ ਵੀ

ਮੈਂ ਆਪਣੇ ਮਨ ਵਿੱਚ ਇਸਦੀ ਘੋਸ਼ਣਾ ਕਰਾਂ ਜਾਂ ਇਸ ਤੇ ਵਿਚਾਰ ਕਰਾਂ। ''ਡੇਕਾਰਟ ਦੇ 'ਡਿਸਕੋਨ ਆਨ ਮੈਥੱਡ' ਵਿੱਚ ਇਕ ਬਹੁਤ ਪ੍ਰਸਿੱਧ ਉਕਤੀ ਦੀ ਵਰਤੋਂ ਕੀਤੀ ਗਈ ਹੈ, ਜੋ 'ਕਾਗੀਟੋ ਐਗਰੋ ਸਮ' 'ਹੈ, ਅਤੇ ਪਰੰਪਰਾ ਦੇ ਅਨੁਸਾਰ ਇਸ ਦਾ ਅਰਥ ਕੀਤਾ ਜਾਂਦਾ ਹੈ, ''ਮੈਂ ਸੋਚਦਾ ਹਾਂ, ਇਸ ਲਈ ਮੈਂ ਹਾਂ', ਪਰ ਇਸ ਦਾ ਜ਼ਿਆਦਾ ਸੱਪਸ਼ਟ ਤੇ ਉੱਚਿਤ ਅਰਥ ਇਹ ਹੈ, ''ਮੈਂ ਸੋਚ ਰਿਹਾ ਹਾਂ, ਇਸ ਕਰਕੇ ਮੇਰੀ ਹੋਂਦ ਹੈ। ਇਸ ਤਰ੍ਹਾਂ ਸੰਦੇਹਵਾਦ ਆਪਣੇ ਆਪ ਵਿੱਚ ਸੰਪੂਰਨ ਨਹੀਂ ਹੋ ਸਕਦਾ ਕਿਉਂਕਿ ਇੱਕ ਅਜੇਹਾ ਕਥਨ ਹੈ ਜੋ ਪੂਰੀ ਤਰ੍ਹਾਂ ਨਿਸ਼ਚਿਤ ਜਾਂ ਅਸੰਦਿਗਧ ਹੈ ਅਤੇ ਇਸ ਵਿਚ ਸ਼ੰਕਾ ਦਾ ਕੋਈ ਅੰਦੇਸ਼ਾ ਨਹੀਂ ਹੈ। ਸਭ ਤੋਂ ਪਹਿਲੇ ਸਾਨੂੰ ਇਹ ਨੋਟ ਕਰਨਾ ਚਾਹੀਦਾ ਹੈ ਕਿ ਨਿਸ਼ਚਿਤਤਾ ਉੱਤਮ ਪੁਰਸ਼ ਦੇ ਵਾਕ ਵਿੱਚ ਪ੍ਰਤੀਬੰਧਿਤ ਹੈ ਅਤੇ ਇਹ ਵਾਕ ਹੈ, ''ਮੈਂ ਸੋਚ ਰਿਹਾ ਹਾਂ, ਇਸ ਲਈ ਮੇਰੀ ਹੋਂਦ ਹੈ।''ਇਹ ਕਥਨ ਨਿਸ਼ਚਿਤ ਹੈ, ਜਦੋਂ ਮੈਂ ਇਸ ਨੂੰ ਬੋਲਦਾ ਹਾਂ ਜਾਂ ਇਸ ਬਾਰੇ ਸੋਚਦਾ ਹਾਂ, ਪਰ ''ਤੂੰ ਸੋਚ ਰਿਹਾ ਹੈ।'' ਇਸ ਲਈ ਮੇਰੀ ਹੋਂਦ ਹੈ।''ਇਸ ਵਾਕ ਵਿਚ ਨਿਸ਼ਚਿਤਤਾ ਨਹੀਂ ਹੈ, ਕਿਉਂਕਿ ਮੈਂ ਨਹੀਂ ਜਾਣਦਾ ਕਿ ਤੂੰ ਸੋਚ ਰਿਹਾ ਹੈ, ਡੇਕਾਰਟ ਪਹਿਲੇ ਤੇ ਦੂਜੇ 'ਮੈਡੀਟੇਸਨਜ਼' ਵਿਚ ਸੰਦੇਹਵਾਦ ਦੇ ਗੱਢੇ ਵਿੱਚ ਡਿੱਗਣ ਉਪਰੰਤ ਤੀਜੇ ਤੇ ਚੋਥੇ 'ਮੈਡੀਟੇਸ਼ਨਜ਼ ਵਿੱਚ ਉਸ ਤੋਂ ਬਾਹਰ ਵੱਲ ਉਪੱਰ ਚੜ੍ਹਦਾ ਹੈ, ਕਿਉਂਕਿ ਆਰੋਹਕ ਦੀ ਤਰ੍ਹਾਂ ਉਹ ਜਾਣਦਾ ਹੈ ਕਿ ਉਸਨੂੰ ਇਕ ਅਜਿਹੀ ਕੁੰਡੀ ਦੀ ਲੋੜ ਹੈ ਜੋ ਪੁਲਾੜ ਨਾਲ ਜੁੜੀ ਹੋਵੇ।ਡੇਕਾਰਟ ਤੀਜੇ 'ਮੈਡੀਟੇ ਸ਼ਨਜ਼'' ਵਿਚ ਅਜਿਹਾ ਪ੍ਰਬੰਧ ਕਰ ਲੈਂਦਾ ਹੈ। ਇੱਥੇ ਉਹ ਸਿਧ ਕਰਦਾ ਹੈ ਕਿ ਡੇਕਾਰਟ ਤੋਂ ਇਲਾਵਾ ਸੰਸਾਰ ਵਿਚ ਘੱਟੋਂ ਘੱਟ ਇਕ ਹੋਂਦ (Being) ਜ਼ਰੂਰੀ ਹੋਣੀ ਚਾਹੀਦੀ ਹੈ ਅਤੇ ਉਹ ਈਸ਼ਵਰ (God) ਹੈ। ਆਪਣੀ ਵਿਚਾਰਸ਼ੀਲ ਆਤਮਾ ਦੀ ਸੱਤਾ ਦੀ ਨਿਸ਼ਚਿਤਤਾ ਦੀ ਪ੍ਰਸਥਾਪਨਾ ਕਰਕੇ ਡੇਕਾਰਨ ਅਜੇਹੇ ਗਿਆਨ ਦੇ ਭਵਨ ਦੇ ਪੁਨਰ-ਨਿਰਮਾਣ ਲਈ ਅੱਗੇ ਵੱਧਦਾ ਹੈ ਜਿਸਨੂੰ ਉਸ ਦੀ ਸੰਦੇਹਵਾਦੀ ਸ਼ੰਕਾ ਨੇ ਪਹਿਲੇ ਢਾਹ ਦਿੱਤਾ ਸੀ। ਉਹ ਆਪਣੇ ਹੀ ਨਿਯਮਾਂ ਦਾ ਅਨੁਕਰਣ ਕਰਨ ਦਾ ਸੁਝਾਉ ਦਿੰਦਾ ਹੈ: ਅਰਥਾਤ, ਉਹ ਆਪਣੇ ਵਿਚਾਰਾਂ ਨੂੰ ਇੱਕ ਕ੍ਰਮ ਵਿਚ ਰੱਖਣਾ ਚਾਹੁੰਦਾ ਹੈ ਅਤੇ ਸਰਲ ਕਦਮਾਂ ਦੀ ਲੜੀ ਵੱਲ ਅੱਗੇ ਵੱਧਦਾ ਹੈ: ਉਹ ਇਹ ਵੀ ਚਾਹੁੰਦਾ ਹੈ ਕਿ ਇਨ੍ਹਾਂ ਵਿਚੋਂ ਹਰੇਕ ਕਦਮ ਸਪੱਸ਼ਟ ਰੂਪ ਵਿੱਚ ਅਤੇ ਵੱਖਰੇ ਰੂਪ ਵਿਚ ਸੱਚ ਦਿਖਾਈ ਦੇਣਾ ਚਾਹੀਦਾ ਹੈ। ਇਹ ਮਾਰਗ ਆਤਮਾ ਤੋਂ ਈਸ਼ਵਰ ਵੱਲ ਜਾਂਦਾ ਹੈ ਅਤੇ ਈਸ਼ਵਰ ਤੋਂ ਭੌਤਿਕ ਸੰਸਾਰ ਵੱਲ ਆਉਂਦਾ ਹੈ। ਹੁਣ ਅਸੀਂ ਇਹ ਵੇਖਦੇ ਹਾਂ ਕਿ ਡੇਕਾਰਟ ਈਸ਼ਵਰ ਦੀ ਸੱਤਾ ਨੂੰ ਕਿਵੇਂ ਸਿੱਧ ਜਾ ਪ੍ਰਮਾਣਿਤ ਕਰਦਾ ਹੈ ਅਤੇ ਇਸ ਤਰ੍ਹਾਂ ਉਹ ਆਪਣੇ ਮਹਤਵਪੂਰਣ ਵਿਸ਼ਵਾਸ ਨੂੰ ਸ਼ੰਕਾ ਦੇ ਪੰਜਿਆਂ ਵਿਚੋਂ ਕਿਵੇਂ ਛੁਡਾਉਂਦਾ ਹੈ ਜਿਨ੍ਹਾਂ ਵਿਚ ਉਸਨੇ ਪਹਿਲੇ ਇਸ ਨੂੰ ਆਰਜ਼ੀ ਤੌਰ ਤੇ ਫ਼ਸਾ ਦਿੱਤਾ ਸੀ। ਡੇਕਾਰਟ ਦੁਆਰਾ ਦਿੱਤੇ ਗਏ ਈਸ਼ਵਰ ਦੀ ਸੱਤਾ ਦੇ ਸਬੂਤ ਕੁਝ ਉਲਝੇ ਹੋਏ ਹਨ। ਫਿਰ ਵੀ ਉਨ੍ਹਾਂ ਦੇ ਕੁਝ ਮੁੱਖ ਅੰਸ਼ ਇੱਥੇ ਦਿੱਤੇ ਜਾਂਦੇ ਹਨ: (1) ਸਾਡੀਆਂ ਧਾਰਣਾਵਾਂ ਸਮੇਤ ਹਰੇਕ ਪਦਾਰਥ ਦਾ ਕੋਈ ਕਾਰਨ ਹੁੰਦਾ ਹੈ।(2) ਸਾਡੇ ਕੋਲ ਈਸ਼ਵਰ ਦੀ ਧਾਰਣਾ ਹੈ। (3) ਈਸ਼ਵਰ ਤੋਂ ਘੱਟ ਹੋਰ ਕੁਝ ਵੀ ਸਾਡੀ ਈਸ਼ਵਰ ਦੀ ਧਾਰਣਾ ਦਾ ਕਾਰਣ ਨਹੀਂ ਹੋ ਸਕਦਾ। (5) ਇਸ ਕਰਕੇ ਈਸ਼ਵਰ ਹੈ। ਪੱਛਮੀ ਦਰਸ਼ਨ ਦੇ ਲੰਮੇ ਇਤਿਹਾਸ ਵਿੱਚ ਬਹੁਤ ਥੋੜ੍ਹੇ ਅਜੇਹੇ ਵਿਸ਼ੇ ਹੋਏ ਹਨ ਜਿਨ੍ਹਾਂ ਤੇ ਨਿਰੰਤਰ ਵਿਵੇਚਨਾ ਹੋਈ ਹੈ: ਇਨ੍ਹਾਂ ਵਿਸ਼ਿਆਂ ਵਿਚੋਂ ਈਸ਼ਵਰ ਦੀ ਸੱਤਾ ਦੇ ਸਬੂਤਾਂ ਦੀ ਪ੍ਰਮਾਣਿਕਤਾ ਕਾਫ਼ੀ ਮਹੱਤਵਪੂਰਣ ਹੈ। ਇਹ ਸਬੂਤ ਜ਼ਿਆਦਾਤਰ ਤਿੰਨ ਪ੍ਰਕਾਰ ਦੇ ਹਨ:

(1) ਪਹਿਲਾਂ ਹੋਂਦਪਰਕ (Ontological Proof) ਸਬੂਤ ਹੈ ਤੇ ਇਸ ਦਾ ਆਧਾਰ ਈਸ਼ਵਰ ਦੀ ਆਪਣੀ ਸੱਤਾ ਦੀ ਧਾਰਣਾ ਹੈ।

(2) ਦੂਸਰਾ ਵਿਸ਼ਵ-ਰਚਨਾ ਸੰਬੰਧੀ ਸਬੂਤ (Cosmological Proof) ਹੈ, ਅਤੇ ਇਸ ਦਾ ਆਧਾਰ ਸੰਦਿਗਧ ਸੱਤਾ ਤੋਂ ਆਵੱਸ਼ਕ ਸੱਤਾ ਵੱਲ ਪ੍ਰਗਤੀ ਹੈ।

(3) ਤੀਸਰਾ ਉਦੇਸ਼ਾਤਮਕ (Teleological Proof) ਹੈ, ਤੇ ਇਹ ਜਗਤ ਦੀ ਰਚਨਾ ਨੇ ਪ੍ਰਮਾਣ ਤੋਂ ਰਚਨਕਾਰ ਦੀ ਸੱਤਾ ਵੱਲ ਗਤੀਸ਼ੀਲ ਹੈ। ਡੇਕਾਰਟ ਇਸ ਤੀਜੇ ਸਬੂਤ ਦੀ ਵਰਤੋਂ ਨਹੀਂ ਕਰਦਾ ਪਰ ਮੂਲ

ਰੂਪ ਵਿਚ ਇਹ ਦੂਜੇ ਸਬੂਤ ਡੇਕਾਰਟ ਦੇ ਆਕਾਰ ਤੋਂ ਪੂਰੀ ਤਰ੍ਹਾਂ ਭਿੰਨ ਨਹੀਂ ਜਿਸ ਦੀ ਉਹ ਵਰਤੋਂ ਕਰਦਾ ਹੈ।

ਡੇਕਾਰਟ ਇਹ ਦਲੀਲ ਦਿੰਦਾ ਹੈ ਕਿ ਸ਼ੰਕਾ ਅਤੇ ਗਲਤੀ ਸੱਚ ਦੇ ਮਿਆਰ ਦੀ ਪੂਰਣ-ਨਿਰਧਾਰਣਾ ਕਰਦੇ ਹਨ। ਜੋ ਮੈਨੂੰ ਕਿਸੇ ਵਿਸ਼ੇ ਦੀ ਅਗਿਆਣਤਾ ਦੀ ਜਾਣਕਾਰੀ ਹੋਵੇ, ਮੈਨੂੰ ਕਿਸੇ ਵਿਸ਼ੇ ਬਾਰੇ ਕੁਝ ਸ਼ੰਕਾ ਹੋਵੇ, ਮੇਰੇ ਮਨ ਵਿੱਚ ਕੁੱਝ ਅਜੇਹੇ ਵਿਚਾਰ ਹੋਣ ਜੋ ਸਪੱਸ਼ਟ ਤੇ ਨਿਸ਼ਚਿਤ ਨਹੀਂ ਹੋਣ ਤਾਂ ਇਹ ਸਿੱਧ ਹੁੰਦਾ ਹੈ ਕਿ ਮੈਨੂੰ ਆਪਣੀਆਂ ਕਮੀਆਂ ਦਾ ਅਹਿਸਾਸ ਹੈ: ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਮੈਨੂੰ ਪੂਰਨ-ਗਿਆਨ ਦੇ ਮਿਆਰ ਜਾਂ ਸਰਵੱਗਤਾ ਦਾ ਪ੍ਰਬੋਧ ਹੋਵੇ ਜਿਸ ਨਾਲ ਮੈਂ ਆਪਣੇ ਗਿਆਨ ਦੀ ਤੁਲਨਾ ਕਰਦਾ ਹੈ ਕਿ ਕੋਈ ਸੱਚ ਦੀ ਸੰਪੂਰਣ ਤੇ ਸਮੱਗਰ ਧਾਰਣਾ ਹੈ। ਇਸ ਤਰ੍ਹਾਂ ਅਪੂਰਣ ਗਿਆਨ ਪੂਰਣ ਗਿਆਨ ਦਾ ਨਿਰੂਪਣ ਕਰਦਾ ਹੈ ਅਤੇ ਪੂਰਣ ਗਿਆਨ ਪੂਰਣ ਗਿਆਤਾ ਦਾ ਪ੍ਰਤਿਪਾਦਨ ਕਰਦਾ ਹੈ।

ਡੇਕਾਰਟੇ ਆਪਣੇ ਮਨ ਵਿੱਚ ਈਸ਼ਵਰ ਦੀ ਧਾਰਨਾ ਦੀ ਸੱਤਾ ਤੋਂ ਉਸ ਧਾਰਣਾ ਦੇ ਪੂਰਣ ਕਾਰਣ ਦੀ ਸੱਤਾ ਵੱਲ ਜਾਂਦਾ ਹੈ। ਉਹ ਦਲੀਲ ਦਿੰਦਾ ਹੈ। ਕਿ ਉਹ ਆਪ ਇਸ ਧਾਰਣਾ ਦਾ ਕਾਰਣ ਨਹੀਂ ਹੋ ਸਕਦਾ ਕਿਉਂਕਿ ਕਿਸੇ ਵੀ ਧਾਰਣਾ ਦੇ ਕਾਰਣ ਵਿੱਚ 'ਆਕਾਰਗਤ' (Formal) ਵਿਸ਼ੇਸ਼ਤਾ ਦੇ ਅਨੁਸਾਰ ਅਤੇ 'ਉਘੇ' ਤੌਰ ਤੇ ਉਨੀ ਸੱਚਾਈ ਜ਼ਰੂਰ ਹੋਣੀ ਚਾਹੀਦੀ ਹੈ ਜਿੰਨੀ 'ਵਸਤੂਗਤ ਰੂਪ' ਵਿਚ ਉਹ ਧਾਰਣਾ ਆਪਣੇ ਅੰਦਰ ਰੱਖਦੀ ਹੈ। ਧਾਰਣਾ ਦੀ ਵਸਤੂਗਤ ਸੱਚਾਈ ਵਿੱਚ ਉਨੀ ਹੀ ਸਮਗ੍ਰਤਾ ਦੇ ਪੂਰਣਤਾ ਦੀ ਮਾਤਰਾ ਹੁੰਦੀ ਹੈ ਜਿੰਨੀ ਮਨ ਵਿਚ ਉਸ ਧਾਰਣਾ ਦੀ ਹੁੰਦੀ ਹੈ। ਆਕਾਰਗਤ ਸੱਚਾਈ ਉਹ ਹੁੰਦੀ ਹੈ ਜੋ ਸਮਗ੍ਰਤਾ ਅਤੇ ਪੁਰਣਤਾ ਦੀ ਮਾਤਰਾ ਦੇ ਅਨੁਸਾਰ ਵਸਤੂ ਦੇ ਆਪਣੇ ਸਰੂਪ ਵਿੱਚ ਹੁੰਦੀ ਹੈ। ਉੱਘੇ ਰੂਪ ਵਾਲੀ ਸੱਚਾਈ ਉਹ ਹੁੰਦੀ ਹੈ ਜੋ ਵਸਤੂ ਦੀ ਉਤਪਾਦਕ ਸ਼ਕਤੀ ਹੁੰਦੀ ਹੈ। ਡੇਕਾਰਟ ਇਹ ਦਲੀਲ ਦਿੰਦਾ ਹੈ ਕਿ ਇਹ ਸਵੈ-ਪ੍ਰਮਾਣਿਤ ਤੱਥ ਹੈ ਕਿ ਜੋ ਵਸਤੂ ਉਤਪੰਨ ਹੁੰਦੀ ਹੈ ਅਤੇ ਉਸ ਵਿੱਚ ਜਿੰਨੀ ਬਨਾਵਟ ਨਾਲ ਸੰਬੰਧਿਤ ਤੇ ਵਿਸ਼ੇਸ਼ ਰੂਪ ਵਾਲੀ ਸੱਚਾਈ ਹੁੰਦੀ ਹੈ, ਉਹ ਸੱਚਾਈ ਉਸਦੇ ਕਾਰਣ ਤੱਤ ਵਿਚ ਜ਼ਰੂਰ ਹੋਣੀ ਚਾਹੀਦੀ ਹੈ ਜਿੱਥੋਂ ਜਾਂ ਜਿਸ ਵਿਚੋਂ ਉਹ ਪੈਦਾ ਹੋਈ ਹੈ। ਜੇ ਇਸ ਤਰ੍ਹਾਂ ਨਾ ਹੋਵੇ ਤਾਂ ਕੋਈ ਵੀ ਪਦਾਰਥ ਆਪਣੇ ਵਰਗੇ ਕਿਸੇ ਵੀ ਹੋਰ ਪਦਾਰਥਾਂ ਨੂੰ ਪੈਦਾ ਨਾ ਸਕਦਾ ਹੈ, ਅਤੇ ਡੇਕਾਰਟ ਉਸੇ ਸਿਧਾਂਤ ਦੀ ਇੱਥੇ ਪੁਨਰ ਸਥਾਪਨਾ ਕਰਦਾ ਹੈ।

ਇਸ ਸਿਧਾਂਤ ਦੇ ਅਨੁਸਾਰ ਈਸ਼ਵਰ ਦੀ ਸੱਤਾ ਦਾ ਅਨੁਮਾਨ ਇਹ ਹੈ ਕਿ ਪੂਰਵ ਸੱਤਾ ਦੀ ਧਾਰਣਾ ਦਾ ਕਾਰਣ ਪੂਰਣ ਸੱਤਾ ਆਪ ਹੀ ਹੈ, ਕਿਉਂਕਿ ਇਹ ਧਾਰਣਾ ਮਨ ਵਿਚ ਹੈ ਅਤੇ ਮਨ ਦੀ ਅਪੂਰਣਤਾ ਦਾ ਗਿਆਨ ਪੂਰਣ ਸੱਤਾ ਦੀ ਧਾਰਣਾ ਨੂੰ ਸਾਡੇ ਮਨ ਵਿੱਚ ਪੈਦਾ ਕਰਦਾ ਹੈ ਉਸ ਵਿੱਚ ਘੱਟੋ ਘੱਟ ਆਕਾਰਗਤ ਸੰਬੰਧਿਤ ਉੱਨੀ ਪੂਰਣਤਾ ਜ਼ਰੂਰ ਹੋਣੀ ਚਾਹੀਦੀ ਹੈ ਜਿੰਨੀ ਵਸਤੂਗਤ ਰੂਪ ਵਿੱਚ ਸਾਡੀ ਧਾਰਣਾ ਵਿਚ ਹੈ।

ਇਸ ਦਲੀਲ ਦਾ ਸਮਰਥਨ ਕਰਨ ਵਾਸਤੇ ਡੇਕਾਰਟ ਪੁੱਛਦਾ ਹੈ ਕਿ ਉਹ ਆਪਣੇ ਆਪ ਇਕ ਅਪੂਰਣ ਪ੍ਰਾਣੀ ਦੇ ਰੂਪ ਵਿੱਚ ਹੋਂਦ ਰੱਖ ਸਕਦਾ ਹੈ, ਜੇ ਈਸ਼ਵਰ ਦੀ ਸੱਤਾ ਨਾ ਹੁੰਦੀ? ਇਸ ਪ੍ਰਸ਼ਨ ਦਾ ਆਧਾਰ ਵੀ ਉਹੀ ਸਿਧਾਂਤ ਹੈ ਕਿ ਅਭਾਵ ਤੋਂ ਹਮੇਸ਼ਾਂ ਅਭਾਵ ਹੀ ਪੈਦਾ ਹੁੰਦਾ ਹੈ। ਇਸ ਕਰਕੇ ਜਿਸ ਵਿੱਚ ਹੋਂਦ ਹੈ ਉਸ ਦੀ ਹੋਂਦ ਦਾ ਕੋਈ ਕਾਰਣ ਜ਼ਰੂਰ ਹੋਣਾ ਚਾਹੀਦਾ ਹੈ ਅਤੇ ਇਹ ਕਾਰਣ ਘੱਟੋਂ ਘੱਟ ਇੰਨਾ ਸੱਚਾ ਹੋਣਾ ਚਾਹੀਦਾ ਹੈ। ਜਿੰਨਾ ਸੱਚਾ ਇਸ ਦਾ ਕਾਰਜ ਜਿਸ ਦੇ ਸਰੂਪ ਵਿੱਚ ਕੋਈ ਕਮੀ ਨਹੀਂ ਹੁੰਦੀ ਤੇ ਜਿਸਦੀ ਸੱਤਾ ਆਪਣੇ ਆਪ ਵਿਚ ਆਵੱਸ਼ਕ ਹੁੰਦੀ ਹੈ ਉਹ ਆਪਣਾ ਕਾਰਣ ਆਪ ਹੀ ਹੁੰਦਾ ਹੈ (couse sui) ਪਰ ਜੋ ਨਸ਼ਵਰ ਹੈ। ਉਸ ਦੀ ਹੋਂਦ ਵਿਚ ਕਿਸੇ ਆਵੱਸ਼ਕ ਭਾਵ ਦੀ ਕਮੀ ਹੁੰਦੀ ਹੈ: ਨਹੀਂ ਤਾਂ ਉਹ ਆਪਣੀਆਂ ਕਮੀਆਂ ਨੂੰ ਆਪੇ ਪੂਰਾ ਕਰ ਲੈਂਦਾ ਤੇ ਨਸ਼ਵਰ ਨਾ ਹੁੰਦਾ। ਇਸ ਦਾ ਪਰਿਣਾਮ ਇਹ ਨਿਕਲਿਆ ਕਿ ਉਸ ਦੀ ਹੋਂਦ ਦਾ ਕੋਈ ਬਾਹਰਲਾ ਕਾਰਣ ਹੈ। ਜੇ ਕੋਈ ਨਸ਼ਵਰ ਹੈ ਤਾਂ ਨਿਸ਼ਚਿਤ ਰੂਪ ਵਿਚ ਉਹ ਆਪਣੇ ਆਪ ਵਿੱਚ ਨਾਕਾਫ਼ੀ ਜਾਂ ਅਪੂਰਣ ਹੈ: ਇਸ ਕਰਕੇ ਪੂਰਣਤਾ ਵਾਸਤੇ ਆਪਣੇ ਤੋਂ

ਬਾਹਰ ਵੱਲ ਜਾਣ ਦਾ ਭਾਵ ਇਹ ਹੈ ਕਿ ਉਹ ਪੂਰਣਤਾ ਇਸ ਦੇ ਆਪਣੇ ਅੰਦਰ ਨਹੀਂ ਹੈ, ਪਰ ਆਤਮ-ਪੂਰਣਤਾ ਲਈ ਉਸ ਦੀ ਲੋੜ ਹੈ। ਇਸ ਤਰ੍ਹਾਂ ਜੋ ਨਾਸ਼ਵਾਨ ਤੱਤ ਹੈ ਅਤੇ ਜੋ ਆਪਣੇ ਆਪ ਵਿਚ ਪੂਰਣ ਨਹੀਂ ਹੈ ਉਸ ਨੂੰ ਆਪਣੀ ਹੋਂਦ ਵਾਸਤੇ ਇੱਕ ਅਜੇਹੇ ਕਾਰਣ ਦੀ ਲੋੜ ਹੁੰਦੀ ਹੈ। ਜੋ ਉਸ ਵਿੱਚ ਨਹੀਂ ਹੁੰਦਾ, ਜੋ ਉਸ ਤੋਂ ਬਾਹਰ ਹੁੰਦਾ ਹੈ ਅਤੇ ਜੋ ਉਸ ਦੀਆਂ ਸੀਮਾਵਾਂ ਤੋਂ ਪਰ੍ਹਾਂ ਹੁੰਦਾ ਹੈ ਜੇ ਇਸ ਦਾ ਕਾਰਣ ਵੀ ਕੋਈ ਹੋਰ ਨਸ਼ਵਰ ਤੱਤ ਹੋਵੇ ਤਾਂ ਸਾਨੂੰ ਉਸਦਾ ਵੀ ਕੋਈ ਹੋਰ ਕਾਰਨ ਲੱਭਣ ਲਈ ਮਜ਼ਬੂਰ ਹੋਣਾ ਪਵੇਗਾ ਤੇ ਇਸ ਤਰ੍ਹਾਂ ਸਾਡੇ ਵਿਚਾਰਾਂ ਵਿਚ ਜਾਂ ਤਾ ਨਿਰੰਤਰਤਾ ਆ ਜਾਵੇਗੀਃ ਜਾਂ ਅਸੀਂ ਅਜੇ ਹੀ ਤੱਤ ਨੂੰ ਲੱਭ ਲਵਾਂਗੇ ਜਿਸ ਵਿੱਚ ਆਤਮ-ਪੂਰਣਤਾ, ਆਤਮ-ਸਮਗ੍ਰਤਾ ਅਤੇ ਆਤਮ-ਨਿਰਭਰਤਾ ਹੋਵੇਗੀਃ ਜੋ ਆਪਣੀ ਸੱਤਾ ਦਾ ਵਿਵਰਣ ਆਪ ਹੀ ਦੇ ਸਕੇਗਾ ਤੇ ਉਹੀ ਹਰੇਕ ਸੱਤਾ ਦਾ ਆਧਾਰ ਹੋਵੇਗਾ। ਨਿਰੰਤਰਤਾ ਤਾਂ ਸਾਡੇ ਲਈ ਹਰੇਕ ਪਦਾਰਥ ਦਾ ਕੋਈ ਪਰਮ ਆਧਾਰ ਨਹੀਂ ਛੱਡਦੀ, ਇਸ ਕਰਕੇ ਅਸੀਂ ਕਿਸੇ ਅਜੇਹੇ ਤੱਤ ਦੀ ਸੱਤਾ ਨੂੰ ਸਵੀਕਾਰ ਕਰਨ ਲਹੀ ਮਜ਼ਬੂਰ ਹੋ ਜਾਂਦੇ ਹਾਂ ਜੋ ਨਿਰਪੇਖ ਹੋਵੇ, ਪੂਰਣ ਹੋਵੇ, ਸਮੱਗਰ ਹੋਵੇ ਤੇ ਆਤਮ-ਭਰਪੂਰ ਹੋਵੇ, ਅਤੇ ਇਸੇ ਤੱਤ ਨੂੰ ਅਸੀਂ ਈਸ਼ਵਰ ਮੰਨਦੇ ਹਾਂ। ਇਸ ਬਾਰੇ ਡੇਕਾਰਟ ਕਹਿੰਦਾ ਹੈ, ''ਈਸ਼ਵਰ ਨਾਮ ਤੋਂ ਮੈਂ ਅਜੇਹਾ ਤੱਤ ਸਮਝਦਾ ਹਾਂ ਜੋ ਅਨੰਤ, ਨਿੱਤ, ਨਿਰਵਿਕਾਰ, ਸੁਤੰਤਰ, ਸਰਵ-ਗਿਆਤਾ, ਸਰਵ-ਸ਼ਕਤੀਮਾਨ ਅਤੇ ਮੇਰਾ ਆਧਾਰ ਵੀ ਉਹੀ ਹੈ। ਇਹ ਅਜਿਹੀਆਂ ਵਿਸ਼ੇਸ਼ਤਾਵਾਂ ਹਨ ਜਿਨ੍ਹਾਂ ਤੇ ਮੈਂ ਜਿੰਨੀ ਜ਼ਿਆਦਾ ਮਿਹਨਤ ਨਾਲ ਵਿਚਾਰ ਕਰਦਾ ਹਾਂ ਉਨ੍ਹੀਆਂ ਹੀ ਉਹ ਕੇਵਲ ਮੇਰੇ ਤੋਂ ਘੱਟ ਪ੍ਰਗਟ ਹੁੰਦੀਆਂ ਹਨਃ ਇਸ ਕਰਕੇ ਜੋ ਕੁਝ ਪਹਿਲੇ ਕਿਹਾ ਗਿਆ ਹੈ ਉਸ ਦਾ ਅਸੀਂ ਇਹੀ ਨਿਸ਼ਕਰਸ ਕੱਢਦੇ ਹਾਂ ਕਿ ਈਸ਼ਵਰ ਦੀ ਸੱਤਾ ਅਵੱਸ਼ ਹੈ।''

ਇਸ ਦਲੀਲ ਦੀ ਘੁੰਡੀ ਡੇਕਾਰਟ ਦੇ ਇਸ ਸਿਧਾਂਤ ਦੀ ਘੋਸ਼ਣਾ ਵਿੱਚ ਮਿਲ ਜਾਂਦੀ ਹੈ ਜਿਸ ਬਾਰੇ ਉਹ ਕਹਿੰਦਾ ਹੈ, ''ਕੁਦਰਤੀ ਪ੍ਰਕਾਸ਼ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਘੱਟੋਂ-ਘੱਟ ਨਿਮਿੱਤ ਤੇ ਸਮੱਗਰ ਕਾਰਣ ਵਿਚ ਇੰਨੀ ਸੱਤਾ ਜ਼ਰੂਰ ਹੋਣੀ ਚਾਹੀਦੀ ਹੈ ਜਿੰਨੀ ਉਸ ਦੇ ਕਾਰਜ ਵਿੱਚ ਹੈ ਕਿਉਂਕਿ ਜੇ ਕੋਈ ਕਾਰਜ ਆਪਣੇ ਕਾਰਣ ਤੋਂ ਆਪਣੀ ਸੱਤਾ ਪ੍ਰਾਪਤ ਨਹੀਂ ਕਰਦਾ ਤਾਂ ਉਸ ਵਿੱਚ ਸੱਤਾ ਕਿੱਥੋਂ ਆਉਂਦੀ ਹੈ? ਅਭਾਵ ਵਿੱਚੋਂ ਭਾਵ ਪੈਦਾ ਨਹੀਂ ਹੋ ਸਕਦਾ। ਅਤੇ ਇਹ ਵੀ ਠੀਕ ਹੈ ਕਿ ਜਿਸ ਤੱਤ ਵਿੱਚ ਜ਼ਿਆਦਾ ਪੂਰਣਤਾ ਹੁੰਦੀ ਹੈ ਅਤੇ ਜਿਸ ਦੀ ਸੱਤਾ ਜ਼ਿਆਦਾਤਰ ਆਪਣੇ ਆਪ ਵਿੱਚ ਹੁੰਦੀ ਹੈ ਉਸ ਦੀ ਅਭਿਵਿਅਕਤੀ ਆਪਣੇ ਤੋ ਘੱਟ ਪੂਰਣ ਤੱਤ ਤੋਂ ਨਹੀਂ ਹੋ ਸਕਦੀ ''। ਇਸ ਤੋਂ ਬਾਅਦਾ ਡੇਕਾਰਟ ਫਿਰ ਕਹਿੰਦਾ ਹੈ ਕਿ ''ਅੰਤ ਵਿਚ ਅਸੀਂ ਇਹ ਧਾਰਣਾ ਤੇ ਪਹੁੰਚਦੇ ਹਾਂ ਜਿਸ ਦਾ ਕਾਰਣ ਮੂਲ ਜਾਂ ਆਦਰਸ਼-ਰੂਪਕ ਹੋਵੇਗਾ ਅਤੇ ਉਸ ਪ੍ਰਕਾਰ ਦਾ ਹੋਵੇਗਾ ਜਿਸ ਵਿੱਚ ਆਕਾਰਗਤ ਉਹ ਸੱਚਾਈ ਜ਼ਰੂਰ ਹੋਵੇਗੀ ਜੋ ਉਸ ਨਾਲ ਸੰਬੰਧਿਤ ਧਾਰਣਾਵਾਂ ਵਿਚ ਵਸਤੂਗਤ ਰੂਪ ਵਿੱਚ ਹੁੰਦੀ ਹੈ''।

ਡੇਕਾਰਟ ਦਾ ਈਸ਼ਵਰ ਦੀ ਸੱਤਾ ਬਾਰੇ ਜੋ ਹੋਂਦਪਰਕ ਅਨੁਮਾਨ ਹੈ ਉਹ ਆਪਣੇ ਪੂਰੇ ਰੂਪ ਵਿਚ ਪੰਜਵੇਂ ''ਮੈਡੀਟੇਸ਼ਨ'' ਵਿੱਚ ਦਿੱਤਾ ਗਿਆ ਹੈ। ਉਸ ਦਾ ਕਹਿਣਾ ਹੈ ਕਿ ਦੂਜੇ ਪਦਾਰਥਾਂ ਦੀਆਂ ਜਿਹੜੀਆਂ ਸਾਡੇ ਵਿੱਚ ਧਾਰਣਾਵਾਂ ਹਨ ਉਹ ਕੇਵਲ ਆਪਣੇ ਸਾਰ ਨਾਲ ਸੰਬੰਧਿਤ ਹੋ ਸਕਦੀਆਂ ਹਨ, ਪਰ ਸਾਰ ਤੋਂ ਬਿਨਾਂ ਪਦਾਰਥਾਂ ਤੋਂ ਵੀ ਹੋ ਸਕਦਾ ਹੈਃ ਪਰੰਤੂ ਸਾਡੀ ਜੋ ਈਸ਼ਵਰ ਬਾਰੇ ਧਾਰਣਾ ਹਨ, ਉਹ ਜਮਾਂਦਰੂ (innate) ਹੈਃ ਇਸ ਲਈ ਉਹ ਸਪੱਸ਼ਟ ਤੇ ਨਿਸ਼ਚਿਤ ਹੈਃ ਇਸ ਬਾਰੇ ਵਿਚਿੱਤਰ ਗੱਲ ਇਹ ਹੈ ਕਿ ਕੋਈ ਵੀ ਹੋਂਦ ਆਪਣੀ ਧਾਰਣਾ ਦੇ ਸਾਰ ਦਾ ਹੀ ਅਨੁਕਰਣ ਕਰਦੀ ਹੈ, ਜਿਵੇਂ ਤਿਕੋਨ ਦੇ ਗੁਣ ਤਿਕੋਣ ਦੀ ਪਰਿਭਾਸ਼ਾ ਦਾ ਅਨੁਕਰਣ ਕਰਦੇ ਹਨ।''ਮੈਡੀਟੇਸ਼ਨ'' ਵਿੱਚ ਦਿੱਤੇ ਗਏ ਹੋਂਦ ਪਰਕ ਅਨੁਮਾਨ ਦਾ ਸਾਰ ਇੱਥੇ ਦਿੱਤਾ ਜਾ ਰਿਹਾ ਹੈ। ਜਿਵੇਂ ਮੇਰੇ ਮਨ ਵਿੱਚ ਜਮੈਂਟਰੀ ਦੇ ਆਕਾਰਾਂ ਅਤੇ ਸੰਖਿਆਵਾਂ ਦੀਆਂ ਧਾਰਣਾਵਾਂ ਹਨ, ਅਤੇ ਮੈਂ ਸਪੱਸ਼ਟ ਰੂਪ ਵਿੱਚ ਤੇ ਨਿਸ਼ਚਿਤ ਰੂਪ ਵਿੱਚ ਉਨ੍ਹਾਂ ਸਮਝ ਸਕਦਾ ਹਾਂਃ ਇਸੇ ਤਰ੍ਹਾਂ ਮੇਰੇ ਮਨ ਵਿੱਚ ਇੱਕ ਪੂਰਣ ਹੋਂਦ ਦੀ ਧਾਰਣਾ ਹੈ ਜਿਸ ਦੇ ਸਾਰ ਵਿੱਚ ਸਾਰੀਆਂ ਪੂਰਣਤਾਵਾਂ ਹਨ। ਇਸ ਤੋਂ ਅਨਿਆਰੀ ਰੂਪ ਵਿੱਚ ਇਹ ਸਿੱਧ ਹੁੰਦਾ ਹੈ ਕਿ ਇਸ ਪ੍ਰਕਾਰ ਦੀ ਕੋਈ ਸੱਤਾ ਹੋਣੀ ਚਾਹੀਦੀ ਹੈ, ਨਹੀਂ ਤਾਂ ਮੇਰੇ ਵਿਚ ਪੂਰਣਤਾ ਜਾਂ ਪੂਰਣ ਸੱਤਾ ਦੀ ਧਾਰਣਾ ਨਹੀਂ ਹੋਣੀ ਚਾਹੀਦੀ ਸੀ। ਜਿਵੇਂ ਈਸ਼ਵਰ ਦੇ ਸਾਰ ਵਿਚ ਸਾਰੀਆਂ

ਪੂਰਣਤਾਵਾਂ ਦਾ ਹੋਣਾ ਜ਼ਰੂਰੀ ਹੈ ਉਸੇ ਤਰ੍ਹਾਂ ਕਿਸੇ ਵੀ ਪੂਰਣਤਾ ਦੀ ਕਮੀ ਦੀ ਤੁਲਨਾ ਵਿੱਚ ਉਸ ਦੀ ਸੱਤਾ ਵਿਚ ਕਮੀ ਨਹੀਂ ਹੋ ਸਕਦੀ, ਕਿਉਂਕਿ ਇਹ ਉਸਦੇ ਸਾਰ ਵਿੱਚ ਸ਼ਾਮਿਲ ਹੈ। ਜੇ ਕਿਸੇ ਪੂਰਣ ਸੱਤਾ ਵੱਚ ਅਣਹੋਂਦ ਮੰਨੀ ਜਾਵੇ ਤਾਂ ਇਹ ਆਤਮ-ਵਿਰੋਧੀ ਗੱਲ ਹੋਵੇਗੀ। ਬਿਨਾਂ ਸੱਤਾ ਤੋਂ ਈਸ਼ਵਰ ਦੇ ਵਿਚਾਰ ਨੂੰ ਧਾਰਣ ਨਹੀਂ ਕੀਤਾ ਜਾ ਸਕਦਾ ਜਿਵੇਂ ਕਿ ਇਕ ਪਹਾੜ ਨੂੰ ਬਿਨ੍ਹਾਂ ਢਲਾਨ ਤੋਂ ਨਹੀਂ ਜਾਣਿਆ ਜਾ ਸਕਦਾ ਜਿਵੇਂ ਇਕ ਤਿਕੋਨ ਦੇ ਤਿੰਨ ਕੋਨਿਆਂ ਦੇ ਸੰਯੁਕਤ ਜਾਣੀਏ 180 ਤੋਂ ਵੱਧ ਜਾਂ ਘੱਟ ਨਹੀਂ ਮੰਨਿਆ ਜਾ ਸਕਦਾ। ਜਦੋਂ ਇਹ ਕਿਹਾ ਜਾਂਦਾ ਹੈ ਕਿ ਈਸ਼ਵਰ ਦੀ ਪੂਰਣਤਾ ਦੀ ਧਾਰਣਾ ਵਿੱਚ ਉਸ ਦੀ ਸੱਤਾ ਵੀ ਅਵੱਸ਼ ਸ਼ਾਮਿਲ ਹੈ ਤਾਂ ਪੱਕੇ ਤੋਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਤਰਕ ਦੇ ਆਧਾਰ ਤੇ ਸੱਤਾ ਉਸ ਦੇ ਸਰੂਪ ਤੋਂ ਵੱਖਰੀ ਨਹੀਂ ਹੋ ਸਕਦੀ ਜਾਂ ਉਸ ਦੇ ਸਾਰ ਤੋਂ ਸੱਤਾ ਵੱਖਰੀ ਨਹੀਂ ਹੈ: ਇਸ ਕਰਕੇ ਹਰ ਹਾਲਤ ਵਿੱਚ ਉਸ ਦੀ ਸੱਤਾ ਹੈ।

ਇੱਥੇ ਨੋਟ ਕਰਨ ਯੋਗ ਗੱਲ ਇਹ ਹੈ ਕਿ ਡੇਕਾਰਟ ਨੂੰ ਇਸ ਦਲੀਲ ਦਾ ਮੂਲ ਸ੍ਰੋਤ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਸਭ ਤੋਂ ਪਹਿਲੇ ਬਾਰ੍ਹਵੀਂ ਸਦੀ ਵਿੱਚ ਇਹ ਦਲੀਲ ਐਨਸੈਲਮ (Anselm) ਨੇ ਦਿੱਤੀ ਸੀ ਅਤੇ ਇਸ ਦਾ ਵਿਸ਼ਲਸ਼ੇਣ ਵੀ ਉਸੇ ਨੇ ਕੀਤਾ ਸੀ। ਐਨਸੈਲਮ ਨੇ ਈਸ਼ਵਰ ਦੀ ਪਰਿਭਾਸ਼ਾ ਦਿੰਦੇ ਹੋਏ ਇਹ ਕਿਹਾ ਸੀ ਕਿ ਈਸ਼ਵਰ ''ਉਹ ਹੈ ਜਿਸ ਤੋਂ ਵੱਡਾ ਹੋਰ ਕੁਝ ਨਹੀਂ ਹੋ ਸਕਦਾ।'' ਫਿਰ ਉਹ ਕਹਿੰਦਾ ਹੈ ਕਿ ਉਹ ਸਮਝਦਾ ਹੈ ਕਿ ਇਸ ਪਰਿਭਾਸ਼ਾ ਦਾ ਅਰਥ ਕੀ ਹੈ: ਇਸ ਕਰਕੇ ਉਸਦੀ ਬੁੱਧੀ ਵਿਚ ਇਕ ਅਜਿਹੇ ਪਦਾਰਥ ਦੀ ਧਾਰਣਾ ਹੈ ਜਿਸਤੋਂ ਵੱਡਾ ਕੁਝ ਵੀ ਹੋਰ ਨਹੀਂ ਹੋ ਸਕਦਾ। ਜੇ ਇਹ ਪਦਾਰਥ ਕੇਵਲ ਬੁੱਧੀ ਵਿਚ ਹੀ ਰਹਿੰਦਾ ਅਤੇ ਹਕੀਕਤ ਵਿਚ ਨਾ ਹੁੰਦਾ, ਤਾਂ ਉਹ ਉਸ ਤੋਂ ਵੱਡੇ ਕਿਸੇ ਹੋਰ ਪਦਾਰਥ ਬਾਰੇ ਵੀ ਸੋਚ ਸਕਦਾ ਸੀ ਜਿਹੜਾ ਕਿ ਬੁੱਧੀ ਵਿੱਚ ਰਹਿੰਦਾ ਹੈ। ਉਹ ਪਦਾਰਥ ਉਹ ਨਹੀਂ ਹੋ ਸਕਦਾ, ਜਿਸਤੋਂ ਵੱਡਾ ਹੋਰ ਕੁਝ ਵੀ ਨਹੀਂ ਹੋ ਸਕਦਾ। ਇਸ ਕਰਕੇ ਈਸ਼ਵਰ ਉਹ ਹੈ ਜਿਸ ਤੋਂ ਵੱਡਾ ਕੋਈ ਨਹੀਂ ਹੈ ਅਤੇ ਹਕੀਕਤ ਵਿਚ ਉਸ ਦੀ ਸੱਤਾ ਜ਼ਰੂਰੀ ਹੈ। ਇਸ ਤੋਂ ਉਲਟ ਸੋਚਣਾ ਆਤਮ-ਵਿਰੋਧੀ ਹੈ।

ਡੇਕਾਰਟ ਦਾ ਮੂਲ-ਸਿਧਾਂਤ ਇਹ ਹੈ ਕਿ ਗਿਆਨ ਸੱਚੇ ਸਾਮਾਨਯ ਦੀ ਹੋਂਦ ਦਾ ਨਿਰੂਪਣ ਕਰਦਾ ਹੈ ਅਤੇ ਇਹੀ ਅੰਤ ਵਿੱਚ ਅਜੇਹੀ ਇਕੱਲੀ ਪਰਮ ਯਥਾਰਥ ਸੱਤਾ ਦੀ ਹੋਂਦ ਦਾ ਪ੍ਰਤਿਪਾਦਨ ਕਰਦਾ ਹੈ ਜਿਸਨੂੰ ਉਸਨੇ ਈਸ਼ਵਰ ਕਿਹਾ ਹੈ। ਡੇਕਾਰਟ ਦੇ ਅਨੁਸਾਰ ਈਸ਼ਵਰ ਸੱਚ ਦੀ ਅੰਤਿਮ ਆਧਾਰ ਭੂਮੀ ਹੈ। ਉਸਦਾ ਤਰਕ ਉਸਨੂੰ ਇਸ ਨਿਸ਼ਕਰਸ਼ ਤੇ ਲੈ ਆਉਂਦਾ ਹੈ ਕਿ ਸਾਡੀ ਸ਼ੰਕਾਲੂ ਆਤਮਾ ਸਾਡੀ ਸੱਤਾ ਦੀ ਨਿਸ਼ਚਿਤਤਾ ਨੂੰ ਪ੍ਰਮਾਣਿਤ ਕਰਦੀ ਹੈ; ਅਰਥਾਤ ਇਕ ਹੋਰ ਵੱਡੀ ਆਤਮਾ ਹੈ ਜਿਸਦੇ ਵਿਧਾਨ ਤੇ ਸਾਡੀ ਆਤਮਾ ਆਪਣੀ ਹੋਂਦ ਵਾਸਤੇ ਅਤੇ ਆਪਣੀ ਸੱਚਾਈ ਵਾਸਤੇ ਨਿਰੰਤਰ ਹੈ, ਅਤੇ ਇਹ ਉਸੇ ਦਾ ਇਕ ਅੰਸ਼ ਹੈ। ਡੇਕਾਰਟ ਦਾ ਇਹ ''ਜ਼ਿਆਦਾ ਬੌਧਿਕ'' ਤੱਤ ਹੀ ਈਸ਼ਵਰ ਹੈ ਅਤੇ ਇਹੀ ਨਾਸ਼ਵਾਨ ਸੱਚਾਈ ਨੂੰ ਪ੍ਰਮਾਣਿਤ ਕਰਦਾ ਹੈ। ਈਸ਼ਵਰ ਨੇ ਮਨੁੱਖ ਦੀ ਰਚਨਾ ਆਪਣੇ ਆਕਾਰ ਅਨੁਸਾਰ ਹੀ ਕੀਤੀ ਹੈ। ਇਸ ਕਥਨ ਵਿਚ ਕੋਈ ਅਚਾਰਜ਼ ਨਹੀਂ ਹੈ ਕਿ ਜਦੋਂ ਈਸ਼ਵਰ ਨੇ ਮਨੁੱਖ ਦੀ ਰਚਨਾ ਕੀਤੀ ਤਾਂ ਉਸਨੇ ਆਪਣੀ ਧਾਰਣਾ ਵੀ ਸਾਡੇ ਵਿੱਚ ਛਾਪ ਦਿੱਤੀ ਅਤੇ ਇਸ ਨੂੰ ਰਚਨਾਕਾਰ ਦੀ ਅਜਿਹੀ ਮੋਹਰ ਬਣਾ ਦਿੱਤਾ ਜੋ ਉਸਦੀ ਰਚਨਾ ਉੱਪਰ ਛਪੀ ਰਹੇ।

### 1.5.3 ਈਸ਼ਵਰ ਦੀ ਸੱਤਾ :

ਡੇਕਾਰਟੇ ਈਸ਼ਵਰ ਦੀ ਸੱਤਾ ਨੂੰ ਸਾਬਤ ਕਰਨ ਲਈ ਕਾਰਣਤਾ ਦੇ ਨਿਯਮ ਨੂੰ ਅਧਾਰ ਬਣਾਉਂਦਾ ਹੈ। ਕਾਰਣਤਾ ਦੇ ਨਿਯਮ ਅਨੁਸਾਰ ਹਰ ਘਟਨਾ ਜਾਂ ਵਸਤੂ ਦਾ ਕੋਈ ਨਾ ਕੋਈ ਕਾਰਣ ਜ਼ਰੂਰ ਹੁੰਦਾ ਹੈ। ਡੇਕਾਰਟ ਅਨੁਸਾਰ ਮਨ ਵਿੱਚ ਈਸ਼ਵਰ ਦੇ ਵਿਚਾਰ ਦਾ ਆਉਣ ਦਾ ਕੋਈ ਨਾ ਕੋਈ ਕਾਰਣ ਜ਼ਰੂਰ ਹੋਵੇਗਾ ਅਤੇ ਡੇਕਾਰਟੇ ਅਨੁਸਾਰ ਇਹੋ ਜਿਹੇ ਵਿਚਾਰ ਦਾ ਕਾਰਣ ਕੇਵਲ ਈਸ਼ਵਰ ਵੀ ਹੋ ਸਕਦਾ ਹੈ।

ਸੋ ਇਸ ਕਰਕੇ ਈਸ਼ਵਰ ਹੈ। ਈਸ਼ਵਰ ਦੀ ਸੱਤਾ ਨੂੰ ਪ੍ਰਮਾਣਿਤ ਕਰਨ ਦੀ ਕੋਈ ਜ਼ਰੂਰਤ ਨਹੀਂ ਕਿਉਂਕਿ ਉਹ ਇਕ ਸਵੈ-ਸਿੱਧ ਸੱਚਾਈ ਹੈ। ਆਤਮਾ ਦੀ ਸੱਤਾ ਨੂੰ ਸਵੀਕਾਰਣ ਨਾਲ ਹੀ ਈਸ਼ਵਰ ਦੀ ਸੱਤਾ ਸਿੱਧ ਹੁੰਦੀ ਹੈ।

**ਸੰਸਾਰ ਦੀ ਹੋਂਦ ਦੇ ਸਬੂਤ:** ਡੇਕਾਰਟੇ ਆਤਮਾ ਅਤੇ ਪਰਮਾਤਮਾ ਦੀ ਸੱਤਾ ਨੂੰ ਸਾਬਿਤ ਕਰਨ ਤੋਂ ਪਿਛੋਂ ਜਗਤ ਦੀ ਸੱਤਾ ਬਾਰੇ ਵੀ ਸਬੂਤ ਦਿੰਦਾ ਹੈ। ਉਸ ਅਨੁਸਾਰ ਸੰਸਾਰ ਅਤੇ ਆਤਮਾ ਦੋਨੋਂ ਹੀ ਰੱਬ ਦੀ ਪੈਦਾਵਾਰ ਹਨ। ਡੇਕਾਰਟੇ ਤਾਂ ਇੱਥੋਂ ਤੱਕ ਕਹਿੰਦਾ ਹੈ ਕਿ ਮਨ ਅਤੇ ਪਦਾਰਥ ਜਿਨ੍ਹਾਂ ਨਾਲ ਜਗਤ ਦੀ ਰਚਨਾ ਹੋਈ ਹੈ ਉਹ ਖੁਦਾ ਦ੍ਰਵ ਭਾਵ ਕਿ ਈਸ਼ਵਰ ਹਨ। ਦੁਨੀਆਂ ਵਿੱਚ ਮੌਜੂਦ ਸਾਰੀਆਂ ਵਸਤੂਆਂ ਗਿਆਨ ਇੰਦਰੀਆਂ ਦਾ ਵਿਸ਼ਾ ਹਨ। ਵਸਤੂਆਂ ਜਾ ਸੰਸਾਰ ਪ੍ਰਤੀ ਜੋ ਵੀ ਵਿਚਾਰ ਸਾਡੇ ਮਨ ਵਿੱਚ ਪੈਦਾ ਹੁੰਦੇ ਹਨ ਉਨ੍ਹਾਂ ਦੇ ਕਾਰਨ ਅਸੀਂ ਨਹੀਂ ਸਗੋਂ ਖੁਦ ਉਹ ਵਸਤੂਆਂ ਹੀ ਹਨ। ਵਸਤੂਆਂ ਬਾਹਰੀ ਅਤੇ ਪਦਾਰਥਕ ਹੋਂਦ ਰੱਖਦੀਆਂ ਹਨ ਜਿਨ੍ਹਾਂ ਕਰਕੇ ਉਹ ਸਾਡੇ ਮਨ ਵਿੱਚ ਆਪਣਾ ਵਿਚਾਰ ਪੈਦਾ ਕਰਦੀਆਂ ਹਨ। ਸੋ ਅਸੀਂ ਇਸ ਤਰ੍ਹਾਂ ਵਸਤੂਆਂ ਅਤੇ ਸੰਸਾਰ ਦੀ ਹੋਂਦ ਸਾਬਤ ਹੁੰਦੀ ਹੈ। ਵਸਤੂਆਂ ਦੀ ਸੁਤੰਤਰ ਹੋਂਦ ਪਦਾਰਥ ਸੱਚਾਈ ਹੈ। ਵਸਤੂਆਂ ਨੂੰ ਆਪਣੀ ਹੋਂਦ ਸਾਡੇ ਮਾਨਸਿਕ ਅਨੁਭਵ ਦੀ ਲੋੜ ਨਹੀਂ ਹੈ। ਪਦਾਰਥ ਦਾ ਗੁਣ ਫੈਲਾਅ ਹੁੰਦਾ ਹੈ ਜੋ ਕਿ ਲੋੜ ਅਨੁਸਾਰ ਥਾਂ ਘੇਰਦਾ ਹੈ ਅਤੇ ਇਕ ਵਸਤੂ ਦਾ ਅਕਾਰ ਬਣਦਾ ਹੈ। ਸੋ ਇਸ ਤਰ੍ਹਾਂ ਡੇਕਾਰਟੇ ਸੰਸਾਰ ਅਤੇ ਵਸਤੂਆਂ ਦੀ ਹੋਂਦ ਨੂੰ ਸਾਬਿਤ ਕਰਦਾ ਹੈ।

## 1.5.4 ਮਨ ਅਤੇ ਪਦਾਰਥਵਾਦ :

ਉਪਰੋਕਤ ਸਿਧਾਂਤਾਂ ਤੋਂ ਬਾਅਦ ਹੀ ਡੇਕਾਰਟੇ ਦੋ ਦ੍ਰਵਾਂ ਭਾਵ ਦਾ ਦਵੈਤਵਾਦ ਦੀ ਵਿਆਖਿਆ ਕਰਦਾ ਹੈ। ਡੇਕਾਰਟੇ ਜਗਤ ਦੀ ਹੋਂਦ ਨੂੰ ਸਾਬਤ ਕਰਦਾ ਹੈ ਕਿਉਂਕਿ ਜਗਤ ਦੀ ਹੋਂਦ ਦੇ ਪ੍ਰਮਾਣਾਂ ਵਿੱਚ ਮਨ ਅਤੇ ਪਦਾਰਥ ਨੂੰ ਹੀ ਸੰਸਾਰ ਜਾਂ ਜਗਤ ਦਾ ਪ੍ਰਮੁੱਖ ਮੰਨਦਾ ਹੈ ਡੇਕਾਰਟੇ ਅਨੁਸਾਰ ਦੁਨੀਆਂ ਮਨ ਅਤੇ ਪਦਾਰਥ ਦੋ ਦ੍ਰਵਾਂ ਤੋਂ ਮਿਲ ਕੇ ਬਣੀ ਹੈ। ਇਹ ਦੋਨੋਂ ਦ੍ਰਵ ਸਤੰਤਰ, ਸੰਪੂਰਨ ਅਤੇ ਆਤਮ ਨਿਰਭਰ ਹਨ। ਮਨ ਅਤੇ ਪਦਾਰਥ ਦੋ ਵਿਅਕਤੀਗਤ ਸੱਤਾਵ ਹਨ ਇਸ ਕਰਕੇ ਇਨ੍ਹਾਂ ਵਿੱਚ ਭਿੰਨਤਾ ਵੀ ਹੈ। ਮਨ ਇਕ ਮਾਨਸਿਕ ਦ੍ਰਵ ਹੈ ਜਦੋਂ ਪਦਾਰਥ ਗੁਣਾਂ ਵਾਲਾ ਦ੍ਰਵ ਹੈ ਮਨ ਦਾ ਗੁਣ ਵਿਚਾਰ ਹੈ ਅਤੇ ਪਦਾਰਥ ਦਾ ਗੁਣ ਫੈਲਾਅ ਹੈ। ਮਨ ਗਤੀਸ਼ੀਲ ਹੈ ਜਦੋਂ ਕਿ ਪਦਾਰਥ ਗਤੀਹੀਨ ਹੈ। ਮਨ ਨੂੰ ਵੰਡਿਆ ਨਹੀਂ ਜਾ ਸਕਦਾ ਹੈ। ਪਦਾਰਥ ਵੰਡ ਅਨੇਕ ਹਿੱਸਿਆਂ ਵਿੱਚ ਹੋ ਸਕਦੀ ਹੈ। ਮਾਨਸਿਕ ਬਦਲਾਵ ਮਾਨਸਿਕ ਨਿਯਮਾਂ ਦੇ ਅਧੀਨ ਹੁੰਦੇ ਹਨ ਜਦੋਂ ਕਿ ਪਦਾਰਥ ਵਸਤੂਆ ਭੌਤਿਕ ਨਿਯਮਾਂ ਦੇ ਅਧੀਨ ਗਤੀ ਕਰਦੀਆਂ ਹਨ। ਸੋ ਇਥੇ ਇਹ ਸਪੱਸ਼ਟ ਹੁੰਦਾ ਹੈ ਕਿ ਮਨ ਅਤੇ ਪਦਾਰਥ ਦੋ ਸੁਤੰਤਰ ਅਤੇ ਆਤਮ ਨਿਰਭਰ ਸੱਤਾਵਾਂ ਜਾਂ ਦ੍ਰਵ ਹਨ। ਸੋ ਡੇਕਾਰਟੇ ਇਸ ਤਰ੍ਹਾਂ ਹੀ ਦ੍ਰਵਾਂ ਤੋਂ ਸਤੰਤਰ ਦ੍ਰਵ ਹੈ। ਡੇਕਾਰਟੇ ਕਹਿੰਦਾ ਹੈ ਕਿ ਈਸਵਰ ਇੱਕ ਨਿਰਪੱਖ ਦ੍ਰਵ ਹੈ ਅਤੇ ਮਨ ਅਤੇ ਪਦਾਰਥ ਦੋ ਸਾਪੇਖ ਦ੍ਰਵ ਹਨ। ਡੇਕਾਰਟੇ ਈਸ਼ਵਰ ਦੀ ਹੋਂਦ ਦੇ ਨਾਲ ਨਾਲ ਸੰਸਾਰ ਦੀ ਵਿਆਖਿਆ ਮਨ ਅਤੇ ਪਦਾਰਥ ਦੇ ਦ੍ਰਵਾਂ ਦੇ ਅਧਾਰ ਤੇ ਕਰਦਾ ਹੈ।

## 1.5.5 ਮਨ-ਸਰੀਰ ਸੰਬੰਧ :

ਡੇਕਾਰਟੇ ਮਨ ਅਤੇ ਸਰੀਰ ਦੇ ਸੰਬੰਧਾਂ ਨੂੰ ਦੱਸਣ ਲਈ ਇਹਨਾਂ ਦੀ ਆਪਸੀ ਅੰਤਰ-ਕ੍ਰਿਆ ਨੂੰ ਸਪੱਸ਼ਟ ਕਰਦਾ ਹੈ। ਜਦੋਂ ਡੇਕਾਰਟ ਮਨ ਅਤੇ ਪਦਾਰਥ ਨੂੰ ਆਤਮ ਨਿਰਭਰ ਕਹਿੰਦਾ ਹੈ ਤਾਂ ਇਥੇ ਇਕ ਵਿਰੋਧਤਾ ਇਹ ਆਉਂਦੀ ਹੈ ਕਿ ਮਨੁੱਖ ਦਾ ਸਰੀਰ ਵੀ ਮਨ ਅਤੇ ਪਦਾਰਥ ਦਾ ਸਮੇਲ ਹੈ। ਮਨੁੱਖੀ ਸਰੀਰ ਵਿੱਚ ਮਨ ਅਤੇ ਪਦਾਰਥ ਦੀ ਆਤਮ ਨਿਰਭਰਤਾ ਨਜ਼ਰ ਨਹੀਂ ਆਉਂਦੀ ਕਿਉਂਕਿ ਮਨ ਦਾ ਪ੍ਰਭਾਵ ਸਰੀਰ ਤੇ ਸਪੱਸ਼ਟ ਨਜ਼ਰ ਆਉਂਦਾ ਹੈ। ਸੋ ਸਰੀਰ ਦੀ ਥਕਾਵਟ ਨਾਲ ਮਨ ਵੀ ਥੱਕਦਾ ਹੈ। ਸੋ ਜਦੋਂ ਇਸ ਤਰ੍ਹਾਂ ਦਾ ਇਕ ਦੂਜੇ ਤੇ ਪ੍ਰਭਾਵ ਹੈ ਤਾਂ ਫਿਰ ਇਹ ਆਤਮ ਨਿਰਭਰ ਕਿਵੇਂ ਹੋਏ? ਇਸ ਪ੍ਰਸ਼ਨ ਦੇ ਉੱਤਰ ਵਿੱਚ ਡੇਕਾਰਟ ਕਹਿੰਦਾ ਹੈ ਕਿ ਕਿਸੇ ਵਿਸ਼ੇਸ਼ ਹਾਲਤ ਵਿੱਚ ਮਨ ਅਤੇ ਸਰੀਰ ਵਿੱਚ ਸਬੰਧ ਪੈਦਾ ਹੁੰਦਾ ਹੈ ਅਤੇ ਇਹ ਸਬੰਧ ਮਨੁੱਖੀ ਸਰੀਰ ਦੇ ਦਿਮਾਗ ਦੇ ਕੋਲ ਇਕ ਗ੍ਰੰਥੀ ਪੀਨੀਅਲ

ਗਲੈਂਡ ਹੁੰਦੀ ਹੈ, ਜੋ ਮਨ ਅਤੇ ਸਰੀਰ ਵਿੱਚ ਸੰਪਰਕ ਦਾ ਕਾਰਣ ਬਣਦੀ ਹੈ। ਇਸ ਕਰਕੇ ਹੀ ਇਸ ਨੂੰ ਅੰਤਰਕ੍ਰਿਆਵਾਦ ਕਹਿੰਦੇ ਹਨ।

ਪ੍ਰੋ: ਟਾਇਟਸ ਅੰਤਰ-ਕਿਰਿਆਵਾਦ ਦੀ ਪਰਿਭਾਸ਼ਾ ਕਰਦੇ ਹੋਏ ਕਹਿੰਦੇ ਹਨ ਕਿ ਅੰਤਰ ਕ੍ਰਿਆਵਾਦ ਮਨ ਅਤੇ ਸਰੀਰ ਦੇ ਸੰਬੰਧ ਦੀ ਵਿਚਾਰਧਾਰਾ ਹੈ ਜੋ ਮਨ ਅਤੇ ਸਰੀਰ (ਪਦਾਰਥ) ਨੂੰ ਵੱਖ-ਵੱਖ ਦ੍ਰਵ ਮੰਨਦੀ ਹੈ। ਪ੍ਰੰਤੂ ਇਹ ਦੋਨੋ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ।

## 1.5.6 ਸਿੱਟਾ :

ਸੋ ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਡੇਕਾਰਟ ਦਾ ਦਵੈਤਵਾਦ ਇੱਕ ਵੱਖਰਾ ਸਿਧਾਂਤ ਹੈ। ਡੇਕਾਰਟ ਮਨ ਅਤੇ ਪਦਾਰਥ ਦੋਨਾਂ ਦ੍ਰਵਾਂ ਨੂੰ ਆਤਮਾ ਦੀ ਸੱਤਾ ਪ੍ਰਮਾਣਿਤ ਕਰਨ ਤੋਂ ਪਿਛੋਂ ਈਸ਼ਵਰ ਦੀ ਸੱਤਾ ਨੂੰ ਮੰਨਦਾ ਹੈ। ਸੋ ਜੇਕਰ ਈਸ਼ਵਰ ਦੀ ਸੱਤਾ ਨੂੰ ਹੀ ਮੰਨਦਾ ਹੈ ਤਾਂ ਦੋ ਦ੍ਰਵਾਂ ਦੀ ਕੋਈ ਜ਼ਰੂਰਤ ਨਹੀਂ ਹੈ। ਸੋ ਇਸ ਤਰ੍ਹਾਂ ਇਹ ਮਨ ਅਤੇ ਪਦਾਰਥ ਨੂੰ ਈਸ਼ਵਰ ਦੀ ਪੈਦਾਵਾਰ ਮੰਨਦਾ ਹੈ। ਸੋ ਇਸ ਤਰ੍ਹਾਂ ਇਹ ਡੇਕਾਰਟੇ ਦਾ ਦਵੈਤਵਾਦ ਨਾ ਹੋ ਕੇ ਇੱਕ- ਤੱਤਵਾਦ ਬਣਦਾ ਹੈ।

ਪ੍ਰਸ਼ਨ : ਦਵੈਤਵਾਦ ਕੀ ਹੈ? ਡੇਕਾਰਟੇ ਦੇ ਦਵੈਤਵਾਦ ਬਾਰੇ ਚਾਨਣਾ ਪਾਉ।

## 1.5.7 ਛੋਟੇ ਪ੍ਰਸ਼ਨ :

1. ਮਨ ਅਤੇ ਪਦਾਰਥ।
2. ਮਨ ਅਤੇ ਸਰੀਰ ਦੀ ਸਮੱਸਿਆ
3. ''ਮੈਂ ਸੰਦੇਹ ਕਰ ਰਿਹਾ ਹਾਂ'' ਕਥਨ ਬਾਰੇ ਦੱਸੋ।

## 1.5.8 ਫਿਲਾਸਫੀ-ਐਨ ਇੰਟਰੋਡਕਸ਼ਨ : ਏ. ਜੇ. ਬਾਹਮ

1. ਫੰਡਾਮੈਂਟਲ ਕੁਅਸ਼ਚਨਜ ਇਨ ਫਿਲਾਸਫੀ, ਸਟਫ਼ਿਨ ਕੌਹਨ
2. ਪਛੱਮੀ ਦਰਸ਼ਨ ਦਾ ਇਤਿਹਾਸ- ਬੀ ਐਮ ਰਾਏ ਭੱਲਾ, ਆਰ ਡੀ. ਨਿਰਾਕਾਰੀ
3. ਏ ਕ੍ਰਿਟੀਕਲ ਆਫ-ਵੈਸਟਰਨ ਫਿਲਾਸਫੀ ਵਾਲੀ-ਸਮਾਹ
4. ਤੱਤ ਮੀਮਾਂਸਾ ਅਤੇ ਗਿਆਨ ਮੀਮਾਂਸਾ-ਪ੍ਰੋ. ਜੀ. ਐਮ ਸੰਧੂ

## 1.5.9 ਵਧੇਰੇ ਜਾਣਕਾਰੀ ਲਈ ਪਾਠ ਪੁਸਤਕਾਂ ਦੀ ਸੂਚੀ :

1. RANE DESCARTES : Discourse on Method (1637)
2. RANE DESCARTES : Meditations (1642)

**ਪਾਠ ਨੰ. 1.6** **ਲੇਖਕ : ਪ੍ਰੋ.ਜੀ.ਐਸ. ਸੰਧੂ**

# ਬਹੁਤਤਵਾਦ (Pluralism)

**ਬਣਤਰ**

1.6.1 ਜਾਣ-ਪਹਿਚਾਣ
1.6.2 ਅਨੇਕ-ਤੱਤਵਾਦੀਆਂ ਦੀਆਂ ਪਰਿਭਾਸ਼ਾਵਾਂ
1.6.3 ਅਨੇਕ ਬਹੁ-ਤੱਤਵਾਦੀਆਂ ਦੀਆਂ ਕਿਸਮਾਂ
1.6.3.1 ਪਦਾਰਥਿਕ ਅਨੇਕ-ਤੱਤਵਾਦ
1.6.3.2 ਯਥਾਰਥਿਕ ਅਨੇਕ-ਤੱਤਵਾਦ
1.6.3.3 ਅਧਿਆਤਮਿਕ ਅਨੇਕ-ਤੱਤਵਾਦ
1.6.4 ਪੈਲਟੋ ਦਾ ਅਨੇਕ-ਤੱਤਵਾਦ
1.6.5 ਲਾਈਬਨੀਜ਼ ਦਾ ਅਨੇਕ-ਤੱਤਵਾਦ
1.6.6 ਆਲੋਚਨਾ
1.6.7 ਸਿੱਟਾ
1.6.8 ਆਪਣੇ ਗਿਆਨ ਦੀ ਪਰਖ ਕਰੋ

## 1.6.1 ਜਾਣ-ਪਹਿਚਾਣ :

ਦਰਸ਼ਨ ਸ਼ਾਸ਼ਤਰ ਵਿੱਚ ਦ੍ਰਵ ਦੇ ਸਰੂਪ ਅਤੇ ਹੋਂਦ ਬਾਰੇ ਤਿੰਨ ਪ੍ਰਕਾਰ ਦੇ ਸਿਧਾਂਤ ਮਿਲਦੇ ਹਨ - ਇਕ-ਤੱਤਵਾਦ, ਦੋ-ਤੱਤਵਾਦ ਅਤੇ ਅਨੇਕ-ਤੱਤਵਾਦ। ਇਕ-ਤੱਤਵਾਦੀਆਂ ਅਨੁਸਾਰ ਦ੍ਰਵ ਕੇਵਲ ਇਕ ਹੀ ਹੈ ਨਾ ਕਿ ਦੋ ਜਾਂ ਅਨੇਕ। ਜਦੋਂ ਕਿ ਦੋ-ਤੱਤਵਾਦੀਆਂ ਅਨੁਸਾਰ ਦ੍ਰਵ ਦੋ ਹਨ ਜਿਵੇਂ ਡੇਕਾਰਟੇ ਮਨ ਤੇ ਸਰੀਰ ਨੂੰ ਦ੍ਰਵ ਮੰਨਦਾ ਹੈ ਪ੍ਰੰਤੂ ਅਨੇਕ-ਤੱਤਵਾਦੀਆਂ ਅਨੁਸਾਰ ਅਨੇਕਾਂ ਹੀ ਦ੍ਰਵ ਹਨ। ਦ੍ਰਵ ਤੋਂ ਭਾਵ ਉਸ ਵਸਤੂ ਤੋਂ ਹੁੰਦਾ ਹੈ ਜੋ ਆਪਣੇ ਆਪ ਵਿੱਚ ਸੰਪੂਰਨ ਹੁੰਦੀ ਹੈ ਤੇ ਆਪਣੇ ਆਪ ਵਿੱਚ ਇਕ ਵਿਅਕਤੀਗਤ ਸੱਤਾ ਰੱਖਦੀ ਹੈ ਜਿਸਨੂੰ ਆਪਣੀ ਹੋਂਦ ਲਈ ਕਿਸੀ ਹੋਰ ਵਸਤੂ ਉਤੇ ਨਿਰਭਰ ਨਹੀਂ ਹੋਣਾ ਪੈਂਦਾ। ਲਾਇਬਨੀਜ਼ ਨੇ ਅਨੇਕ-ਤੱਤਵਾਦ ਦੇ ਸਿਧਾਂਤ ਨੂੰ ਪ੍ਰਸਤੁੱਤ ਕੀਤਾ ਹੈ। ਉਸ ਅਨੁਸਾਰ ਹਰੇਕ ਵਸਤੂ ਸੰਪੂਰਨ ਤੇ ਆਤਮ ਨਿਰਭਰ ਹੈ, ਜਿਸਨੂੰ ਉਹ ਚਿੰਤਾ ਨੂੰ (Monad) ਕਹਿੰਦਾ ਹੈ। ਹਰੇਕ ਚਿੰਤਾ ਨੂੰ ਸੁਰਾਖ-ਰਹਿਤ ਹੁੰਦਾ ਹੈ, ਜਿਸ ਵਿੱਚ ਨਾ ਤਾਂ ਕੁਝ ਪਾਇਆ ਜਾ ਸਕਦਾ ਹੈ ਤੇ ਜਿਸ ਵਿਚੋਂ ਨਾ ਕੁਝ ਘਟਾਇਆ ਜਾ ਸਕਦਾ ਹੈ।

### 1.6.2 ਅਨੇਕ-ਤੱਤਵਾਦੀਆਂ ਦੀਆਂ ਪਰਿਭਾਸ਼ਾਵਾਂ :

1. ਅਨੇਕ-ਤੱਤਵਾਦ ਇਕ ਤੱਤ-ਵਿਗਿਆਨਕ ਸਿਧਾਂਤ ਹੈ ਜੋ ਸੰਸਾਰ ਦੀਆਂ ਸਾਰੀਆਂ ਵਸਤੂਆਂ ਦੀਆਂ ਵਿਖਿਆਵਾਂ ਅਨੇਕਾਂ ਦ੍ਰਵਾਂ ਦੇ ਆਧਾਰ ਤੇ ਕਰਦਾ ਹੈ।
2. ਡਿਕਸ਼ਨਰੀ ਆਫ਼ ਫਿਲਾਸਫ਼ੀ ਦੇ ਅਨੁਸਾਰ ਹਰੇਕ-ਤੱਤਵਾਦ ਇਕ ਦ੍ਰਿਸ਼ਟੀਕੋਣ ਹੈ ਜਿਸ ਅਨੁਸਾਰ ਸੰਸਾਰ ਵਿੱਚ ਬਹੁਤ ਕਿਸਮ ਦੀਆਂ ਸੱਤਾਵਾਂ ਹਨ ਜਿਨ੍ਹਾਂ ਨੂੰ ਇਕ ਜਾਂ ਦੋ ਵਿੱਚ ਨਹੀਂ ਵੰਡਿਆ ਜਾ ਸਕਦਾ।
3. ਪ੍ਰੋਫੈਸਰ ਟਾਟੀਟਸ ਅਨੁਸਾਰ, ਅਨੇਕ-ਤੱਤਵਾਦ ਇਕ ਸਿਧਾਂਤ ਹੈ ਜਿਸ ਅਨੁਸਾਰ ਸਚਾਈ ਇਕ ਜਾਂ ਦੋ ਦ੍ਰਵਾਂ ਰਾਹੀਂ ਨਹੀਂ ਬਲਕਿ ਅਨੇਕਾਂ ਦ੍ਰਵਾਂ ਰਾਹੀਂ ਬਣੀ ਹੈ।

   ਇਹ ਇਕ-ਤੱਤਵਾਦ ਤੇ ਦਵੈਤ-ਤੱਤਵਾਦ ਦੇ ਵਿਰੁੱਧ ਹੈ।

### 1.6.3 ਅਨੇਕ-ਤੱਤਵਾਦ ਦੀਆਂ ਕਿਸਮਾਂ :

ਅਨੇਕ-ਤੱਤਵਾਦ ਇਕ ਅਜਿਹਾ ਸਿਧਾਂਤ ਹੈ ਜੋ ਅਨੇਕਾਂ ਦ੍ਰਵਾਂ ਨੂੰ ਮੰਨਦਾ ਹੈ। ਅਨੇਕ-ਤੱਤਵਾਦ ਪ੍ਰਤੀ ਵੱਖ-ਵੱਖ ਦਾਰਸ਼ਨਿਕਾਂ ਦੇ ਵੱਖ-ਵੱਖ ਵਿਚਾਰ ਹਨ। ਜਿਨ੍ਹਾਂ ਨੂੰ ਅਸੀਂ ਹੇਠ ਲਿਖੇ ਭਾਗਾਂ ਵਿੱਚ ਵੰਡ ਸਕਦੇ ਹਾਂ :-

6.3.1 ਪਦਾਰਥ ਅਨੇਕ-ਤੱਤਵਾਦ

6.3.2 ਯਥਾਰਥਵਾਦੀ ਅਨੇਕ-ਤੱਤਵਾਦ

6.3.3 ਅਧਿਆਤਮਕ ਅਨੇਕ-ਤੱਤਵਾਦ

ਯਥਾਰਥਵਾਦ ਕੇਵਲ ਪਦਾਰਥ ਨੂੰ ਹੀ ਇਕ ਤੱਤ ਮੰਨਦਾ ਹੈ ਭਾਵੇਂ ਪਦਾਰਥ ਅੱਗੋਂ ਕਈ ਹੁੰਦੇ ਹਨ ਪਰ ਸਾਰੇ ਪਦਾਰਥਾਂ ਵਿਚ ਇਕੋ ਜਿਹੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜਿਸ ਕਰਕੇ ਪਦਾਰਥਵਾਦੀ ਇਕ-ਤੱਤਵਾਦੀ ਹੈ। ਪਰ ਕਈ ਪਦਾਰਥਵਾਦੀ ਇਸ ਪਦਾਰਥ ਨੂੰ ਚਾਰ ਜਾਂ ਇਸ ਤੋਂ ਵੱਧ ਮੰਨਦੇ ਹਨ ਜਿਸ ਕਰਕੇ ਇਹ ਇਕ-ਤੱਤਵਾਦ ਦੇ ਨਾਲ-ਨਾਲ ਅਨੇਕ-ਤੱਤਵਾਦੀ ਹੈ। ਇਸ ਤਰ੍ਹਾਂ ਅਧਿਆਤਮਕਵਾਦ ਜਾਂ ਆਦਰਸ਼ਵਾਦ ਵਿੱਚ ਕੇਵਲ ਵਿਚਾਰ ਨੂੰ ਇਕ ਤੱਤ ਮੰਨਿਆ ਗਿਆ ਸੀ ਜਿਸ ਕਾਰਨ ਇਹ ਇਕ ਤੱਤਵਾਦ ਸੀ। ਪ੍ਰੰਤੂ ਪਲੈਟੋ ਲਾਇਬਾਨੀਜ਼ ਅਤੇ ਮੈਕਟੇਗਾਰਟ ਅਨੁਸਾਰ ਸੰਸਾਰ ਵਿੱਚ ਅਨੇਕ ਅਧਿਆਤਮਕ ਦ੍ਰਵ ਹਨ ਜਿਸ ਕਾਰਨ ਇਹ ਅਨੇਕ-ਤੱਤਵਾਦੀ ਵੀ ਹੈ। ਇਹਨਾਂ ਵੱਖ-ਵੱਖ ਅਨੇਕ-ਤੱਤਵਾਦੀਆਂ ਕਿਸਮਾਂ ਦੀ ਵਿਆਖਿਆ ਇੰਝ ਹੈ :-

### 1.6.3.1 ਪਦਾਰਥਕ ਅਨੇਕ-ਤੱਤਵਾਦ (Materialistic Pluralism)

ਅਸੀਂ ਉਪਰ ਪਹਿਲਾਂ ਹੀ ਦੱਸ ਚੁੱਕੇ ਹਾਂ ਕਿ ਪਦਾਰਥਵਾਦ ਇਕ-ਤੱਤਵਾਦੀ ਵੀ ਹੈ ਤੇ ਅਨੇਕ-ਤੱਤਵਾਦੀ ਵੀ। ਡੈਮੋਕ੍ਰਾਈਟਸ ਅਤੇ ਲਿਊਸੀਪਸ ਨੇ ਜੋ ਸਿਧਾਂਤ ਦਿੱਤਾ ਸੀ ਕਿ ਦ੍ਰਵ ਇਕ ਅਣੂ (Atom) ਹੈ, ਇਸਨੂੰ ਇਕ-ਤੱਤਵਾਦੀ ਸਾਬਤ ਕਰਦਾ ਹੈ ਪਰ ਉਸਤੋਂ ਪਹਿਲਾਂ ਯੂਨਾਨੀ ਦਾਰਸ਼ਨਿਕ ਐਮਪੀਡੋਕਲੀਜ਼ ਅਤੇ ਅਨੇਕਸਾਗੋਰਸ ਅਨੁਸਾਰ ਸੰਸਾਰ ਪਦਾਰਥਾਂ ਰਾਹੀਂ ਹੀ ਬਣਿਆ ਹੈ। ਇਹ ਪਦਾਰਥ ਇਕੋ ਕਿਸਮ ਦਾ ਨਹੀਂ ਬਲਕਿ ਇਕ ਜਾਂ ਇਕ ਤੋਂ ਵੱਧ ਹਨ। ਐਮਪੀਡੋਕਲੀਜ਼ ਅਨੁਸਾਰ ਇਹ ਸੰਸਾਰ ਕੇਵਲ ਚਾਰ ਪਦਾਰਥਾਂ- ਅੱਗ, ਪਾਣੀ, ਹਵਾ ਰਾਹੀਂ ਬਣਿਆ ਹੈ। ਇਹ ਸਾਰੇ ਪਦਾਰਥ ਸੰਸਾਰ ਦੀ ਹਰ ਇਕ ਵਸਤੂ ਵਿੱਚ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹਨ। ਉਸ ਅਨੁਸਾਰ ਕਿਸੇ ਵੀ ਵਸਤੂ ਦਾ ਜਨਮ ਜਾਂ ਮਰਨ ਨਹੀਂ ਹੁੰਦਾ ਬਲਕਿ ਕੇਵਲ ਇਨ੍ਹਾਂ ਚਾਰ ਪਦਾਰਥਾਂ ਦਾ ਮਿਲਣਾ ਤੇ ਵੱਖ ਹੋਣਾ ਹੁੰਦਾ ਹੈ ਪ੍ਰੰਤੂ ਅਨੈਕਸਾਗੋਰਸ ਅਨੁਸਾਰ ਸੰਸਾਰ ਦੇ ਦ੍ਰਵ ਕੇਵਲ ਚਾਰ ਹੀ ਨਹੀਂ ਬਲਕਿ ਅਨੇਕ ਹਨ।

ਇਹ ਸੰਸਾਰ ਜੋ ਕਈ ਗੁਣਾਂ ਨਾਲ ਭਰਪੂਰ ਹੈ, ਕੇਵਲ ਚਾਰ ਕੁ ਦ੍ਰਵਾਂ ਨਾਲ ਇਸਦੀ ਵਿਆਖਿਆ ਨਹੀਂ ਕੀਤੀ ਜਾ ਸਕਦੀ ਇੰਜ ਅਨੇਕ-ਤੱਤਵਾਦੀ ਪਦਾਰਥਵਾਦੀ ਅਨੁਸਾਰ ਆਖਰੀ ਸਚਾਈ ਅਣਗਣਿਤ ਪਦਾਰਥਾਂ ਜਾਂ ਅਣੂਆਂ ਦੀ ਬਣੀ

ਹੈ ਇਸ ਲਈ ਅਸੀਂ ਇਸਨੂੰ ਪਦਾਰਥਵਾਦੀ ਅਨੇਕ-ਤੱਤਵਾਦ ਕਹਿ ਸਕਦੇ ਹਨ।

### 1.6.3.2 ਯਥਾਰਥਕ ਅਨੇਕ-ਤੱਤਵਾਦ :

ਯਥਾਰਥਵਾਦ ਵੀ ਇਕ ਗਿਆਨ ਮੀਮਾਂਸਕ ਅਤੇ ਤੱਤ ਵਿਗਿਆਨਕ ਸਿਧਾਂਤ ਹੈ ਜੋ ਹਰ ਵਸਤੂ ਨੂੰ ਆਪਣੇ ਆਪ ਵਿੱਚ ਸੰਪੂਰਨ ਮੰਨਦਾ ਹੈ। ਇਸ ਸਿਧਾਂਤ ਅਨੁਸਾਰ ਵਸਤੂ ਹੀ ਵਾਸਤਵਿਕ ਹੈ। ਜੋ ਕੁਝ ਵੀ ਸੱਚ ਹੈ ਉਹ ਵਸਤਾਂ ਹੀ ਹਨ, ਵਸਤਾਂ ਤੋਂ ਇਲਾਵਾ ਉਨ੍ਹਾਂ ਨੂੰ ਬਣਾਉਣ ਜਾਂ ਚਲਾਉਣ ਵਾਲਾ ਕੋਈ ਦ੍ਰਵ ਨਹੀਂ ਹੈ, ਵਸਤਾਂ ਆਪਣੇ ਆਪ ਵਿੱਚ ਦ੍ਰਵ ਹਨ ਇਸ ਲਈ ਜਿੰਨੀਆਂ ਵਸਤਾਂ ਹੋਣਗੀਆਂ ਉਨੇ ਦ੍ਰਵ ਹੋਣਗੇ। ਹਰ ਇਕ ਵਸਤੂ ਦ੍ਰਵ ਹੈ। ਅੰਗਰੇਜ਼ ਦਾਰਸ਼ਨਿਕ ਬਰਟਰੈਂਡ ਰੱਸਲ ਦਾ ਅਜਿਹਾ ਦ੍ਰਿਸ਼ਟੀਕੋਣ ਸੀ। ਉਸ ਦੇ ਸਿਧਾਂਤ ਨੂੰ ਤਾਰਕਿਕ ਅਣੂਵਾਦ ਕਿਹਾ ਜਾਂਦਾ ਹੈ। ਇਸਨੂੰ ਅਸੀਂ ਯਥਾਰਥਵਾਦੀ ਅਨੇਕ-ਤੱਤਵਾਦੀ ਵੀ ਕਹਿੰਦੇ ਹਨ।

### 1.6.3.3 ਅਧਿਆਤਮਕ ਅਨੇਕ-ਤੱਤਵਾਦ (Spirtualistic Pluralism)

ਇਹ ਸਿਧਾਂਤ ਸੰਸਾਰ ਦੀ ਵਿਆਖਿਆ ਅਨੇਕ ਤੱਤਾਂ ਦੇ ਆਧਾਰ ਤੇ ਕਰਦਾ ਹੈ ਤੇ ਉਨ੍ਹਾਂ ਤੱਤਾਂ ਦਾ ਸਰੂਪ ਅਧਿਆਤਮਕ ਮੰਨਦਾ ਹੈ। ਇਸ ਸਿਧਾਂਤ ਦੇ ਸਮਰੱਥਕ ਮੁੱਖ ਤੌਰ ਤੇ ਪਲੇਟੋ ਤੇ ਲਾਇਬਨੀਜ਼ ਦਾ ਮੋਨਾਡੋਲਜ਼ੀ ਅਨੇਕ-ਤੱਤਵਾਦੀ ਸਿਧਾਂਤ ਹਨ।

### 1.6.4 ਪਲੇਟੋ ਦਾ ਅਨੇਕ-ਤੱਤਵਾਦੀ :

ਭਾਵ ਪਲੈਟੋ ਦੇ ਵਿਚਾਰਾਂ ਵਿੱਚ ਦੇਤਵਾਦ ਦਾ ਝਲਕਾਰਾ ਮਿਲਦਾ ਹੈ ਜਦੋਂ ਉਹ ਸੰਸਾਰ ਨੂੰ ਵਿਚਾਰਾਂ ਦੇ ਸੰਸਾਰ ਤੇ ਪਦਾਰਥਾਂ ਦੇ ਸੰਸਾਰ ਵਿੱਚ ਵੰਡਦਾ ਹੈ। ਪ੍ਰੰਤੂ ਉਹ ਇਹਨਾਂ ਦੋਹਾਂ ਸੰਸਾਰਾਂ ਵਿਚੋਂ ਵਿਚਾਰਾਂ ਨੂੰ ਬੇਹੱਦ ਮਹੱਤਤਾ ਦਿੰਦਾ ਹੈ। ਪਲੈਟੋ ਅਨੁਸਾਰ ਵਿਚਾਰ ਕਈ ਪ੍ਰਕਾਰ ਦੇ ਅਤੇ ਅਨੇਕ ਕਿਸਮ ਦੇ ਹੁੰਦੇ ਹਨ ਤੇ ਹਰ ਇਕ ਵਸਤੂ ਆਪਣੇ ਵਿਚਾਰਾਂ ਤੋਂ ਪੈਦਾ ਹੁੰਦੀ ਹੈ। ਕਿਉਂਕਿ ਵਸਤਾਂ ਅਨੇਕ ਤੇ ਭਿੰਨ ਹਨ। ਸਪੱਸ਼ਟ ਹੈ ਉਨ੍ਹਾਂ ਦੇ ਵਿਚਾਰ ਵੀ ਅਨੇਕ ਤੇ ਭਿੰਨ ਹੋਣਗੇ। ਹਰ ਇਕ ਵਸਤੂ ਆਪਣੇ ਜਨਮ ਤੋਂ ਵਿਚਾਰਾਂ ਨਾਲੋਂ ਵੱਖ ਹੋ ਕੇ ਇਕ ਆਤਮ ਨਿਰਭਰ ਸੱਤਾ ਰੱਖਦੀ ਹੈ ਇਸਨੂੰ ਵਸਤੂਗਤ ਆਦਰਸ਼ਵਾਦ ਕਹਿੰਦੇ ਹਨ।

### 1.6.5 ਲਾਇਬਨੀਜ਼ ਦਾ ਅਨੇਕ-ਤੱਤਵਾਦ :

ਲਾਇਬਨੀਜ਼ ਨੇ ਆਪਣੇ ਤੱਤ-ਵਿਗਿਆਨਕ ਸਿਧਾਂਤ ਨੂੰ ਆਪਣੀ ਪੁਸਤਕ 'ਮੋਨਾਡੋਲਾਜ਼ੀ' ਵਿੱਚ ਪੇਸ਼ ਕੀਤਾ ਹੈ। ਉਸ ਅਨੁਸਾਰ ਸੰਸਾਰ ਅਨੇਕ ਦ੍ਰਵਾਂ ਦਾ ਬਣਿਆ ਹੈ ਇਨ੍ਹਾਂ ਦ੍ਰਵਾਂ ਦਾ ਸਰੂਪ ਅਧਿਆਤਮਕ ਹੈ। ਹਰ ਇਕ ਵਸਤੂ ਆਪਣੇ ਆਪ ਵਿੱਚ ਵਿਸ਼ੇਸ਼ ਹੈ ਕਿਉਂਕਿ ਉਸ ਵਿੱਚ ਵਿਸ਼ੇਸ਼ ਤੇ ਵੱਖਰੇ ਗੁਣ ਸ਼ਾਮਲ ਹਨ। ਹਰ ਇਕ ਵਸਤੂ ਸੰਪੂਰਨ ਹੈ। ਇੰਜ ਹਰ ਇਕ ਵਸਤੂ ਦ੍ਰਵ ਹੈ। ਹਰ ਇਕ ਵਸਤੂ ਭਾਵੇਂ ਉਹ ਕਿਸੇ ਵੀ ਅਕਾਰ, ਰੂਪ, ਰੰਗ, ਭਾਰ, ਗੁਣਾਂ ਦੀ ਹੈ, ਉਹ ਆਪਣੇ ਆਪ ਵਿੱਚ ਵਿਲੱਖਣ ਤੇ ਅਨੋਖੀ ਹੋਣ ਕਾਰਨ ਵਿਸ਼ੇਸ਼ ਹੈ, ਉਹ ਇਕ ਚਿੰਤਾਣੂ ਹੈ।

ਇਸ ਸੰਯੁਕਤ ਰੂਪ ਵਾਲੇ ਸੰਸਾਰ ਵਿੱਚ ਜੋ ਮੂਲ ਤੱਤ ਹਨ, ਉਨ੍ਹਾਂ ਨੂੰ ਲਾਈਬਨਿਜ਼ 'ਮੋਨੈਡਜ਼' ਕਹਿੰਦਾ ਹੈ ਅਤੇ ਇਨ੍ਹਾਂ ਦੀ ਪਰਿਭਾਸ਼ਾ ਦੇ ਅਨੁਸਾਰ ਇਨ੍ਹਾਂ ਨੂੰ ਅਧਿਆਤਮਕ ਜਾਂ ਮਾਨਸਿਕ ਕ੍ਰਿਆ ਦਾ ਕੇਂਦਰ ਮੰਨਿਆ ਜਾਂਦਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਲਾਇਬਨਿਜ਼ ''ਸ਼ਕਤੀ ਦੀ ਇਕਾਈ'' ਤੋਂ ਮੋਨੈਡਜ਼ ਤੱਕ ਕਿਵੇਂ ਪਹੁੰਚਿਆ ? ਇਸ ਬਾਰੇ ਪਹਿਲਾ ਪ੍ਰਸ਼ਨ ਇਹ ਸੀ ਕਿ ਕੀ ਇਹ ''ਸ਼ਕਤੀ ਦੀ ਇਕਾਈ'' ਆਪਣੇ ਆਪ ਹੀ ਮੂਲ ਤੱਤ ਦਾ ਗੁਣ ਹੈ ? ਇਸ ਸੰਬੰਧ ਵਿਚ ਲਾਈਬਨਿਜ਼ ਸਪਿਨੋਂਜ਼ਾ ਨਾਲ ਸਹਿਮਤ ਹੈ ਕਿ ਮੂਲ-ਤੱਤ ਇਕ ਹੀ ਹੈ। ਪਰ ਲਾਈਬਨਿਜ਼ ਸਪਿਨੋਜ਼ਾ ਦੇ ਸਰਬ-ਸੰਬੰਧਿਤ ਮੂਲ-ਤੱਤ ਦੇ ਸਿਧਾਂਤ ਤੋਂ ਬੱਚਣਾ ਚਾਹੁੰਦਾ ਸੀ ਅਤੇ ਉਸ ਕੋਲ ਕੋਈ ਹੋਰ ਵਿਕਲਪ ਨਹੀਂ ਸੀ, ਇਸ ਲਈ ਉਸ ਦੇ ਸ਼ਕਤੀ ਦੀ ਹਰ ਇਕ ਇਕਾਈ ਨੂੰ ਆਪਣੇ ਆਪ ਵਿੱਚ ਹੀ ਮੂਲ-ਤੱਤ ਮੰਨ ਲਿਆ ਅਤੇ ਉਸ ਦੀ

ਸੁਤੰਤਰ ਹੋਂਦ ਨੂੰ ਸਵੀਕਾਰ ਕਰ ਲਿਆ।

ਮੂਲ-ਤੱਤ ਇਕ ਅਜਿਹੀ ਸੱਤਾ ਹੈ ਜੋ ਕ੍ਰਿਆ ਕਰਨ ਵਿੱਚ ਸਮਰਥ ਹੈ। ਇਹ ਮੂਲ-ਤੱਤ ਸਰਲ ਜਾਂ ਸੰਯੁਕਤ ਹੋ ਸਕਦਾ ਹੈ। ਸਰਲ ਮੂਲ-ਤੱਤ ਉਹ ਹੁੰਦਾ ਹੈ ਜਿਸ ਦੇ ਅੰਗ ਨਹੀਂ ਹੁੰਦੇ। ਸੰਯੁਕਤ ਮੂਲ-ਤੱਤ ਉਹ ਹੁੰਦਾ ਹੈ ਜੋ ਸਰਲ ਮੂਲ-ਤੱਤ ਸੰਯੁਕਤ ਰੂਪ ਹੁੰਦਾ ਹੈ ਅਤੇ ਇਨ੍ਹਾਂ ਸਰਲ ਮੂਲ-ਤੱਤਾਂ ਨੂੰ ਮੋਨਾਡ ਕਿਹਾ ਜਾਂਦਾ ਹੈ। ਮੋਨਾਡ ਯੂਨਾਨੀ ਭਾਸ਼ਾ ਦਾ ਸ਼ਬਦ ਹੈ ਜੋ ਇਕਾਈ ਦੇ ਅਰਥ ਵਿਚ ਜਾਂ ਇਕੋ ਦੇ ਅਰਥ ਵਿਚ ਵਰਤਿਆ ਜਾਂਦਾ ਹੈ। ਇਸ ਤਰ੍ਹਾਂ ਜਿਵੇਂ ਜੀਵ, ਆਤਮਾ ਜਾਂ  ਚੇਤਨ-ਤੱਤ ਹਨ, ਉਨ੍ਹਾਂ ਨੂੰ ਇਕਾਈਆਂ ਕਿਹਾ ਜਾ ਸਕਦਾ ਹੈ। ਇਸ ਦਾ ਭਾਵ ਇਹ ਹੈ ਕਿ ਸਾਰੀ ਪ੍ਰਾਕ੍ਰਿਤੀ ਜੀਵਾਂ ਨਾਲ ਭਰੀ ਹੋਈ ਹੈ।

ਮੋਨੈਡਾਂ ਦੇ ਕੋਈ ਅੰਗ ਨਹੀਂ ਹੁੰਦਾ ਇਸ ਲਈ ਇਨ੍ਹਾਂ ਵਿੱਚ ਨਾ ਸੰਯੋਗ ਹੁੰਦਾ ਹੈ ਅਤੇ ਨਾ ਵਿਭਾਜਨ ਹੁੰਦਾ ਹੈ। ਇਸ ਕਰਕੇ ਪ੍ਰਾਕਿਤਿਕ ਵਿਧੀ ਦੇ ਅਨੁਸਾਰ ਨਾ ਇਨ੍ਹਾਂ ਦੀ ਰਚਨਾ ਹੁੰਦੀ ਹੈ ਅਤੇ ਨਾ ਹੀ ਇਨ੍ਹਾਂ ਦਾ ਅੰਤ ਹੁੰਦਾ ਹੈ। ਇਸ ਨਿਯਮ ਦੇ ਅਨੁਸਾਰ ਜਦ ਤੱਕ ਵਿਸ਼ਵ ਹੈ ਤੱਦ ਤੱਕ ਇਹ ਮੋਨੈਡਜ਼ ਵੀ ਰਹਿੰਦੇ ਹਨ। ਪਰ ਇਹ ਵਿਸ਼ਵ ਬਦਲ ਸਕਦਾ ਹੈ, ਖਤਮ ਨਹੀਂ ਹੋ ਸਕਦਾ; ਇਸ ਕਰਕੇ ਮੋਨਾਡ ਵੀ ਖ਼ਤਮ ਨਹੀਂ ਹੋ ਸਕਦੇ। ਇਨ੍ਹਾਂ ਮੋਨੈਡਾਂ ਦਾ ਕੋਈ ਵੀ ਆਕਾਰ ਨਹੀਂ ਹੁੰਦਾ, ਨਹੀਂ ਤਾਂ ਇਨ੍ਹਾਂ ਦੇ ਅੰਗ ਹੋਣੇ ਜ਼ਰੂਰੀ ਹੋ ਜਾਂਦੇ ਹਨ। ਇਸ ਦਾ ਅਰਥ ਇਹ ਹੋਇਆ ਕਿ ਕੋਈ ਵੀ ਮੋਨੈਡ, ਆਪਣੇ ਆਪ ਵਿਚ ਤੇ ਕਿਸੇ ਵੀ ਛਿਣ, ਦੂਜੇ ਮੋਨਾਡ ਤੋਂ ਸਿਵਾਏ ਆਂਤਰਿਕ ਗੁਣਾਂ ਤੇ ਕਾਰਜਾਂ ਦੇ ਆਧਾਰ ਤੇ ਨਿਖੇੜਿਆ ਨਹੀਂ ਜਾ ਸਕਦਾ। ਪਰ ਇਹ ਗੁਣ ਜਾਂ ਕਾਰਜ ਕੇਵਲ ਉਸ ਦੇ ਪ੍ਰਤੱਖਣ ਦੇ ਹੀ ਰੂਪ ਹਨ ਜੋ ਉਸਦੇ ਬਾਹਰਲੇ ਸਰੂਪ ਦੀ ਪ੍ਰਤਿਨਿੱਧਤਾ ਹੀ ਕਰਦੇ ਹਨ। ਫਿਰ ਵੀ ਇਹ ਮੋਨਾਡ ਸਰਲ ਤੱਤ ਹਨ। ਕਿਸੇ ਤਰ੍ਹਾਂ ਦਾ ਪਰਿਵਰਤਨ ਨਹੀਂ ਕਰ ਸਕਦਾ। ਕਿਉਂਕਿ ਇਨ੍ਹਾਂ ਮੋਨੋਡਾਂ ਵਿਚ ਕਿਸੇ ਪ੍ਰਕਾਰ ਦੀਆਂ ਖਿੜਕੀਆਂ ਜਾਂ ਮੋਰੀਆਂ ਨਹੀਂ ਹੁੰਦੀਆਂ ਜਿਨ੍ਹਾਂ ਰਾਹੀਂ ਕੋਈ ਤੱਤ ਜਾਂ ਜੀਵ ਇਨ੍ਹਾਂ ਵਿੱਚ ਪ੍ਰਵੇਸ਼ ਕਰ ਸਕੇ ਜਾਂ ਇਨ੍ਹਾਂ ਵਿਚੋਂ ਕੁਝ ਬਾਹਰ ਜਾ ਸਕੇ। ਇਸ ਤਰ੍ਹਾਂ ਆਂਤਰਿਕ ਤੱਤ ਦੀ ਜੋ ਕ੍ਰਿਆ ਹੈ ਉਹੀ ਪਰਿਵਰਤਨ ਦਾ ਕਾਰਣ ਹੈ, ਉਹੀ ਇੱਕ ਪ੍ਰਤੱਖਣ ਤੋਂ ਦੂਜੇ ਪ੍ਰਤੱਖਣ ਦਾ ਮਾਰਗ ਹੈ ਤੇ ਇਸਨੂੰ ਆਕਾਂਖਿਆ (appetition) ਕਿਹਾ ਜਾ ਸਕਦਾ ਹੈ। ਇਹ ਗੱਲ ਠੀਕ ਹੈ ਕਿ ਆਕਾਂਖਿਆ ਕਿਸੇ ਵੀ ਪੂਰਨ ਪ੍ਰਤੱਖਣ ਨੂੰ ਪ੍ਰਾਪਤ ਨਹੀਂ ਕਰ ਸਕਦੀ, ਜਿਸਨੂੰ ਉਹ ਪ੍ਰਾਪਤ ਕਰਨਾ ਚਾਹੁੰਦੀ ਹੈ, ਫਿਰ ਵੀ ਉਹ ਇਸ ਦੇ ਕੁਝ ਅੰਸ਼ ਨੂੰ ਪ੍ਰਾਪਤ ਕਰ ਲੈਂਦੀ ਹੈ ਤੇ ਨਵੇਂ ਪ੍ਰਕਾਰ ਦੇ ਪ੍ਰਤੱਖਣ ਤੱਕ ਪਹੁੰਚ ਜਾਂਦੀ ਹੈ।

ਹਰੇਕ ਮੋਨਾਡ ਵਿਚ ਦੋ ਪ੍ਰਕਾਰ ਦੇ ਪ੍ਰਤੱਖਣ ਹੁੰਦੇ ਹਨ, ਜਿਨ੍ਹਾਂ ਨੂੰ ਸਪੱਸ਼ਟ ਤੇ ਅਸਪੱਸ਼ਟ ਕਿਹਾ ਗਿਆ ਹੈ। ਮਹਾਂਸਾਗਰ ਦੇ ਸ਼ੋਰ ਵਿਚ ਸੰਵੇਦਨਾ ਤਿੰਨ ਪ੍ਰਕਾਰ ਦੇ ਤੱਤਾਂ ਨੂੰ ਵੱਖਰਾ ਨਹੀਂ ਕਰ ਸਕਦੀ ਜਾਂ ਇਹ ਅਜੇਹੇ ਸੂਖਮ ਪ੍ਰਤੱਖਣਾਂ ਵਿਚ ਭੇਦ ਨਹੀਂ ਕਰ ਸਕਦੀ ਜਿਹੜੇ ਹਰੇਕ ਲਹਿਰ ਦੀ ਗਤੀ ਤੋਂ ਪੈਦਾ ਹੁੰਦੇ ਹਨ; ਫਿਰ ਵੀ ਹਰੇਕ ਲਹਿਰ ਦੀ ਵੱਖਰੀ ਧੁਨੀ ਇਸ ਸੰਵੇਦਨਾ ਵਿਚ ਰਹਿੰਦੀ ਹੈ। ਜਿਵੇਂ ਵਿਅਕਤੀਗਤ ਮੋਨਾਡ ਵਿੱਚ ਸਪੱਸ਼ਟਤਾ ਦੀਆਂ ਤਿੰਨ ਮਾਤਰਾਵਾਂ ਹੁੰਦੀਆਂ ਹਨ, ਉਸੇ ਤਰ੍ਹਾਂ ਆਪਣੇ ਪ੍ਰਤੱਖਣਾਂ ਦੀ ਸਪੱਸ਼ਟਤਾ ਕਰਕੇ ਹੀ ਇਨ੍ਹਾਂ ਮੋਨੈਡਾਂ ਵਿਚ ਫ਼ਰਕ ਹੋ ਸਕਦਾ ਹੈ; ਜਿਵੇਂ ਨੀਂਦਰ ਵਿੱਚ ਹੁੰਦਾ ਹੈ, ਇਸ ਤਰ੍ਹਾਂ ਦੇ ਜੀਵਨ ਦੀ ਅਵਿਅਕਤ ਅਵਸਥਾ ਪੌਦਿਆਂ ਵਿੱਚ ਵੇਖੀ ਜਾ ਸਕਦੀ ਹੈ। ਜਾਨਵਰਾਂ ਦੇ ਪ੍ਰਤੱਖਣ ਵਿਚ ਯਾਦਾਸ਼ਤ ਜਾਂ ਚੇਤਨਾ ਵਰਤਦੀ ਹੈ; ਪਰ ਮਨੁੱਖ ਵਿੱਚ ਇਹ ਚੇਤਨਾ ਜ਼ਿਆਦਾ ਸਪੱਸ਼ਟ ਹੁੰਦੀ ਹੈ ਅਤੇ ਇੱਥੇ ਇਸ ਨੂੰ ਅਧਿਪ੍ਰਤੱਖਣ (appreception) ਜਾਂ ਆਤਮ ਚੇਤਨਾ (self consciousness) ਕਿਹਾ ਜਾਂਦਾ ਹੈ।

ਇਹ ਮੂਲ-ਸੱਤ ਕੇਵਲ ਮੋਨੈਡਾ ਦਾ ਸੰਗ੍ਰਹਿ-ਮਾਤਰ ਨਹੀਂ ਹੈ, ਬਲਕਿ ਇਹ ਉਨ੍ਹਾਂ ਦੀ ਇਕ ਦਰਜੇਵਾਰ ਤਰਤੀਬ (hierarehy) ਹੈ, ਜਿਸ ਵਿੱਚ ਸਾਰੇ ਮੋਨੈਡ ਕ੍ਰਮਰੂਪ ਵਿੱਚ ਸਥਿਤ ਹਨ। ਸਪੱਸ਼ਟਤਾ ਦਾ ਕ੍ਰਮਿਕ ਤੇ ਵਿਕਾਸਾਤਮਕ ਪੈਮਾਨ ਹੁੰਦਾ ਹੈ, ਇਸ ਪੈਮਾਨੇ ਦੇ ਅਨੁਸਾਰ ਕੋਈ ਵੀ ਦੋ ਮੋਨੇਡ ਬਿਲਕੁਲ ਇਕੋ ਜਿਹੇ ਨਹੀਂ ਹੁੰਦੇ। ਉਸ ਦੀ ਤੱਤ-

ਮੀਮਾਂਸਾ ਦਾ ਇਕ ਹੋਰ ਬੁਨਿਆਦੀ ਸਿਧਾਂਤ ਹੈ ਜਿਸ ਨੂੰ ਨਿਰੰਤਰਤਾ ਦਾ ਸਿਧਾਂਤ ਕਿਹਾ ਜਾਂਦਾ ਹੈ। ਇਸ ਸਿਧਾਂਤ ਦਾ ਭਾਵ ਇਹ ਹੈ ਕਿ ਹੇਠਾਂ ਤੋਂ ਲੈ ਕੇ ਉਪਰ ਤੱਕ ਸਾਰਾ ਸਿਲਸਿਲਾ ਅਟੁੱਟ ਹੈ ਤੇ ਉਸ ਵਿਚ ਕੋਈ ਦਰਾਰ ਨਹੀਂ ਹੈ।

ਮੋਨੈਡਾਂ ਦੀ ਇਹ ਦਰਜੇਵਾਰ ਤਰਤੀਬ ਅਨੰਤ ਹੈ ਅਤੇ ਨਿਰੰਤਰ ਜਾਂ ਅਟੁੱਟ ਹੈ; ਇਸ ਲਈ ਸਾਰੇ ਵਿਸ਼ਵ ਵਿਚ ਅਜਿਹੀ ਕੋਈ ਚੀਜ਼ ਨਹੀਂ ਜਿਸ ਨੂੰ ਖੁਲ੍ਹਾ ਕਿਹਾ ਜਾਂਦਾ ਹੈ, ਕਿਉਂਕਿ ਇਸ ਵਿਸ਼ਵ ਵਿੱਚ ਸੰਭਵ ਗਰੇਡ ਦਾ ਜੋ ਭੇਦ ਹੈ ਉਹ ਕਿਸੇ ਨਾ ਕਿਸੇ ਮੋਨੈਡ ਨਾਲ ਭਰਿਆ ਹੋਇਆ ਹੈ; ਇਸ ਲਈ ਇੱਥੇ ਕਿਸੇ ਪ੍ਰਕਾਰ ਦੇ ਖੁਲ੍ਹ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਮੋਨੈਡ ਦੇ ਸਰੂਪ ਵਿਚ ਕਦੇ ਕਿਸੇ ਤੱਤ ਦੀ ਕਮੀ ਨਹੀਂ ਹੁੰਦੀ, ਤੇ ਉਸ ਦੀਆਂ ਸਾਰੀਆਂ ਅਵਸਥਾਵਾਂ ਵਿੱਚ ਸਭ ਕੁਝ ਸੁਰੱਖਿਅਤ ਰਹਿੰਦੇ ਹਨ ਇਸ ਦੇ ਨਾਲ ਹੀ ਉਸਦੀਆਂ ਭਵਿੱਖ ਦੀਆਂ ਅਵਸਥਾਵਾਂ ਵਿੱਚ ਪਹਿਲੀਆਂ ਅਵਸਥਾਵਾਂ ਵਿੱਚ ਪੂਰਵ-ਨਿਰਧਾਰਿਤ ਹੁੰਦੀਆਂ ਹਨ। ਇਸ ਤਰ੍ਹਾਂ ਹਰੇਕ ਮੋਨੈਡ ਆਪਣੇ ''ਭੂਤ ਦੇ ਨਾਲ ਨਾਲ ਭਰਪੂਰ ਹੁੰਦਾ ਹੈ ਤੇ ''ਭਵਿੱਖ ਦੇ ਨਾਲ ਫੁੱਲਦਾ ਹੈ। ਲਾਈਬਨਿਜ਼ ਸਦੀਵੀ (organic) ਤੇ ਨਿਰਜੀਵੀ (unorganic) ਸਰੀਰਾਂ ਦੇ ਭੇਦ ਦੀ ਹੇਠ ਲਿਖੇ ਢੰਗ ਨਾਲ ਵਿਆਖਿਆ ਕਰਨਾ ਚਾਹੁੰਦਾ ਹੈ: ਇਹ ਦੋਨੋਂ ਪ੍ਰਕਾਰ ਦੇ ਸਰੀਰ ਮੋਨੈਡ ਤੋਂ ਬਣੇ ਹੋਏ ਹਨ ਜਾਂ ਇਹ ਸ਼ਕਤੀ ਦੇ ਕੇਂਦਰ ਹਨ, ਪਰ ਜੀਵੀ ਸਰੀਰ ਪ੍ਰਧਾਨ ਮੋਨੈਡਾਂ ਨੂੰ ਧਾਰਣ ਕਰਦਾ ਹੈ; ਅਤੇ ਉਸ ਨੂੰ ''ਮਲਕਾ ਮੋਨੈਡ'' (Queen Monads) ਜਾਂ ਆਤਮਾ ਕਿਹਾ ਜਾਂਦਾ ਹੈ, ਉਸ ਦੇ ਸਾਹਮਣੇ ਸਾਰੇ ਸਰੀਰ ਦੀ ਤਸਵੀਰ ਰਹਿੰਦੀ ਹੈ ਤੇ ਜਿਹੜੇ ਮੋਨੈਡਜ਼ ਉਸ ਦੇ ਚਾਰੇ ਪਾਸੇ ਰਹਿੰਦੇ ਹਨ। ਉਨ੍ਹਾਂ ਦਾ ਇਹ ਮਾਰਗ-ਦਰਸ਼ਨ ਹੁੰਦਾ ਹੈ। ਨਿਰਜੀਵੀ ਸਰੀਰ ਇਸ ਤਰ੍ਹਾਂ ਕੇਂਦਰਿਤ ਨਹੀਂ ਹੁੰਦੇ, ਪਰ ਉਹ ਮੋਨੈਡਜ਼ ਦੇ ਸੰਕਲਿਤ ਰੂਪ ਵਿਚ ਰਹਿੰਦੇ ਹਨ। ਇਹ ਸਰੀਰ ਜਿੰਨੇ ਉੱਚੇ ਦਰਜੇ ਦੇ ਹੁੰਦੇ ਹਨ, ਉਨੇ ਹੀ ਜ਼ਿਆਦਾ ਸੰਗਠਿਤ ਹੁੰਦੇ ਹਨ। ਇਸ ਤਰ੍ਹਾਂ ਉੱਚੇ ਦਰਜੇ ਦੇ ਸਰੀਰ ਮੋਨੈਡਾਂ ਦੇ ਚੰਗੇ ਕ੍ਰਮ ਵਿੱਚ ਪ੍ਰਣਾਲੀ-ਬੱਧ ਹੁੰਦੇ ਹਨ।

## ਚਿੰਤਾਣੂਵਾਦ ਦੀਆਂ ਵਿਸ਼ੇਸ਼ਤਾਈਆਂ :

1. ਸੰਸਾਰ ਦੀ ਅੰਤਿਮ ਸਚਾਈ ਚਿੰਤਾਣੂ ਹਨ ਕਿਉਂਕਿ ਇਨ੍ਹਾਂ ਤੋਂ ਪਰ੍ਹੇ ਹੋਰ ਕੋਈ ਦ੍ਰਵ ਨਹੀਂ ਜੋ ਸੰਸਾਰ ਨੂੰ ਚਲਾਉਂਦਾ ਹੈ, ਕੇਵਲ ਚਿੰਤਾਣੂ ਹੀ ਇਸ ਸੰਸਾਰ ਦੀ ਪਦਾਇਸ਼ ਤੇ ਗਤੀ ਦਾ ਕਾਰਨ ਹਨ ਅਤੇ ਇਹ ਅਨੇਕ ਹਨ।

2. ਇਨ੍ਹਾਂ ਚਿੰਤਾਣੂਆਂ ਦਾ ਸਰੂਪ ਭੌਤਿਕ ਨਾ ਹੋ ਕੇ ਅਧਿਆਤਮਕ ਜਾਂ ਮਾਨਸਿਕ ਹੁੰਦਾ ਹੈ। ਇਹ ਅਨਿੱਤ ਤੇ ਨਿੱਤ ਹਨ। ਇਹ ਸਵੈ-ਸਥਿਤ ਤੇ ਸਵੈ-ਕ੍ਰਿਆਸ਼ੀਲ ਹਨ। ਹਰੇਕ ਚਿੰਤਾਣੂ ਆਪਣੀ ਹੋਂਦ ਲਈ ਖੁਦ ਕਾਰਨ ਹੁੰਦਾ ਹੈ ਅਤੇ ਆਪਣੇ ਵਿਕਾਸ ਲਈ ਵੀ ਉਹ ਖੁਦ ਜ਼ਿੰਮੇਵਾਰ ਹੁੰਦਾ ਹੈ।

3. ਹਰੇਕ ਚਿੰਤਾਣੂ ਵਿੱਚ ਵਿਸਤ੍ਰਿਤਤਾ ਪਹਿਲਾਂ ਤੋਂ ਹੀ ਨਿਰਧਾਰਿਤ ਹੈ।

4. ਹਰੇਕ ਚਿੰਤਾਣੂ ਆਪਣੇ ਆਪ ਵਿੱਚ ਵਿਸ਼ੇਸ਼, ਅਨੋਖਾ, ਵਿਅਕਤੀਗਤ ਤੇ ਸੰਪੂਰਨ ਹੁੰਦਾ ਹੈ ਇਸ ਕਾਰਨ ਇਕ ਚਿੰਤਾਣੂ ਦੂਜੇ ਤੋਂ ਭਿੰਨ ਹੁੰਦਾ ਹੈ।

5. ਹਰੇਕ ਚਿੰਤਾਣੂ ਸੁਰਾਖ-ਰਹਿਤ ਹੁੰਦਾ ਹੈ, ਉਹ ਬੰਦ ਕਮਰੇ ਜਾਂ ਗੇਂਦ ਵਾਂਗ ਹੁੰਦਾ ਹੈ ਤੇ ਉਸ ਨਾਲ ਸਾਰੇ ਗੁਣ ਮੌਜੂਦ ਹੁੰਦੇ ਹਨ। ਉਸ ਵਿੱਚ ਨਾ ਤਾਂ ਕੋਈ ਸਮੱਗਰੀ ਪਾਈ ਜਾ ਸਕਦੀ ਹੈ ਤੇ ਨਾ ਕੱਢੀ ਜਾ ਸਕਦੀ ਹੈ ਭਾਵ ਕੋਈ ਚਿੰਤਾਣੂ ਨੂੰ ਪ੍ਰਭਾਵਿਤ ਨਹੀਂ ਕਰ ਸਕਦਾ।

6. ਹਰੇਕ ਚਿੰਤਾਣੂ ਆਪਣੇ ਆਲ ਵਿੱਚ ਵਿਸ਼ੇਸ਼ ਹੋਂਦ ਕਾਰਨ ਇਕ ਇਕਾਈ ਹੈ। ਇਹਨਾਂ ਤੋਂ ਹੋਰ ਵੱਡੀ ਜਾਂ ਛੋਟੀ ਇਕਾਈ ਨਹੀਂ ਹੁੰਦੀ ਜੋ ਸਰੀਰ ਦੀ ਬਣਤਰ ਲਈ ਜ਼ਰੂਰੀ ਹੈ। ਇਹ ਚਿੰਤਾਣੂ ਅ-ਵੰਡਣਯੋਗ ਹਨ। ਜਿਸ ਤਰ੍ਹਾਂ ਅਣੂਵਾਦੀਆਂ ਅਨੁਸਾਰ ਅਣੂ ਸਭ ਤੋਂ ਛੋਟੀ ਇਕਾਈ ਹੁੰਦੀ ਹੈ ਤੇ ਅ-ਵੰਡਣਯੋਗ ਹੁੰਦੀ ਹੈ ਉਸ

ਤਰ੍ਹਾਂ ਚਿੰਤਾਣੂ ਵੀ ਇਕ ਇਕਾਈ ਹੁੰਦੇ ਹਨ ਇਨ੍ਹਾਂ ਨੂੰ ਅੱਗੇ ਵੰਡਣਾ ਅਸੰਭਵ ਹੁੰਦਾ ਹੈ।

7. ਲਾਇਬਨੀਜ਼ ਆਪਣੇ ਸਿਧਾਂਤ ਨੂੰ ਪਦਾਰਥਵਾਦੀ ਹੋਣ ਤੋਂ ਰੋਕਣ ਲਈ ਦਲੀਲ ਦਿੰਦਾ ਹੈ ਕਿ ਚਿੰਤਾਣੂ ਬਾਹਰੀ ਤੌਰ ਤੇ ਪਦਾਰਥ ਹਨ ਪਰ ਅੰਦਰੂਨੀ ਤੌਰ ਤੇ ਅਧਿਆਤਮਕ ਹਨ। ਉਹ ਪਦਾਰਥਾਂ ਦੀ ਬਜਾਇ ਅਧਿਆਤਮਕਤਾ ਨੂੰ ਵਧੇਰੇ ਮਹੱਤਤਾ ਦਿੰਦਾ ਹੈ।

8. ਹਰੇਕ ਚਿੰਤਾਣੂ-ਆਤਮ-ਕੇਂਦਰਤ ਹੈ ਉਸਦਾ ਆਪਣਾ ਵਿਕਾਸ ਤੇ ਉਦੇਸ਼ ਉਸਦੇ ਆਪਣੇ ਆਪ ਨਾਲ ਸੰਬੰਧਿਤ ਹੈ। ਉਸ ਦਾ ਉਦੇਸ਼ ਆਪਣੇ ਆਪ ਨੂੰ ਨਿਖਾਰਨਾ ਤੇ ਵਿਕਸਤ ਕਰਨਾ ਹੁੰਦਾ ਹੈ।

9. ਹਰੇਕ ਚਿੰਤਾਣੂ ਵਿੱਚ ਸਮੇਂ ਦੇ ਅੰਸ਼-ਭੂਤ, ਭਵਿੱਖ, ਵਰਤਮਾਨ ਬੀਜ ਦੇ ਰੂਪ ਵਿੱਚ ਪਾਏ ਜਾਂਦੇ ਹਨ ਜਿਵੇਂ ਜਿਵੇਂ ਉਨ੍ਹਾਂ ਵਿੱਚ ਵਿਕਾਸ ਹੁੰਦਾ ਹੈ ਹਰੇਕ ਚਿੰਤਾਣੂ ਵਿੱਚ ਚੇਤਨਤਾ ਵੱਧਦੀ ਜਾਂਦੀ ਹੈ ਲਾਇਬਨੀਜ਼ ਅਨੁਸਾਰ ਚਿੰਤਾਣਆਂ ਨੂੰ ਪੰਜ ਭਾਗਾਂ ਵਿੱਚ ਵੰਡਿਆ ਜਾਂਦਾ ਹੈ।

   **1.** ਪਦਾਰਥਕ ਚਿੰਤਾਣੂ

   **2.** ਬਨਸਪਤੀ ਚਿੰਤਾਣੂ

   **3.** ਪਸ਼ੂ (ਜੀਵ ਜੰਤੂ) ਚਿੰਤਾਣੂ

   **4.** ਮਨੁੱਖ ਚਿੰਤਾਣੂ

   **5.** ਸੁਪਰ ਚਿੰਤਾਣੂ

ਉਸ ਅਨੁਸਾਰ ਸਾਰੇ ਚਿੰਤਾਣੂ ਮਿਲ ਕੇ ਸੰਸਾਰ ਨੂੰ ਬਣਾਉਂਦੇ ਹਨ ਅਤੇ ਇਹ ਚਿੰਤਾਣੂ ਚੜ੍ਹਦੇ ਕ੍ਰਮ ਵਿੱਚ ਹਨ। ਕੁਦਰਤ ਵਿੱਚ ਕੋਈ ਟੁਟਣਾ ਅੰਗ ਨਹੀਂ, ਕੁਦਰਤ ਲਗਾਤਾਰ ਚਲ ਰਿਹਾ ਪ੍ਰਵਾਹ ਹੈ। ਹੇਠਲੇ ਚਿੰਤਾਣੂ ਉਪਰ ਤਕ ਦੇ ਚਿੰਤਾਣੂ ਵਿੱਚ ਕੋਈ ਰੁਕਾਵਟ ਨਹੀਂ ਪਾਉਂਦੇ। ਇਕ ਜੜ੍ਹ ਪਦਾਰਥ ਤੋਂ ਈਸ਼ਵਰ ਤੱਕ ਕੁਦਰਤ ਲਗਾਤਾਰ ਵਿਕਾਸ ਦਾ ਰੂਪ ਹੈ। ਨਾ ਕੇਵਲ ਮਨ ਅਤੇ ਸਰੀਰ ਬਲਕਿ ਸਾਰੇ ਚਿੰਤਾਣੂ ਇਕਸੁਰਤਾ ਵਿੱਚ ਹਨ ਜਿਸ ਕਾਰਨ ਉਹ ਗਤੀ ਤੇ ਵਿਕਾਸ ਕਰਦੇ ਹਨ। ਇਨ੍ਹਾਂ ਵਿੱਚ ਇਕਸੁਰਤਾ ਈਸ਼ਵਰ ਰਾਹੀ ਪਹਿਲਾਂ ਤੋਂ ਨਿਧਾਰਿਤ ਕੀਤੀ ਜਾਂਦੀ ਹੈ।

### 1.6.6 ਆਲੋਚਨਾ

### 1. ਕੋਈ ਪਹਿਲਾਂ ਨਿਰਧਾਰਿਤ ਇਕਸੁਰਤਾ ਨਹੀਂ :

ਲਾਇਬਨੀਜ਼ ਚਿੰਤਾਣੂ ਵਿੱਚ ਸਬੰਧ ਦਰਸਾਉਣ ਲਈ ਈਸ਼ਵਰ ਰਾਹੀ ਨਿਰਧਾਰਿਤ ਕੀਤੀ ਇਕਸੁਰਤਾ ਦੇ ਨਿਯਮ ਦਾ ਸਹਾਰਾ ਲੈਂਦਾ ਹੈ। ਜੇਕਰ ਇਹ ਸੰਭਵ ਹੈ ਤਾਂ ਦ੍ਰਵ ਇਹ ਵਸਤਾਂ ਜਾਂ ਮੇਨਾਡ ਨਾ ਹੋਏ ਬਲਕਿ ਈਸ਼ਵਰ ਹੀ ਇਨ੍ਹਾਂ ਦਾ ਦ੍ਰਵ ਹੋਇਆ ਕਿਉਂਕਿ ਦ੍ਰਵ ਉਹ ਹੁੰਦਾ ਹੈ ਜੋ ਆਤਮ-ਨਿਰਭਰ ਅਤੇ ਆਤਮ-ਕੁਸ਼ਲ ਹੁੰਦਾ ਹੈ ਲਾਇਬਨੀਜ਼ ਉਨ੍ਹਾਂ ਵਿੱਚ ਗਤੀ ਅਤੇ ਵਿਕਾਸ ਦਾ ਕਾਰਣ ਖਾਸ ਕਰਕੇ ਮਨ-ਸਰੀਰ ਸਬੰਧ ਦਾ ਕਾਰਣ ਈਸ਼ਵਰ ਮੰਨਦਾ ਹੈ। ਇਸ ਤਰ੍ਹਾਂ ਜੇਕਰ ਅਸੀਂ ਮੋਨਾਡ ਨੂੰ ਰਹਿਤ ਮੰਨ ਲਈਏ ਤੇ ਉਨ੍ਹਾਂ ਨੂੰ ਆਤਮ-ਨਿਰਭਰ ਵੀ ਮੰਨ ਲਈਏ ਤਾਂ ਈਸ਼ਵਰ ਰਾਹੀਂ ਉਨ੍ਹਾਂ ਅੰਦਰ ਇਕਸੁਰਤਾ ਦੀ ਕੋਈ ਲੋੜ ਨਹੀਂ ਹੈ। ਜੇਕਰ ਇਹ ਸੱਚ ਹੈ ਤਾਂ ਲਾਇਬਨੀਜ਼ ਦਾ ਅਨੇਕ-ਤੱਤਵਾਦ ਦਾ ਸਿਧਾਤ ਇਕ-ਤੱਤਵਾਦ ਦਾ ਰੂਪ ਧਾਰਣ ਕਰਦਾ ਹੈ ਕਿਉਂਕਿ ਉਹ ਈਸ਼ਵਰ ਨੂੰ ਅੰਤਿਮ ਸੱਤਾ ਸਾਬਿਤ ਕਰ ਰਿਹਾ ਹੈ।

### 2. ਕਾਰਣਤਾ ਹੈ :

ਲਾਇਬਨੀਜ਼ ਦੋ ਚਿੰਤਾਣੂਆਂ ਵਿੱਚ ਗਤੀ ਦਾ ਕੋਈ ਬਾਹਰੀ ਕਾਰਣ ਨਹੀਂ ਮੰਨਦਾ ਬਲਕਿ ਉਨ੍ਹਾਂ ਵਿਚੋਂ ਪਹਿਲਾਂ ਤੋਂ ਨਿਰਧਾਰਿਤ ਇਕਸੁਰਤਾ ਨੂੰ ਹੀ ਇਹ ਕਾਰਣ ਮੰਨਦਾ ਹੈ। ਭਾਵ ਉਹ ਕਾਰਣਤਾ ਨੂੰ ਨਕਾਰਦਾ ਹੈ। ਪਰ ਇਹ ਵਿਚਾਰ

ਉਸਦੇ ਤਰਕ ਸ਼ਾਸਤਰ ਵਿੱਚ ਦਿੱਤੇ ਵਿਚਾਰਾਂ ਦੇ ਚੋਥੇ ਮੁੱਢਲੇ ਨਿਯਮ ਦੇ ਖਿਲਾਫ ਹੈ। ਜਿਸ ਵਿੱਚ ਉਹ ਮੰਨਦਾ ਹੈ, ਹਰ ਇਕ ਘਟਨਾ ਦਾ ਕੋਈ ਕਾਰਣ ਜ਼ਰੂਰ ਹੁੰਦਾ ਹੈ। ਫਿਰ ਉਹ ਮਨ ਅਤੇ ਸਰੀਰ ਵਿਚ ਸੰਬੰਧ ਦੇ ਕਾਰਣ ਨੂੰ ਇਨਕਾਰ ਕਰਕੇ ਇਸਨੂੰ ਰਹੱਸਮਈ ਕਿਉਂ ਬਣਾਉਂਦਾ ਹੈ।

**3. ਨਿਰਧਾਰਤਵਾਦ ਬਨਾਮ ਚਿੰਤਾਣੂ :**

ਲਾਇਬਨੀਜ਼ ਅਨੁਸਾਰ ਮਨ ਅਤੇ ਸਰੀਰ ਵਿੱਚ ਸੰਬੰਧ ਪਹਿਲਾਂ ਤੋਂ ਹੀ ਨਿਰਧਾਰਿਤ ਹੈ ਤੇ ਉਹ ਇਸ ਵਿਚਾਰ ਨੂੰ ਹੋਰ ਵਸਤੂਆਂ ਤੇ ਲਾਗੂ ਕਰਦਾ ਹੈ ਪ੍ਰੰਤੂ ਦੂਜੇ ਪਾਸੇ ਉਹ ਵਸਤੂ ਨੂੰ ਵਿਸ਼ੇਸ਼ ਕਹਿ ਕੇ ਚਿੰਤਾਣੂ ਕਹਿੰਦਾ ਹੈ। ਹੁਣ ਜੇਕਰ ਉਹ ਚਿੰਤਾਣੂ ਨੂੰ ਆਤਮ-ਨਿਰਭਰ ਤੇ ਆਜ਼ਾਦ ਮੰਨਦਾ ਹੈ ਤਾਂ ਉਸਨੂੰ ਆਪਣਾ ਨਿਰਧਾਰਿਤਵਾਦ ਦਾ ਵਿਚਾਰ ਵਾਪਿਸ ਲੈਣਾ ਪਵੇਗਾ ਕਿਉਂਕਿ ਇਹ ਦੋਵੇਂ ਵਿਚਾਰ ਆਤਮ-ਵਿਰੋਧੀ ਹਨ।

**4. ਬਾਹਰੀ ਸਬੰਧ ਅਸੰਭਵ :**

ਜਿਸ ਤਰੀਕੇ ਨਾਲ ਲਾਇਬਨੀਜ਼ ਸਾਬਤ ਕਰਦਾ ਹੈ ਕਿ ਚਿੰਤਾਣੂ ਵਿਚ ਗਤੀ, ਵਿਕਾਸ ਕਾਰਨ ਉਹ ਖੁਦ ਹੁੰਦਾ ਹੈ, ਇਹ ਕੁਝ ਤਰਕ ਸੰਗਤ ਨਹੀਂ ਜਾਪਦਾ। ਉਸ ਅਨੁਸਾਰ ਵਸਤਾਂ ਵਿੱਚ ਜੇਕਰ ਕੋਈ ਸੰਬੰਧ ਹੈ ਤਾਂ ਉਹ ਕੇਵਲ ਬਾਹਰੀ ਮਾਤਰ ਹੀ ਹੈ ਇਨ੍ਹਾਂ ਵਿਚ ਕੋਈ ਅੰਦਰੂਨੀ ਸਬੰਧ ਨਹੀਂ ਪ੍ਰੰਤੂ ਇਹ ਕਿਵੇਂ ਹੋ ਸਕਦਾ ਹੈ ਕਿ ਸੰਬੰਧ ਤਾਂ ਹੋਵੇ ਪਰ ਅੰਦਰੂਨੀ ਨਾ ਹੋਵੇ।

**5. ਅਨੇਕਤਾ ਦ੍ਰਵ ਦੇ ਵਿਚਾਰ ਦੇ ਵਿਰੁਧ ਹੈ ;**

ਸਾਰੇ ਅਨੇਕਤਾਵਾਦੀ ਅਨੇਕਾਂ ਤੇ ਅਣਗਿਣਤ ਦ੍ਰਵਾਂ ਦੀ ਪੈਰਵੀ ਕਰਦੇ ਹਨ। ਜੇਕਰ ਦ੍ਰਵਾਂ ਨੂੰ ਅਨੇਕ ਮੰਨ ਲਈਏ ਤਾਂ ਦ੍ਰਵ ਦਾ ਵਿਚਾਰ ਅਲੋਪ ਹੋ ਜਾਂਦਾ ਹੈ ਅਤੇ ਫਿਰ ਦ੍ਰਵ ਦੇ ਵਿਚਾਰ ਦੇ ਵਿਆਖਿਆ ਦੀ ਕੋਈ ਲੋੜ ਨਹੀਂ ਪੈਂਦੀ। ਜੇ ਹਰ ਇਕ ਵਸਤੂ ਨੂੰ ਹੀ ਦ੍ਰਵ ਮੰਨ ਲਿਆ ਜਾਵੇ ਤਾਂ ਦ੍ਰਵਾਂ ਦੀ ਮਹੱਤਤਾ ਨਹੀਂ ਰਹਿੰਦੀ।

**1.6.7 ਸਿੱਟਾ :**

ਉਪਰੋਕਤ ਆਲੋਚਨਾ ਅਤੇ ਆਤਮ ਵਿਰੋਧਤਾਵਾਂ ਸਪੱਸ਼ਟ ਹੁੰਦਾ ਹੈ ਕਿ ਇਹ ਆਪਣੇ ਆਪ ਵਿਚ ਸੰਪੂਰਨ ਸਿਧਾਂਤ ਨਹੀਂ ਹੈ ਕਿਉਂਕਿ ਇਸਨੂੰ ਇਕ-ਤੱਤਵਾਦ ਦਾ ਸਹਾਰਾ ਲੈਣਾ ਪੈਂਦਾ ਹੈ। ਦਵੈਤਵਾਦ ਵੀ ਇਕ-ਤੱਤਵਾਦ ਦਾ ਸਹਾਰਾ ਲੈਂਦਾ ਹੈ ਤੇ ਅਨੇਕਤੱਤਵਾਦ ਵੀ ਇਕ ਤੱਤ ਤੇ ਆ ਕੇ ਖਤਮ ਹੁੰਦਾ ਹੈ। ਇਸ ਲਈ ਇਨ੍ਹਾਂ ਸਿਧਾਂਤਾਂ ਵਿਚੋਂ ਇਕ-ਤੱਤਵਾਦ ਵਧੇਰੇ ਤਰਕ-ਸੰਗਤ ਹੈ।

**1.6.8 ਛੋਟੇ ਪ੍ਰਸ਼ਨ :**

**1**. ਅਨੇਕ ਤੱਤਵਾਦ

**2.** ਪਦਾਰਥਕ ਅਨੇਕ ਤੱਤਵਾਦ

**3**. ਚਿੰਤਾਣੂਵਾਦ

**4.** ਪਹਿਲਾਂ-ਨਿਰਧਾਰਿਤ ਇਕਸੁਰਤਾ

**ਵੱਡੇ ਪ੍ਰਸ਼ਨ :-**

**1.** ਅਨੇਕ ਤੱਤਵਾਦ ਦੀ ਪਰਿਭਾਸ਼ਾ ਦਿਓ। ਇਸ ਦੀਆਂ ਕਿਸਮਾਂ ਵੀ ਦੱਸੋ।

**2.** ਲਾਇਬਨੀਜ਼ ਦੇ ਅਨੇਕ-ਤੱਤਵਾਦ ਦੀ ਵਿਆਖਿਆ ਕਰੋ।

**3.** ਅਨੇਕ-ਤੱਤਵਾਦ ਨੂੰ ਪਰਿਭਾਸ਼ਿਤ ਕਰੋ। ਇਸ ਸਬੰਧ ਵਿੱਚ ਵੱਖ-ਵੱਖ ਵਿਚਾਰਾਂ ਦੀ ਵਿਸਥਾਰਪੂਰਵਕ ਵਿਆਖਿਆ ਕਰੋ।

**1.6.9** ਫਿਲਾਸਫੀ ਐਨ ਇੰਨਰੋਡਕਸ਼ਨ ਏ. ਜੇ ਬਾਰਮ

ਫੰਡਾਮੈਂਟਲ ਕੁਅਸ਼ਚਨਜ ਇਨ ਫਿਲਾਸਫੀ।

ਪਛੱਮੀ ਦਰਸ਼ਨ ਦਾ ਇਤਿਹਾਸ ਬੀ. ਐਮ ਰਾਏ ਭੱਲਾ ਆਰ ਡੀ. ਨਿਰਾਕਾਰੀ

ਏ ਕ੍ਰਿਟੀਕਲ ਹਿਸਟਰੀ ਆਫ-ਵੈਸਟਰਨ ਫਿਲਾਸਫੀ ਵਾਲੀ ਸਟਸਾਹ

ਤੱਤ ਮੀਮਾਂਸਾ ਅਤੇ ਗਿਆਨ ਮੀਮਾਂਸਾ-ਪ੍ਰੋ. ਜੀ. ਐਮ ਸੰਧੂ

## 1.6.10 ਵਧੇਰੇ ਜਾਣਕਾਰੀ ਲਈ ਪਾਠ ਪੁਸਤਕਾਂ ਦੀ ਸੂਚੀ :

1. LEIBNIZ : Monadology
2. LEIBNIZ : Principles of Nature and of Grace
3. BERTRAND RUSSEL: History of Wisdom Philosophy London : UNWIN PAPER BACKS (1979)

Type Setting :
Department of Distance Education, Punjabi University, Patiala.